# ਵਿਗਿਆਨ ਜੋਤ

***ਸਾਲ 10, ਅੰਕ 1***

**ਜਨਵਰੀ-ਫਰਵਰੀ, 2015**

**PUNPUN/2006/17457**



ਮੁੱਖ ਸੰਪਾਦਕ : ਮੇਘ ਰਾਜ ਮਿੱਤਰ

ਸੰਪਾਦਕ : ਅਜਮੇਰ ਸਿੱਧੂ

ਰਣਜੀਤ ਝਨੇਰ

ਮੁੱਖ ਪ੍ਰਬੰਧਕ : ਅਮਿੱਤ ਮਿੱਤਰ

ਸੰਪਾਦਕੀ ਬੋਰਡ:

* ਸਰਜੀਤ ਤਲਵਾਰ
* ਰਾਜਾ ਰਾਮ ਹੰਢਿਆਇਆ
* ਬਲਜਿੰਦਰ ਕੋਟਭਾਰਾ
* ਡਾ. ਹਰੀਸ਼ ਮਲਹੋਤਰਾ ਬਰਮਿੰਘਮ
* ਅਵਤਾਰ ਨਿਊਜ਼ੀਲੈਂਡ
* ਡਾ. ਵਿਸ਼ਾਲ ਭਾਰਤੀ (ਐਮ.ਡੀ.)
* ਤਲਵਿੰਦਰ ਸੱਭਰਵਾਲ (ਕੈਨੇਡਾ)
* ਹਰਪਿੰਦਰ ਬਰਾੜ (ਕੈਨੇਡਾ)

**ਸਲਾਹਕਾਰੀ ਬੋਰਡ:**

* ਸੁਖਵੀਰ ਰੈਨਾ
* ਡਾ. ਗੁਰਵਿੰਦਰ ਸਿੰਘ ਐਮ. ਡੀ.
* ਡਾ. ਪਵਿੱਤਰ ਅਮਰਗੜ੍ਹ



**ਦਰ ਚੰਦਾ**

| | |
|---|---|
| ਸਲਾਨਾ ਚੰਦਾ | 100/- |
| ਦੋ ਸਾਲਾਂ ਦਾ ਚੰਦਾ | 150/- |
| ਪੰਜ ਸਾਲ ਲਈ | 350/- |
| ਦਸ ਸਾਲ ਲਈ | 700/- |
| ਵਿਦੇਸ਼ਾਂ ਲਈ ਸਲਾਨਾ ਚੰਦਾ | 500/- |
| ਵਿਦੇਸ਼ਾਂ 'ਚ ਪੰਜ ਸਾਲ ਲਈ | 2000/- |

ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :-



ਅਮਿੱਤ ਮਿੱਤਰ

ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ, ਗਲੀ ਨੰਬਰ 8, ਬਰਨਾਲਾ - 148101 (ਪੰਜਾਬ) ਫੋਨ : 01679-241744

Email : tarksheel@gmail.com



**ਨੋਟ : ਸਿੱਖਿਆ ਵਿਭਾਗ ਵੱਲੋਂ 'ਵਿਗਿਆਨ ਜੋਤ' ਸਕੂਲਾਂ ਲਈ ਪ੍ਰਵਾਨਿਤ ਹੈ**

*ਮੈਗਜ਼ੀਨ 'ਵਿਗਿਆਨ ਜੋਤ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਹੁਕਮ ਨੰ: 4/2-2003 ਮਿਤੀ 2-5-2003 ਐਡੀਟਰ ਪੰਜਾਬੀ ਰਾਹੀਂ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨਿਤ ਹੈ।*



ਵਿਸ਼ੇਸ਼ ਨੋਟ : ਕਿਸੇ ਵੀ ਤਰ੍ਹਾਂ ਦਾ ਵਾਦ ਵਿਵਾਦ ਸਿਰਫ਼ ਬਰਨਾਲਾ ਦੀ ਅਦਾਲਤ ਵਿੱਚ ਨਜਿੱਠਿਆ ਜਾਵੇਗਾ।


## ਸੰਪਾਦਕੀ ਰਾਮਪਾਲ ਦੇ ਹਸ਼ਰ ਤੋਂ ਸਬਕ ਸਿੱਖਣ ਦੀ ਲੋੜ

ਤਰਕਸ਼ੀਲ ਸੋਸਾਇਟੀ ਪਿਛਲੇ ਇਕੱਤੀ ਸਾਲ ਤੋਂ ਲੋਕਾਂ ਨੂੰ ਹੋਕਾ ਦੇ ਕੇ ਕਹਿ ਰਹੀ ਹੈ ਕਿ ਸਾਰੇ ਸਾਧ, ਸੰਤ, ਰਿਸ਼ੀ, ਸਵਾਮੀ ਤੇ ਡੇਰਿਆਂ ਦੇ ਮਾਲਕ ਆਮ ਇਨਸਾਨ ਹੀ ਹੁੰਦੇ ਹਨ। ਹਰੇਕ ਮਨੁੱਖ ਦੀ ਤਰ੍ਹਾਂ ਉਨ੍ਹਾਂ ਦੀਆਂ ਵੀ ਲੋੜਾਂ ਹੁੰਦੀਆਂ ਹਨ। ਪੈਸੇ ਤੇ ਸ਼ਰਧਾਲੂਆਂ ਦੀ ਬਹੁਤਾਤ ਉਹਨਾਂ ਨੂੰ ਭੋਗ ਬਿਲਾਸੀ ਬਣਾ ਦਿੰਦੀ ਹੈ। ਆਪਣੇ ਕੁਕਰਮਾਂ ਨੂੰ ਛੁਪਾਉਣ ਲਈ ਉਹਨਾਂ ਦਾ ਮੌਕਾਪ੍ਰਸਤ ਸਰਕਾਰਾਂ ਨੂੰ ਸਹਿਯੋਗ ਦੇਣਾ ਉਨ੍ਹਾਂ ਦੀ ਲੋੜ ਬਣ ਜਾਂਦੀ ਹੈ। ਗੰਦੀ ਸਿਆਸਤ ਵੋਟਾਂ ਲਈ ਇਹਨਾਂ ਦਾ ਇਸਤੇਮਾਲ ਕਰਦੀ ਹੈ। ਪਰ ਜਦੋਂ ਉਹ ਮੌਜੂਦਾ ਤਾਣੇ-ਬਾਣੇ ਲਈ ਲਲਕਾਰ ਬਣ ਜਾਂਦੇ ਹਨ ਤਾਂ ਪੁਲੀਸ, ਫੌਜ, ਕਾਨੂੰਨ ਤੇ ਜੇਲ੍ਹਾਂ ਦਾ ਇਸਤੇਮਾਲ ਸ਼ੁਰੂ ਹੋ ਜਾਂਦਾ ਹੈ। ਆਸ਼ਾ ਰਾਮ ਦਾ ਹਸ਼ਰ ਤੁਸੀਂ ਵੇਖ ਹੀ ਚੁੱਕੇ ਹੋ। ਰਾਮਪਾਲ ਦਾ ਹਸ਼ਰ ਤੁਹਾਡੇ ਸਾਹਮਣੇ ਹੈ। ਸਾਰੇ ਡੇਰੇਦਾਰ ਅਜਿਹੇ ਹੀ ਹਨ। ਲੋੜ ਹੈ ਅਗਾਂਹਵਧੂ ਪਾਰਟੀਆਂ ਤੇ ਲੋਕਾਂ ਨੂੰ ਇਹਨਾਂ ਪ੍ਰਤੀ ਸਪੱਸ਼ਟ ਪਹੁੰਚ ਅਪਣਾਉਣ ਦੀ।

ਬਹੁਤ ਸਾਰੀਆਂ ਜਥੇਬੰਦੀਆਂ ਇਹਨਾਂ ਪ੍ਰਤੀ ਚੁੱਪ ਧਾਰੀ ਬੈਠੀਆਂ ਰਹਿ ਕੇ ਇਹਨਾਂ ਦੇ ਪੱਖ ਵਿੱਚ ਹੀ ਭੁਗਤ ਰਹੀਆਂ ਹਨ। ਉਹ ਇਸ ਖਿਆਲੀ ਦੁਨੀਆਂ ਵਿੱਚ ਰਹਿ ਰਹੇ ਹਨ ਕਿ ਕਿਸੇ ਵੇਲੇ ਇਹ ਸਾਡੇ ਪੱਖ ਵਿੱਚ ਭੁਗਤ ਸਕਦੇ ਹਨ, ਪਰ ਅਜਿਹਾ ਨਾ ਧਰਤੀ 'ਤੇ ਕਦੇ ਹੋਇਆ ਹੈ ਨਾ ਹੀ ਹੋਵੇਗਾ। ਸੰਤ ਰਾਮਪਾਲ ਦੇ ਆਸ਼ਰਮ ਦੀਆਂ ਕੁੱਝ ਝਲਕੀਆਂ ਉਪਰੋਕਤ ਗੱਲਾਂ ਦੀ ਹੀ ਪੁਸ਼ਟੀ ਕਰਦੀਆਂ ਹਨ।

ਧੰਦੇ ਨੂੰ ਸਥਾਪਤ ਕਰਨਾ :- ਸੰਤ ਰਾਮਪਾਲ ਨੇ ਪਹਿਲਾਂ-ਪਹਿਲਾਂ ਲੋਕਾਂ ਦੇ ਘਰਾਂ ਵਿੱਚ ਜਾ ਕੇ ਕਬੀਰ ਦੇ ਭਜਨ ਤੇ ਕੀਰਤਨ ਕਰਨੇ ਸ਼ੁਰੂ ਕੀਤੇ, ਜਦੋਂ ਉਹ ਥੋੜ੍ਹਾ ਜਿਹਾ ਸਥਾਪਤ ਹੋ ਗਿਆ ਤਾਂ ਉਸਨੇ ਆਪਣੀ ਜੇ. ਈ. ਦੀ ਨੌਕਰੀ ਛੱਡ ਕੇ ਡੇਰਾ ਉਸਾਰ ਲਿਆ। ਆਪਣੇ ਪਹਿਲਾ ਬਣਾਏ ਸ਼ਰਧਾਲੂਆਂ ਨੂੰ ਡੇਰੇ ਵਿੱਚ ਹੀ ਬੁਲਾਉਣਾ ਸ਼ੁਰੂ ਕਰ ਦਿੱਤਾ। ਜਦੋਂ ਕੋਈ ਗਰੀਬ ਵਿਅਕਤੀ ਕਿਸੇ ਧਾਰਮਿਕ ਸਥਾਨ 'ਤੇ ਜਾਂਦਾ ਹੈ ਤਾਂ ਉਹ ਇਹ ਧਾਰ ਕੇ ਜਾਂਦਾ ਹੈ ਕਿ ਮੈਂ ਡੇਰੇ ਵਿੱਚੋਂ ਕੁਝ ਖਾਂਦਾ ਹਾਂ ਤਾਂ ਉਸਤੋਂ ਵੱਧ ਉਸ ਡੇਰੇ ਨੂੰ ਦੇਵਾਂ। ਇਸ ਲਈ ਉਹ ਕੰਮ ਦੇ ਰੂਪ ਵਿੱਚ ਜਾਂ ਪੈਸੇ ਦੇ ਰੂਪ ਵਿੱਚ ਕੁਝ ਨਾ ਕੁਝ ਡੇਰੇ ਦੀ ਗੋਲਕ ਵਿੱਚ ਪਾਉਂਦਾ ਹੈ। ਕਿਸੇ ਪ੍ਰਾਪਤੀ ਸਮੇਂ ਉਹ ਹੋਰ ਵੱਡੀ ਰਕਮ ਉਸ ਡੇਰੇ ਨੂੰ ਜਾਂ ਧਾਰਮਿਕ ਸਥਾਨ 'ਤੇ ਚੜ੍ਹਾਉਂਦਾ ਹੈ। ਘਰ ਵਿੱਚ ਲੜਕੇ ਦੀ ਪ੍ਰਾਪਤੀ ਹੋਵੇ ਨੌਕਰੀ ਲੱਗੀ ਹੋਵੇ ਜਾਂ ਵਿਦੇਸ਼ਾਂ ਦਾ ਵੀਜਾ ਮਿਲਿਆ ਹੋਵੇ ਕਿਸੇ ਗਰੀਬ ਦੀ ਮਦਦ ਕਰਨ ਦੀ ਬਜਾਏ ਡੇਰਿਆਂ ਦੀ ਚਾਂਦੀ ਬਣਦੀ ਹੈ। ਇਸ ਤਰ੍ਹਾਂ ਇਹ ਡੇਰੇ ਦਿਨੋਂ ਦਿਨ ਤਰੱਕੀ ਕਰਦੇ ਰਹਿੰਦੇ ਹਨ। ਰਾਮਪਾਲ ਦੀ ਅਥਾਹ ਧਨ ਦੌਲਤ ਇਸੇ ਵਰਤਾਰੇ ਦੀ ਪੈਦਾਵਾਰ ਹੈ। ਇਹ ਡੇਰੇ ਆਪਣੇ ਕਿੱਤੇ ਨੂੰ ਹੋਰ ਸਥਾਪਤ ਕਰਨ ਲਈ ਭੂਤਾਂ ਕਢੱਣੀਆਂ ਕਰਾਮਾਤਾਂ ਦਾ ਜਾਲ ਬੁਣਨਾ, 108 ਜਾਂ 1008 ਹੋਣ ਦਾ ਨਾਟਕ ਕਰਨਾ, ਦੁੱਧ ਨਾਲ ਨਹਾਉਣਾ ਤੇ ਉਸੇ ਦੁੱਧ ਦੀ ਖੀਰ ਬਣਾਉਣਾ ਤੇ ਭਗਤਾਂ ਨੂੰ ਵਰਤਾਉਣਾ, ਕਿਤਾਬਾਂ ਤਿਆਰ ਕਰਨਾ, ਬੈਬਸਾਈਟਾਂ ਅਤੇ ਸੀਡੀਆਂ ਤਿਆਰ ਕਰਵਾਉਣ ਦੇ ਢੰਗ ਤਰੀਕੇ ਅਪਣਾਉਣ ਲੱਗ ਪੈਂਦੇ ਹਨ। ਇਸ ਤਰ੍ਹਾਂ ਪੈਸੇ ਦਾ ਨਿਰੰਤਰ ਵਹਾਅ ਉਹਨਾਂ ਦੇ ਖਜਾਨੇ ਦਾ ਵਿਸਤਾਰ ਕਰਨਾ ਸ਼ੁਰੂ ਕਰ ਦਿੰਦਾ ਹੈ।

ਪੰਜ ਸੱਤ ਹਜ਼ਾਰ ਬੰਦੇ ਦਾ ਖਾਣਾ ਕਹਿਣ ਲਈ ਤਾਂ ਡੇਰਾ ਤਿਆਰ ਕਰਦਾ ਹੈ ਅਸਲ ਵਿੱਚ ਉੱਥੇ ਜਾਣ ਵਾਲੇ ਲੋਕ ਹੀ ਪੈਸੇ ਦੇ ਕੇ ਤਿਆਰ ਕਰਵਾਉਂਦੇ ਹਨ। ਹਰਾਮ ਦੇ ਪੈਸੇ ਦੀ ਬਹੁਤਾਤ ਬੰਦੇ ਵਿੱਚ ਹਰੇਕ ਕਿਸਮ ਦੇ ਐਬ ਵੀ ਲੈ ਕੇ ਆਉਂਦੀ ਹੈ। ਡੇਰੇ ਵਿੱਚੋਂ ਕੰਡੋਮ, ਪ੍ਰੈਗਨੈਂਸੀ ਕਿਟਾ ਮਿਲਣਾ, ਲੇਡੀ ਬਾਥਰੂਮਾਂ ਵਿੱਚ ਸੀ. ਸੀ. ਕੈਮਰੇ ਆਦਿ ਰਾਮਪਾਲ ਦੇ ਭੋਗ ਬਿਲਾਸ ਅਤੇ ਹੋਰ ਐਬਾਂ ਦੀਆਂ ਨਿਸ਼ਾਨੀਆਂ ਹਨ। ਹਰੇਕ ਡੇਰੇ ਵਿੱਚ ਅਜਿਹਾ ਹੁੰਦਾ ਹੀ ਹੈ। ਇਹ ਹੋਣਾ ਲਾਜਮੀ ਵੀ ਹੈ। ਕਿਉਂਕਿ ਖਾਣੇ ਤੋਂ ਬਾਅਦ ਮਨੁੱਖ ਦੀ ਦੂਜੀ ਵੱਡੀ ਲੋੜ ਕਾਮ ਹੈ। ਸਾਡੇ ਲੋਕ ਇਸ ਸੱਚਾਈ ਨੂੰ ਮਨੋ ਵਿਸਾਰ ਦਿੰਦੇ ਹਨ। ਕਾਮ ਇਕੱਲੇ ਮਰਦਾਂ ਦੀ ਹੀ ਲੋੜ ਨਹੀਂ ਹੁੰਦੀ ਸਗੋਂ ਇਸਤਰੀਆਂ ਨੂੰ ਵੀ ਇਸ ਦੀ ਬਰਾਬਰ ਦੀ ਲੋੜ ਹੁੰਦੀ ਹੈ। ਇਸ ਲਈ ਭੁੱਖੀਆਂ ਇਸਤਰੀਆਂ ਤੇ ਮਰਦਾਂ ਲਈ ਇਹ ਡੇਰੇ ਇੱਕ ਪਰਦੇ ਦਾ ਕੰਮ ਵੀ ਸ਼ੁਰੂ ਕਰ ਦਿੰਦੇ ਹਨ। ਡੇਰੇ ਦੇ ਭਗਤ ਹੋਣ ਦਾ ਗਿਲਾਫ ਪਾ ਕੇ ਵਾਹ-ਵਾਹ ਖੱਟ ਲਈ ਜਾਂਦੀ ਹੈ। ਇਸ ਆੜ ਵਿੱਚ ਕਾਮੁਕ ਭੁੱਖ ਵੀ ਪੂਰੀ ਹੁੰਦੀ ਰਹਿੰਦੀ ਹੈ।

ਡੇਰੇਦਾਰ ਜਦੋਂ ਸੋਚਦਾ ਹੈ ਕਿ ਮੈਂ ਪੈਸੇ ਤੇ ਭੋਗ ਵਿਲਾਸ ਤੋਂ ਰੱਜ ਚੁੱਕਿਆ ਹਾਂ ਤਾਂ ਉਹ ਇਸ ਭਰਮ ਦਾ ਸ਼ਿਕਾਰ ਬਣ ਜਾਂਦਾ ਹੈ ਕਿ ਹੁਣ ਮੈਂ ਆਪਣੀ ਫੌਜ ਖੜੀ ਕਰਾਂ ਤੇ ਆਪਣੇ ਸਾਮਰਾਜ ਦਾ ਵਿਸਤਾਰ ਕਰਾ। ਆਲੇ-ਦੁਆਲੇ ਦੇ ਕੁਝ ਡੇਰਿਆਂ ਦੀ ਈਰਖਾ ਵੀ ਉਹਨਾਂ ਨੂੰ ਇਸ ਪਾਸੇ ਨੂੰ ਲੈ ਤੁਰਦੀ ਹੈ। ਫਿਰ ਡੇਰੇ ਨੂੰ ਕਿਲੇ ਦਾ ਰੂਪ ਦੇਣਾ ਸ਼ੁਰੂ ਕਰ ਦਿੰਦੇ ਹਨ। ਆਪਣੇ ਬਚਾਓ ਲਈ ਤੇ ਵਿਸਥਾਰ ਲਈ ਫੌਜ ਖੜ੍ਹੀ ਕਰਨਾ ਉਹਨਾਂ ਦੀ ਜ਼ਰੂਰਤ ਬਣ ਜਾਂਦੀ ਹੈ।

ਸਿਆਸੀ ਗਿਰਝਾਂ, ਬਗਲਿਆਂ ਦਾ ਰੂਪ ਧਾਰ ਕੇ ਵੋਟਾਂ ਦੀ ਪ੍ਰਾਪਤੀ ਲਈ ਇਹਨਾਂ ਡੇਰਿਆਂ ਦੀ ਚੌਂਕੀ ਭਰਨਾ ਸ਼ੁਰੂ ਕਰ ਦਿੰਦੀਆਂ ਹਨ, ਬੀ. ਜੇ. ਪੀ. ਦੇ ਸਥਾਨਕ ਤਿੰਨੇ ਐਮ. ਐਲ. ਏ. ਡੇਰੇ ਦੀ ਅਪੀਲ 'ਤੇ ਹੀ ਅਸੈਂਬਲੀ ਵਿੱਚ ਪਹੁੰਚੇ ਹਨ। ਪਰ ਜਦੋਂ ਡੇਰੇ ਨੇ ਮੌਜੂਦਾ ਢਾਂਚੇ ਨੂੰ ਅੱਖਾਂ ਵਿਖਾਉਣੀਆਂ ਤੇ ਲਲਕਾਰਨਾ ਸ਼ੁਰੂ ਕਰ ਦਿੱਤਾ ਤਾਂ ਇਸਨੂੰ ਕੁਚਲਣਾ ਉਹਨਾਂ ਦੀ ਮਜ਼ਬੂਰੀ ਬਣ ਜਾਂਦਾ ਹੈ।

ਇਹ ਇਤਿਹਾਸ ਇਕੱਲਾ ਰਾਮਪਾਲ ਦਾ ਨਹੀਂ ਹੈ। ਨਿਰਮਲ ਬਾਬਾ, ਸਿਰਸਾ ਵਾਲਾ ਬਾਬਾ, ਦੇ ਹੋਰ ਬਹੁਤ ਸਾਰਿਆਂ ਦਾ ਸਰਕਾਰੀ ਸ਼ਹਿ 'ਤੇ ਇਸੇ ਪਾਸੇ ਤੁਰਨਾ ਜਾਰੀ ਹੈ। ਜਦੋਂ ਕਿਸੇ ਵੀ ਸਿਆਸਤ ਲਈ ਇਹ ਰਾਹ ਦਾ ਕੰਢਾ ਬਣੇ ਤਾਂ ਉਹਨਾਂ ਦਾ ਪਤਨ ਸ਼ੁਰੂ ਹੋ ਜਾਵੇਗਾ।

**-ਮੇਘ ਰਾਜ ਮਿੱਤਰ (ਮੁੱਖ ਸੰਪਾਦਕ) ਮੋ. 98887-87440**

# ਯਾਦਾਂ ਦੇ ਝਰੋਖੇ 'ਚੋਂ...

## 1. ਪੋਪ ਦਾ ਐਲਾਨ

ਪੋਪ ਨੇ ਇਹ ਕਹਿਕੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ ਹੈ ਕਿ ਜੀਵ ਵਿਕਾਸ ਤੇ ਬਿੱਗ ਬੈਂਗ ਥਿਊਰੀ ਬਿਲਕੁੱਲ ਸਹੀ ਹਨ। ਉਸਨੇ ਇਹ ਵੀ ਕਿਹਾ ਕਿ ਪ੍ਰਮਾਤਮਾ ਕੋਈ ਜਾਦੂਗਰ ਨਹੀਂ ਜੋ ਸਾਰੀ ਧਰਤੀ ਦੀਆਂ ਬਨਸਪਤੀਆਂ ਤੇ ਜੀਵ ਪੈਦਾ ਕਰ ਦਿੰਦਾ।

ਉਹਨਾਂ ਦੇ ਇਸ ਐਲਾਨ ਨਾਲ ਵਿਗਿਆਨ ਤੇ ਧਰਮ ਵਿੱਚ ਪਾੜਾ ਘੱਟ ਹੋਇਆ ਹੈ, ਉਹਨਾਂ ਨੇ ਇਹ ਵੀ ਕਿਹਾ ਹੈ ਕਿ ਉਪਰੋਕਤ ਦੋਵੇ ਥਿਊਰੀਆਂ ਦਾ ਪ੍ਰਮਾਤਮਾ ਨਾਲ ਕੋਈ ਮੁਕਾਬਲਾ ਨਹੀਂ। ਉਸ ਦਾ ਇਹ ਵੀ ਕਹਿਣਾ ਸੀ ਕਿ ਉਸਨੇ ਮਨੁੱਖਾਂ ਨੂੰ ਪੈਦਾ ਕੀਤਾ ਤੇ ਆਪਣੇ ਅੰਦਰੂਨੀ ਨਿਯਮਾਂ ਅਨੁਸਾਰ ਇਹ ਸਾਰਾ ਬ੍ਰਹਿਮੰਡ ਚੱਲ ਰਿਹਾ ਹੈ। ਪੋਪ ਫਰੇਕਲਿਨ ਦਾ ਇਹ ਐਲਾਨ ਦਰਸਾਉਂਦਾ ਹੈ ਕਿ ਪੋਪ ਵੀ ਦੋਚਿਤੀ ਵਿੱਚ ਫਸ ਗਿਆ ਹੈ। ਉਸਨੂੰ ਆਪਣੇ ਰੱਬ ਉੱਪਰ ਹੀ ਭਰੋਸਾ ਨਹੀਂ ਰਿਹਾ। ਹੋ ਸਕਦਾ ਹੈ ਉਹ ਪੋਪ ਦੇ ਆਹੁਦੇ ਤੋਂ ਪਾਸੇ ਹੋ ਜਾਵੇ ਅਤੇ ਆਪਣੀ ਜ਼ਿੰਦਗੀ ਵਿੱਚ ਸੈਟਲ ਹੋਣ ਲਈ ਅਹਿਮ ਫੈਸਲੇ ਲਵੇ।

## 2. ਆਸੂਤੋਸ਼ ਬਾਰੇ ਹਾਈਕੋਰਟ ਦਾ ਫੈਸਲਾ



ਪੰਜਾਬ ਤੋਂ ਹਰਿਆਣਾ ਹਾਈਕੋਰਟ ਨੇ ਇਹ ਫੈਸਲਾ ਕੀਤਾ ਹੈ ਕਿ ਆਸ਼ੂਤੋਸ਼ ਦਾ ਸਸਕਾਰ ਪੰਦਰਾਂ ਦਸੰਬਰ ਤੱਕ ਕਰ ਦਿੱਤਾ ਜਾਵੇ। ਨੂਰ ਮਹਿਲਿਏ ਦੇ ਚੇਲੇ ਇਹ ਬੋਲ ਕੇ ਗੁੰਮਰਾਹ ਕਰਦੇ ਰਹੇ ਹਨ ਕਿ "ਮਾਹਰਾਜ ਜੀ ਤਾਂ ਸਮਾਧੀ ਵਿੱਚ ਹਨ। ਜਦੋਂ ਚਾਹੁੰਣਗੇ ਸਮਾਧੀ ਤੋਂ ਬਾਹਰ ਆ ਜਾਣਗੇ।" ਕੀ ਇਹ ਆਪਣੇ ਸ਼ਰਧਾਲੂਆਂ ਦੀਆਂ ਅੱਖਾਂ ਵਿੱਚ ਘੱਟਾ ਪਾਉਣਾ ਨਹੀਂ? ਪਰ ਜਿਹੜੇ ਵਿਅਕਤੀ ਆਪਣੀ ਬੁੱਧੀ ਨੂੰ ਕਿਸੇ ਹੋਰ ਕੋਲ ਗਹਿਣੇ ਰੱਖ ਦਿੰਦੇ ਹਨ ਉਹਨਾਂ ਨੂੰ ਅਸਲੀਅਤ ਤਾਂ ਨਜ਼ਰ ਆਉਂਦੀ ਹੀ ਨਹੀਂ। ਹੁਣ ਸ਼ਰਧਾਲੂਆਂ ਨੇ ਮੌਕਾਪ੍ਰਸਤ ਸਿਆਸਤਦਾਨਾਂ ਦਾ ਸਹਾਰਾਂ ਲੈ ਕੇ ਕੋਰਟਾਂ 'ਤੇ ਦਬਾਉ ਪਾਕੇ ਫੈਸਲਿਆਂ ਨੂੰ ਉਲਟਾਉਣ ਦਾ ਯਤਨ ਕਰਨਾ ਹੀ ਹੈ। ਡੇਰਿਆਂ ਦਾ ਆਪਣਾ ਕਾਨੂੰਨ ਵਿਧੀ ਤੇ ਵਿਧਾਨ ਹੁੰਦਾ ਹੈ। ਉਹ ਸਰਕਾਰਾਂ ਤੇ ਅਧਿਕਾਰੀਆਂ ਦੇ ਹੁਕਮਾਂ ਅਨੁਸਾਰ ਨਹੀਂ ਚੱਲਦੇ। ਲੋਕ ਵੀ ਇਹਨਾਂ ਦੇ ਸ਼ਰਧਾਲੂ ਇਸ ਲਈ ਹੀ ਬਣਦੇ ਹਨ ਕਿ ਇਹਨਾਂ ਡੇਰਿਆਂ ਵਿੱਚ ਸਰਕਾਰੀ ਤੇ ਪ੍ਰੀਵਾਰਕ ਡਿਸਪਲਿਨ ਤੋਂ ਆਜ਼ਾਦ ਹੁੰਦੇ ਹਨ ਤੇ ਥੋੜ੍ਹੀ ਬਹੁਤ ਜਮਹੂਰੀਅਤ ਵੀ ਉਹਨਾਂ ਨੂੰ ਉੱਥੇ ਮਿਲਦੀ ਹੈ। ਇਸ ਲਈ ਘਰਾਂ ਵਿੱਚ ਦੂਹਰੀ ਗੁਲਾਮੀ ਇੱਕ ਮਰਦ ਦੀ ਤੇ ਦੂਜੀ ਸਮਾਜ ਦੀ ਝੱਲ ਰਹੀਆਂ ਜ਼ਿਆਦਾ ਇਸਤਰੀਆਂ ਅਜਿਹੇ ਡੇਰਿਆਂ ਦੀਆਂ ਸ਼ਰਧਾਲੂ ਬਣਦੀਆਂ ਹਨ। ਆਖਰਕਾਰ ਇਹ ਡੇਰੇ ਕਿਸੇ ਸਟੇਜ ਤੇ ਜਾ ਕੇ ਨਵੇਂ ਧਰਮਾਂ ਵਿੱਚ ਬਦਲ ਜਾਂਦੇ ਹਨ। ਦੁਨੀਆਂ ਉੱਪਰ ਹਜ਼ਾਰਾਂ ਧਰਮ ਅਜਿਹੇ ਹਨ ਜਿਹੜੇ ਆਪਣੇ-ਆਪਣੇ ਰੱਬਾਂ ਅਤੇ ਦੇਵਤਿਆਂ ਸਮੇਤ ਧਰਤੀ ਤੋਂ ਸਦਾ ਲਈ ਅਲੋਪ ਹੋ ਗਏ ਹਨ। ਕੁਝ ਅਜਿਹੇ ਵੀ ਹਨ ਜਿਹੜੇ ਧਰਮਾਂ ਵਿੱਚ ਤਬਦੀਲ ਹੋ ਗਏ ਕੁਝ ਨਵੇਂ ਉਸਰ ਰਹੇ ਹਨ। ਆਸ਼ੂਤੋਸ਼, ਰਾਮਪਾਲ, ਸਿਰਸੇ ਵਾਲੇ ਆਦਿ ਜੇ ਹੁਣ ਰੋਕੇ ਨਾ ਗਏ ਤਾਂ ਕਿਸੇ ਦਿਨ ਇਹ ਨਵੇਂ ਧਰਮ ਹੋਣਗੇ।

## 3. ਮੇਰੇ ਭਾਬੀ ਜੀ ਦਾ ਅੰਤਿਮ ਵਿਛੋੜਾ

ਮੈਂ ਆਪਣੀ ਜ਼ਿੰਦਗੀ ਦੇ ਤੇਰ੍ਹਵੇ ਵਰ੍ਹੇਂ ਵਿੱਚ ਕਦਮ ਰੱਖਿਆ ਹੀ ਸੀ ਕਿ ਮੇਰੀ ਭਾਬੀ ਪੁਸ਼ਪਾ ਜੀ ਸਾਡੇ ਪ੍ਰੀਵਾਰ ਵਿੱਚ ਆਈ। ਲਗਭੱਗ ਜ਼ਿੰਦਗੀ ਦੇ ਪੰਦਰਾਂ ਵਰ੍ਹੇ ਮੈਂ ਉਨ੍ਹਾਂ ਦੇ ਹੱਥ ਦੀਆਂ ਰੋਟੀਆਂ ਅਤੇ ਉਹਨਾਂ ਦੁਆਰਾ ਧੋਤੇ ਹੋਏ ਕੱਪੜੇ ਪਹਿਨਦਾ ਰਿਹਾ ਹਾਂ। ਅਜਿਹੀ ਸ਼ਖਸ਼ੀਅਤ ਦਾ ਵਿੱਛੜ ਜਾਣਾ ਮਨ ਨੂੰ ਡੂੰਘਾ ਸਦਮਾ ਤਾਂ ਦਿੰਦਾ ਹੀ ਹੈ ਪਰ ਕਿਉਂਕਿ ਜ਼ਿੰਦਗੀ ਨੇ ਅਜਿਹੀਆਂ ਗੰਭੀਰ ਹਾਲਤਾਂ ਵਿੱਚ ਵੀ ਮੁਸਕਰਾਉਣਾ ਹੀ ਸਿੱਖਿਆ ਹੈ ਇਸ ਲਈ ਜ਼ਿੰਦਗੀ ਨੂੰ ਜੱਦੋ ਜਹਿਦ ਭਰੀ ਤੇ ਆਨੰਦਮਈ ਕਿਹਾ ਜਾਂਦਾ ਹੈ।



ਮੇਘ ਰਾਜ ਮਿੱਤਰ
ਫੋਨ ਨੰ: 98887-87440

ਮੇਰੀ ਭਰਜਾਈ ਭਾਵੇਂ ਅਨਪੜ੍ਹ ਸੀ ਪਰ ਇਸਨੇ ਪੂਰੀ ਜ਼ਿੰਦਗੀ ਕਿਸੇ ਰੱਬ ਜਾਂ ਧਰਮ ਦੀ ਪੂਜਾ ਨਹੀਂ ਕੀਤੀ ਅਤੇ ਨਾ ਹੀ ਘਰ ਵਿੱਚ ਆਂਡਾ ਜਾਂ ਮੀਟ ਦਾਖਲ ਹੋਣ ਦਿੱਤਾ। ਮੇਰੀ ਇਸ ਗੱਲੋਂ ਆਪਣੀ ਭਰਜਾਈ ਨਾਲ ਲੜਾਈ ਵੀ ਹੋ ਜਾਂਦੀ ਪਰ ਆਂਡੇ ਮੀਟ ਵਾਲੇ ਮੇਰੇ ਬਰਤਨ ਘਰੋਂ ਬਾਹਰ ਹੀ ਹੁੰਦੇ। ਉਸਦੀ ਮੌਤ ਤੋਂ ਬਾਅਦ ਜਦੋਂ ਉਸਦੇ ਫੁੱਲ ਹਰਦੁਆਰ ਜਾ ਕੇ ਪਾਉਣ ਦੀਆਂ ਤਿਆਰੀਆਂ ਚੱਲ ਰਹੀਆਂ ਸਨ ਤਾਂ ਇੱਕ ਰੱਬ ਦਾ ਭਗਤ ਆ ਕੇ ਕਹਿਣ ਲੱਗਿਆ ਕਿ ਇੱਕ ਟਿਕਟ ਵਾਧੂ ਲੈ ਕੇ ਗੱਡੀ ਵਿੱਚ ਬੈਠਿਓ ਮੈਂ ਗੱਲ ਨੂੰ ਹਾਸੇ ਵਿੱਚ ਪਾਉਣ ਲਈ ਇਹ ਕਹਿ ਦਿੱਤਾ ਕਿ "ਜਦੋਂ ਫੁੱਲ ਪਾਉਣ ਲਈ ਜਾਣ ਵਾਲੇ ਸਾਰੇ ਮੈਂਬਰਾਂ ਨੇ ਆਪਣੇ ਲਈ ਏ. ਸੀ. ਡੱਬੇ ਵਿੱਚ ਸੀਟਾਂ ਬੁੱਕ ਕਰਵਾਈਆਂ ਹਨ ਤਾਂ ਕੀ ਉਸ ਵਿਚਾਰੀ ਨੂੰ ਨਾਨ ਏ. ਸੀ. ਵਿੱਚ ਲੈ ਕੇ ਜਾਓਗੇ?" ਬੱਸ ਉਹਨਾਂ ਨੇ ਇੱਕ ਸੀਟ ਹੋਰ ਏ. ਸੀ. ਵਿੱਚ ਬੁੱਕ ਕਰਵਾ ਦਿੱਤੀ। ਜੋ ਕਿ ਖਾਲੀ ਹੀ ਗਈ।



2002 ਵਿੱਚ ਉਹਨਾਂ ਨੂੰ ਕਿਡਨੀ ਦਾ ਕੈਂਸਰ ਹੋ ਗਿਆ ਸੀ ਤੇ ਡਾਕਟਰਾਂ ਨੇ ਉਪਰੇਸ਼ਨ ਕਰਕੇ ਉਹਨਾਂ ਦੀ ਇੱਕ ਕਿਡਨੀ ਕੱਢ ਦਿੱਤੀ ਸੀ ਤੇ ਨਾਲ ਹੀ ਇਹ ਕਿਹਾ ਸੀ ਕਿ ਉਹਨਾਂ ਦੀ ਜ਼ਿੰਦਗੀ 3-4 ਸਾਲ ਤੋਂ ਵੱਧ ਨਹੀਂ ਪਰ ਉਹ ਇਸ ਉਪਰੇਸ਼ਨ ਤੋਂ ਬਾਅਦ ਬਾਰਾਂ ਸਾਲ ਜਿਉਂਦੀ ਰਹੀ। ਉਸਨੇ ਮੇਰੇ ਦੋ ਭਤਿਜਿਆਂ ਰਾਜੇਸ਼ ਤੇ ਪ੍ਰਵੀਨ ਅਤੇ ਭਤੀਜੀ ਮੰਜੂ ਨੂੰ ਜਨਮ ਦਿੱਤਾ। ਮੇਰੇ ਭਤੀਜੇ ਭਤੀਜੀਆਂ ਸਮਾਜ ਨੂੰ ਵਧੀਆ ਬਣਾਉਣ ਵਿੱਚ ਆਪਣੀ ਸਰਗਰਮ ਭੂਮਿਕਾ ਅਦਾ ਕਰਦੇ ਰਹਿੰਦੇ ਹਨ। ਪ੍ਰੀਵਾਰ ਨੇ ਭਾਬੀ ਦੀਆਂ ਅੱਖਾਂ ਦਾਨ ਵਿੱਚ ਦੇ ਕੇ ਸਮਾਜ ਸੇਵਾ ਦੇ ਕਾਰਜ ਵਿੱਚ ਵਧੀਆ ਭੂਮਿਕਾ ਨਭਾਈ ਹੈ।

## 4. ਸਮਿਰਤੀ ਇਰਾਨੀ ਤੇ ਜੋਤਿਸ਼

ਉਹ ਦਿਨ ਦੂਰ ਨਹੀਂ ਜਦੋਂ ਇਤਿਹਾਸ ਦੀਆਂ ਕਿਤਾਬਾਂ ਤੇ ਸਕੂਲੀ ਸਿਲੇਬਸ ਵਿੱਚ ਹਿੰਦੂ ਵੇਦਾਂ ਗਰੰਥਾਂ ਦਾ ਬੋਲ ਬਾਲਾ ਹੋਵੇਗਾ ਕਿਉਂਕਿ ਭਾਰਤ ਦੀ ਸਮੁੱਚੀ ਸਿੱਖਿਆ ਦੀ ਕਮਾਂਡ ਇੱਕ ਅਜਿਹੀ ਇਸਤਰੀ ਦੇ ਹੱਥ ਵਿੱਚ ਹੈ ਜੋ ਇਹਨਾਂ ਪ੍ਰਭਾਵਾਂ ਵਿੱਚੋਂ ਪਲੀ ਪੋਸੀ ਗਈ ਹੈ। ਭਾਰਤ ਦਾ ਸੰਵਿਧਾਨ ਜੋ ਕਿ ਧਰਮ ਨਿਰਪੱਖ ਅਖਵਾਉਂਦਾ ਹੈ ਇਸਦਾ ਵਿੰਗੇ ਜਾਂ ਟੇਢੇ ਢੰਗ ਨਾਲ ਹਿੰਦੂਕਰਨ ਕੀਤਾ ਜਾਵੇਗਾ ਕਿ ਵੱਖ-ਵੱਖ ਸੱਭਿਆਤਾਵਾਂ ਤੇ ਧਰਮਾਂ ਦੇ ਸ਼ਰਧਾਲੂਆਂ ਨਾਲ ਇਹ ਇਨਸਾਫ ਨਹੀਂ ਹੋਵੇਗਾ। ਕੀ ਦੇਸ਼ ਦੀ ਕੌਮੀ ਆਖੰਡਤਾ ਇਸ ਨਾਲ ਅੱਗੇ ਵਧੇਗੀ? ਕੀ ਭਾਰਤ ਖਾਨਾਜੰਗੀ ਵੱਲ ਵਧੇਗਾ? ਇਹਨਾਂ ਸੁਆਲਾਂ ਨਾਲ ਸਾਨੂੰ ਆਉਣ ਵਾਲੇ ਸਮੇਂ ਵਿੱਚ ਨਜਿੱਠਣਾ ਪਵੇਗਾ।

ਸਮਰਿਤੀ ਰਾਣੀ ਦਾ ਇੱਕ ਜੋਤਿਸ਼ੀ ਨੂੰ ਹੱਥ ਵਿਖਾਉਣਾ ਇਹ ਹੀ ਦਰਸ਼ਾਉਂਦਾ ਹੈ ਕਿ ਭਾਰਤ ਦੀ ਰਾਜਧਾਨੀ ਵਿੱਚ ਆਉਣ ਵਾਲੇ ਸਮੇਂ ਜੋਤਿਸ਼ੀਆਂ ਦਾ ਬੋਲ ਬਾਲਾ ਹੋਵੇਗਾ। ਜੋਤਿਸ਼ ਦੀ ਵਿਗਿਆਨਕ ਪਰਖ ਕਰਵਾਉਣ ਲਈ ਬੀ. ਜੇ. ਪੀ. ਸਰਕਾਰ ਕੋਈ ਗੰਭੀਰ ਯਤਨ ਨਹੀਂ ਕਰੇਗੀ। ਮਾਹਰਾਂ ਨੇ ਜੋਤਿਸ਼ ਨੂੰ "ਕੂੜੇ ਦੀ ਰਾਣੀ" ਕਿਹਾ ਹੈ। ਕੀ ਭਾਰਤ ਦੀ ਮੌਜੂਦਾ ਸਰਕਾਰ ਇਸ ਗੰਦ ਵਿੱਚ ਭਾਰਤੀ ਜਨਤਾ ਨੂੰ ਧੱਕੇਗੀ। ਕਾਂਗਰਸ ਸਰਕਾਰ ਦਾ ਭੋਗ ਪੈਣ ਤੋਂ ਬਾਅਦ ਕੇਂਦਰੀ ਚੈਨਲਾਂ

ਤੇ ਜ਼ਿਆਦਾ ਮਾਤਰਾ ਵਿੱਚ ਸਾਧਾਂ, ਸੰਤਾਂ ਤੇ ਜੋਤਿਸ਼ੀਆਂ ਨੂੰ ਵਿਖਾਏ ਜਾਣਾ ਇਸ ਗੱਲ ਦਾ ਸੰਕੇਤ ਹੈ ਕਿ ਭਾਰਤ ਵਿਗਿਆਨਕ ਰਾਹਾਂ 'ਤੇ ਅੱਗੇ ਵੱਧਣ ਦੀ ਥਾਂ 'ਤੇ ਇਤਿਹਾਸ ਦਾ ਪਹੀਆ ਪਿੱਛੇ ਨੂੰ ਮੋੜ ਰਿਹਾ ਹੈ। ਸੋ ਭਾਰਤੀ ਜਨਤਾ ਦੀਆਂ ਮੁਸ਼ਕਲਾਂ ਦਾ ਵੱਧਣਾ ਨਿਰੰਤਰ ਜਾਰੀ ਰਹੇਗਾ। ਸਿਰਫ ਤੇ ਸਿਰਫ ਜੱਥੇਬੰਦਕ ਸੰਘਰਸ਼ ਹੀ ਭਾਰਤੀ ਜਨਤਾ ਪਾਰਟੀ ਦੇ ਇਹਨਾਂ ਕੋਝੇ ਯਤਨਾਂ ਨੂੰ ਕੁਝ ਠੱਲ੍ਹ ਪਾ ਸਕਦੇ ਹਨ।

## 5. ਪੱਥਰ ਤੁੜਵਾਉਣ ਵਾਲੇ ਦੀ ਮੌਤ

ਤਰਕਸ਼ੀਲ ਸੁਸਾਇਟੀ ਦੇ ਪਿਛਲੇ ਇਤਿਹਾਸ ਵੱਲ ਜਦੋਂ ਮੈਂ ਨਿਗਾਹ ਮਾਰਦਾ ਹਾਂ ਤਾਂ ਵੇਖਦਾ ਹਾਂ ਕਿ ਸਾਡੀ ਸੁਸਾਇਟੀ ਦੇ ਵਰਕਰ ਰਾਜ ਕੁਮਾਰ ਮਹਿਤਪੁਰੀ, ਜਾਂ ਗੁਰਨਾਮ ਮਹਿਸਮਪੁਰ ਵੀ ਅਜਿਹੇ ਭੌਤਿਕ ਲੋਕਾਂ ਨੂੰ ਵਿਖਾਉਂਦੇ ਰਹੇ ਹਨ ਪਰ ਇਹਨਾਂ ਸਾਥੀਆਂ ਦਾ ਇਹ ਕਰਤੱਵ ਕਰਨ ਦਾ ਢੰਗ ਵਿਗਿਆਨਕ ਹੁੰਦਾ ਸੀ। ਪਰ ਬੰਨੂੜ ਦੀ ਗਿਆਰਾਂ ਨੰਬਰ ਧਰਮਸ਼ਾਲਾ ਵਿੱਚ ਰਾਕੇਸ਼ ਕੁਮਾਰ ਨਾਂ ਦੇ ਵਿਅਕਤੀ ਦੀ ਪੱਥਰ ਤੁੜਵਾਉਣ ਸਮੇਂ ਮੌਤ ਹੋ ਜਾਣਾ ਇਹ ਦਰਸਾਉਂਦਾ ਹੈ ਕਿ ਉਸ ਵਿਅਕਤੀ ਦਾ ਢੰਗ ਨੁਕਸਦਾਰ ਸੀ। ਅਸਲ ਵਿੱਚ ਅਜਿਹੇ ਕਰਤੱਵ ਲਈ ਪੱਥਰ ਆਟਾ ਚੱਕੀ ਦਾ ਰੱਖਣਾ ਪੈਂਦਾ ਹੈ ਅਤੇ ਉਸਦਾ ਆਕਾਰ ਵੱਡਾ ਹੋਣਾ ਚਾਹੀਦਾ ਹੈ। ਹਥੌੜੇ ਦਾ ਸਾਈਜ ਛੋਟਾ ਹੋਣਾ ਚਾਹੀਦਾ ਹੈ।



ਤੁਸੀਂ ਇੱਕ ਅਜਿਹੇ ਪੱਥਰ ਨੂੰ ਦਰੱਖਤ ਨਾਲ ਲਟਕਾ ਕੇ ਵੇਖੋਗੇ ਕਿ ਜੇ ਪੱਥਰ ਤੇ ਹਥੌੜੇ ਦਾ ਸਾਈਜ ਇੱਕੋ ਜਿਹੇ ਹੋਣਗੇ ਤਾਂ ਜਿਸ ਰਫਤਾਰ ਨਾਲ ਹਥੌੜਾ ਪੱਥਰ ਨਾਲ ਟਕਰਾਏਗਾ, ਪੱਥਰ ਦੀ ਰਫਤਾਰ ਵੀ ਹਥੌੜੇ ਜਿੰਨੀ ਹਵੇਗੀ ਪਰ ਜੇ ਪੱਥਰ ਵੱਧ ਆਕਾਰੀ ਹੋਵੇਗਾ ਤੇ ਹਥੌੜੇ ਦਾ ਆਕਾਰ ਛੋਟਾ ਹੋਵੇਗਾ ਤਾਂ ਪੱਥਰ ਦੀ ਗਤੀ ਘੱਟ ਹੋਵੇਗੀ।

ਇਹ ਸਾਰਾ ਵਰਤਾਰਾ ਭੌਤਿਕ ਵਿਗਿਆਨ ਦੇ ਸੰਵੇਗਾਂ ਦੇ ਗੁਣਨਫਲ ਦੇ ਸਿਧਾਂਤ ਅਨੁਸਾਰ ਹੁੰਦਾ ਹੈ। ਇਸ ਅਨੁਸਾਰ ਹਥੌੜੇ ਦੇ ਪੱਥਰ ਨਾਲ ਟਕਰਾਉਣ ਸਮੇਂ ਹਥੌੜੇ ਦੀ ਰਫਤਾਰ ਤੇ ਹਥੌੜੇ ਦੇ ਵਜਨ ਦਾ ਗੁਣਨਫਲ, ਪੱਥਰ ਦੀ ਰਫਤਾਰ ਤੇ ਪੱਥਰ ਦੇ ਵਜਨ ਦੇ ਗੁਣਨਫਲ ਦੇ ਬਰਾਬਰ ਹੁੰਦਾ ਹੈ।

ਇਸ ਲਈ ਛਾਤੀ 'ਤੇ ਪਏ ਪੱਥਰ ਦੀ ਰਫਤਾਰ ਘੱਟ ਹੋ ਜਾਂਦੀ ਹੈ। ਇਸ ਤਰ੍ਹਾਂ ਛਾਤੀ ਵਿੱਚ ਭਰੀ ਹਵਾ ਹੀ ਉਸ ਰਫਤਾਰ ਨੂੰ ਸਹਾਰ ਲੈਂਦੀ ਹੈ। ਸੋ ਅਜਿਹੇ ਕਰਤੱਵ ਮਾਹਰ ਵਿਅਕਤੀਆਂ ਦੀ ਨਿਗਰਾਨੀ ਵਿੱਚ ਹੀ ਕਰਨੇ ਚਾਹੀਦੇ ਹਨ।

## 6. ਉੱਡਣ ਵਾਲੀਆਂ ਡ੍ਰਾਈਵਰ ਰਹਿਤ ਕਾਰਾਂ

ਪਿਛਲੇ ਦਹਾਕੇ ਵਿੱਚ ਧਰਤੀ ਦੇ ਲੋਕਾਂ ਨੇ ਜੰਗ ਦੇ ਮੈਦਾਨ ਵਿੱਚ ਡਰੋਨਾਂ ਨੂੰ ਤਾਂ ਵੇਖਿਆ ਹੈ ਕਿਵੇਂ ਇਹਨਾਂ ਵਿੱਚ ਕੋਈ ਡ੍ਰਾਈਵਰ ਵੀ ਨਹੀਂ ਹੁੰਦਾ। ਇਹ ਅਸਮਾਨ ਵਿੱਚ ਹੀ ਉੱਡਦੇ ਆਉਂਦੇ ਹਨ ਤੇ ਆਪਣੇ ਨਿਸ਼ਾਨੇ 'ਤੇ ਬੰਬ ਸੁੱਟ ਕੇ ਪਰਤ ਜਾਂਦੇ ਹਨ। ਹੁਣ ਇਹ ਡਰੋਨ ਲੋਕਾਂ ਦੇ ਘਰਾਂ ਵਿੱਚ ਆਰਡਰ ਪਹੁੰਚਾਉਣ ਲਈ ਬਹੁਤ ਸਾਰੇ ਮੁਲਕਾਂ ਵਿੱਚ ਸਫਲਤਾ ਪੂਰਬਕ ਵਰਤੇ ਜਾ ਰਹੇ ਹਨ।

ਹੁਣ ਵਿਗਿਆਨਕਾਂ ਨੇ ਅਜਿਹੀਆਂ ਕਾਰਾਂ ਵੀ ਤਿਆਰ ਕਰ ਲਈਆਂ ਹਨ ਜਿਹਨਾਂ ਵਿੱਚ ਡ੍ਰਾਈਵਰ ਨਹੀਂ ਹੋਵੇਗਾ ਤੇ ਇਹ ਹਵਾ ਵਿੱਚ ਉੱਡਦੀਆਂ ਤੁਹਾਡੇ ਘਰਾਂ ਤੱਕ ਪਹੁੰਚ ਜਾਣਗੀਆਂ। ਅਮਰੀਕਾ ਤੇ ਕਈ ਮੁਲਕਾਂ ਵਿੱਚ ਅਜਿਹਾ ਹੋਣਾ ਸ਼ੁਰੂ ਹੋ ਚੁੱਕਿਆ ਹੈ ਜਨਤਾ ਦੀ ਗੂੜ੍ਹੇ ਪਸ਼ੀਨੇ ਦੀ ਕਮਾਈ ਹੜੱਪ ਕੇ ਇੱਥੋਂ ਦੇ ਸਾਧਾਂ, ਸੰਤਾਂ ਨੇ ਤੇ ਸਿਆਸਤਦਾਨਾਂ ਨੇ ਇਨ੍ਹਾਂ ਵਿਗਿਆਨਕ ਖੋਜਾਂ ਦਾ ਲੁਤਫ ਤਾਂ ਲੈਣਾ ਸ਼ੁਰੂ ਕਰ ਦੇਣਾ ਹੈ ਪਰ ਭੋਲੀ ਜਨਤਾ ਗਰੀਬੀ ਦੀ ਚੱਕੀ ਵਿੱਚ ਹੋਰ ਪੀਸੀ ਜਾਏਗੀ।

## 7. ਭਵਿੱਖ ਦੀ ਸਮੱਸਿਆ ਸੀ. ਸੀ. ਕੈਮਰੇ

ਦੁਨੀਆਂ ਵਿੱਚ ਸੀ. ਸੀ. ਕੈਮਰੇ ਵੱਡੀ ਮਾਤਰਾ ਵਿੱਚ ਤਿਆਰ ਹੋ ਕੇ ਲੱਗ ਰਹੇ ਹਨ ਕਿ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੇ ਇਹ ਕਹਿਣਾ ਸ਼ੁਰੂ ਕਰ ਦੇਣਾ ਹੈ। ਕਿ ਇਹ ਕੈਮਰੇ ਸਾਡੀ ਨਿਜੀ ਜ਼ਿੰਦਗੀ ਦਾ ਸਤਿਆਨਾਸ਼ ਕਰ ਰਹੇ ਹਨ। ਇਹ ਦ੍ਰਿਸ਼ ਹੋਰ ਵੀ ਮਾੜਾ ਹੋ ਜਾਏਗਾ ਜਦੋਂ ਇਹਨਾਂ ਕੈਮਰਿਆਂ ਰਾਹੀਂ ਤੁਹਾਡੀਆਂ ਕੰਧਾਂ ਦੇ ਆਰ ਪਾਰ ਵੀ ਨਜ਼ਰ ਆਏਗਾ। ਇਸ ਲਈ ਅੱਜ ਦੀਆਂ ਇੱਟਾਂ ਦੇ ਬਦਲ ਵੱਜੋਂ ਕੰਧਾਂ ਕਿਸੇ ਹੋਰ ਧਾਤ ਦੀਆਂ ਬਣਾਈਆਂ ਜਾਣੀਆਂ ਸ਼ੁਰੂ ਹੋ ਜਾਣਗੀਆਂ। ਸੋ ਭਵਿੱਖ ਵਿੱਚ ਸੀ. ਸੀ. ਕੈਮਰਿਆਂ ਨੇ ਘਰਾਂ ਵਿੱਚ ਵਰਤੇ ਜਾਂਦੇ ਮਟੀਰੀਅਲ 'ਤੇ ਪ੍ਰਭਾਵ ਵੀ ਜ਼ਰੂਰ ਪਾਉਣਾ ਹੈ।

## 8. ਗਲੋਬਲ ਪੰਜਾਬ ਚੈਨਲ 'ਤੇ ਜਗਤਾਰ ਸਿੱਧੂ ਜੀ ਨਾਲ ਗੱਲਬਾਤ

ਗਲੋਬਲ ਪੰਜਾਬ ਚੈਨਲ 'ਤੇ ਜਗਤਾਰ ਸਿੱਧੂ ਜੀ ਨਾਲ ਮੈਨੂੰ ਲੱਗਭੱਗ ਦਸ ਵਾਰ ਗੱਲਬਾਤ ਕਰਨ ਦਾ ਮੌਕਾ ਮਿਲਿਆ ਹੈ। ਇਸ ਸਬੰਧੀ ਬਹੁਤੀਆਂ ਸੀ. ਡੀ. ਯੂ ਟਿਊਬ ਵੀਡੀਓਜ ਗਲੋਬਲ ਪੰਜਾਬ 'ਤੇ ਵੇਖੀਆਂ ਜਾ ਸਕਦੀਆਂ ਹਨ। ਹਰ ਬਹਿਸ ਵਿੱਚ ਸਾਡੇ ਵਿਸੇ ਅਲੱਗ-ਅਲੱਗ ਹੁੰਦੇ ਹਨ। ਭੂਤਾਂ, ਪ੍ਰੇਤਾਂ, ਆਤਮਾ, ਪ੍ਰਮਾਤਮਾ, ਪੁਨਰ ਜਨਮ, ਜੋਤਿਸ਼, ਵਾਸਤੂ ਸਾਸਤਰ, ਤਰਕਸ਼ੀਲ ਸੁਸਾਇਟੀ ਦੀ ਚੁਣੌਤੀ, ਸਰਗਰਮੀਆਂ ਬਾਰੇ ਮੈਂ ਤਰਕਸ਼ੀਲ ਨਜ਼ਰੀਏ ਤੋਂ ਬੋਲ ਚੁੱਕਿਆ ਹਾਂ। ਦਸੰਬਰ 14 ਦੇ ਪਹਿਲੇ ਹਫਤੇ ਦੇ ਸਨਿੱਚਰਵਾਰ ਨੂੰ ਮੈਨੂੰ ਤਿਵਾੜੀ ਜੀ ਨਾਲ ਬਹਿਸ ਵਟਾਂਦਰਾ ਕਰਨ ਦਾ ਮੌਕਾ ਮਿਲਿਆ। ਤਿਵਾੜੀ ਜੀ ਦਾ ਕਹਿਣਾ ਸੀ ਕਿ ਸਿੰਧ ਘਾਟੀ ਦੀ ਸੱਭਿਅਤਾ ਸਮੇਂ ਵਿਗਿਆਨ ਨੇ ਅੱਜ ਨਾਲੋਂ ਜ਼ਿਆਦਾ ਤਰੱਕੀ ਕੀਤੀ ਹੋਈ ਸੀ, ਉਹਨਾਂ ਅਨੁਸਾਰ ਵਿਗਿਆਨ ਮਨ ਦੀ ਵਿਆਖਿਆ ਨਹੀਂ ਕਰ ਸਕੀ। ਉਹਨਾਂ ਦੁਆਰਾ ਪੁੱਛੇ ਗਏ ਮੈਂ ਕਾਫੀ ਸਾਰੇ ਨੁਕਤੇ ਸੰਕਾ ਨਵਿਰਤੀ ਵਾਲੇ ਕਾਲਮ ਵਿੱਚ ਸਾਮਿਲ ਕੀਤੇ ਗਏ ਹਨ।

## 9. ਪੱਛਮੀ ਬੰਗਾਲ ਦਾ ਬਾਲ ਬ੍ਰਹਮਚਾਰੀ

ਪੰਜਾਬ ਦੇ ਨੂਰਮਹਿਲ ਦੇ ਆਸ਼ੂਤੋਸ਼ ਦੀ ਤਰ੍ਹਾਂ ਹੀ ਇੱਕ ਬਾਲ ਬ੍ਰਹਮਚਾਰੀ ਨਾਂ ਦਾ ਬਾਬਾ ਪੱਛਮੀ ਬੰਗਾਲ ਵਿੱਚ 1993 ਵਿੱਚ ਮ੍ਰਿਤਕ ਘੋਸ਼ਿਤ ਕਰ ਦਿੱਤਾ ਗਿਆ ਸੀ। ਉਸਦੇ ਚੇਲਿਆਂ ਨੇ ਉਸਦੀ ਮ੍ਰਿਤਕ ਦੇਹ ਨੂੰ 55 ਦਿਨ ਲਈ ਅੱਧੀ ਦਰਜ਼ਨ ਦੇ ਕਰੀਬ ਏ. ਸੀ. ਫਿੱਟ ਕਰਕੇ ਤੇ ਸਮੁੱਚੇ ਕਮਰੇ ਵਿੱਚ ਬਰਫ ਦੀਆਂ ਸਿੱਲੀਆਂ ਰੱਖ ਕੇ ਜਮਾਇਆ ਹੋਇਆ ਸੀ। ਉਸਦੇ ਮ੍ਰਿਤਕ ਸ਼ਰੀਰ ਦਾ ਭੋਜਨ ਕਰਨ ਲਈ ਅਰਬਾਂ ਹੀ ਸੂਡ ਮੈਗਨਟ ਉਸਦੀ ਦੇਹ ਵਿੱਚ ਪਏ ਹੋਏ ਸਨ। ਉਸਦੇ ਚੇਲਿਆਂ ਨੇ ਇਹ ਸਕੀਮ ਬਣਾਈ ਸੀ ਕਿ ਉਸਦੇ ਛੋਟੇ ਭਰਾ ਦੀ ਦਾੜ੍ਹੀ ਵਧਾ ਕੇ ਉਸ ਵਰਗੀ ਸ਼ਕਲ ਬਣਾ ਕੇ ਉਸਨੂੰ ਅਗਲਾ ਬਾਲ ਬ੍ਰਹਮਚਾਰੀ ਪੇਸ਼ ਕਰਕੇ ਲੋਕਾਂ ਨੂੰ ਮੂਰਖ ਬਣਾਇਆ ਜਾਵੇ। ਉਸ ਸਮੇਂ ਦੇ ਸਿਆਸੀ ਨੇਤਾ ਉਸਦੇ ਭਗਤਾਂ ਦੀ ਵੋਟ ਬੈਂਕ ਖੁੱਸਣ ਦੇ ਡਰੋਂ ਉਸਦੀ ਦੇਹ ਦਾ ਸੰਸਕਾਰ ਕਰਨ ਲਈ ਦੋਚਿੱਤੀ ਵਿੱਚ ਸਨ ਪਰ ਉਸਦੇ ਚੇਲਿਆਂ ਨੇ ਬਾਬੇ ਦੀ ਮ੍ਰਿਤਕ ਦੇਹ ਸਮੇਂ ਏ. ਸੀ. ਦੀ ਠੰਡ ਤੇ ਬਰਫ ਵਾਲਾ ਪਾਣੀ ਹੀ 'ਚਰਨਾਮਿਤ' ਕਹਿ ਕੇ ਪੀਣਾ ਸ਼ੁਰੂ ਕਰ ਦਿੱਤਾ। ਪ੍ਰਸ਼ਾਸ਼ਨ ਨੂੰ ਇਹ ਡਰ ਪੈਦਾ ਹੋ ਗਿਆ ਕਿ ਇਸ ਨਾਲ ਹਜ਼ਾਰਾਂ ਵਿਅਕਤੀ ਮਰ ਸਕਦੇ ਹਨ। ਇਸ ਲਈ ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਸਿੱਟੇ ਵਜੋਂ ਪੁਲਿਸ ਉੱਥੇ ਭੇਜਣੀ ਪਈ ਡੇਰੇ ਵਿੱਚ ਪੈਟਰੋਲ ਪੰਪ ਨੂੰ ਪਹਿਲਾਂ ਸੀਲ ਕਰਨਾ ਪਿਆ ਕਿਉਂਕਿ ਬਾਲ ਬ੍ਰਹਮਚਾਰੀ ਦੇ ਬਹੁਤ ਸਾਰੇ ਸ਼ਰਧਾਲੂ ਆਪਣੇ ਉੱਪਰ ਪੈਟਰੋਲ ਛਿੜਕ ਕੇ ਖੁਦ ਨੂੰ ਅੱਗ ਲਾਉਣ ਦੀਆਂ ਧਮਕੀਆਂ ਦੇ ਰਹੇ ਸਨ। ਰਛਪਾਲ ਸਿੰਘ ਨਾਂ ਦਾ ਇੱਕ ਪੰਜਾਬੀ ਉਸ ਸਮੇਂ ਪਰਗਨਾ ਦਾ ਐਸ. ਪੀ. ਸੀ। ਸ਼ਰਧਾਲੂਆਂ ਦੇ ਹਮਲੇ ਵਿੱਚ ਉਹ ਗੰਭੀਰ ਜਖ਼ਮੀ ਹੋ ਗਿਆ ਉਪਰੇਸ਼ਨ ਤੋਂ ਬਾਅਦ ਤਿੰਨ ਮਹੀਨੇ ਉਸਨੂੰ ਹਸਪਤਾਲ ਵਿੱਚ ਹੀ ਗੁਜਾਰਨੇ ਪਏ। 29 ਜੂਨ 1993 ਨੂੰ ਉਸਦੀ ਲਾਸ਼ ਨੂੰ ਉਥੋਂ ਹਟਾ ਕੇ ਸੰਸਕਾਰ ਕਰਨਾ ਪਿਆ ਕੋਈ ਵੀ ਪਿੰਡ ਉਸਦੀ ਲਾਸ਼ ਦਾ ਸੰਸਕਾਰ ਆਪਣੇ ਪਿੰਡ ਵਿੱਚ ਕਰਵਾਉਣ ਲਈ ਤਿਆਰ ਨਾ ਹੋਇਆ।

# ਝੂਠੇ ਵਿਸ਼ਵਾਸਾਂ ਦਾ ਮੱਕੜਜਾਲ



ਮੀਤਾ ਪ੍ਰੇਮ ਸ਼ਰਮਾ

ਸਮਾਚਾਰ ਸੁਣਨ ਦੇ ਲਈ ਟੈਲੀਵਿਜ਼ਨ ਆਨ ਕੀਤਾ ਤਾਂ ਨਿਊਜ਼ ਚੈਨਲ ਉੱਤੇ ਇੱਕ ਰਿਸਟਪੁਸ਼ਟ ਬੰਦੇ ਦੁਆਰਾ ਦਾਅਵਾ ਕੀਤਾ ਜਾ ਰਿਹਾ ਸੀ, "ਮੈਂ ਤੁਹਾਨੂੰ ਦੱਸਾਂਗਾ ਕਿ ਛਿੱਕ ਆ ਜਾਵੇ (ਸ਼ੁੱਭ ਕੰਮ ਕਰਨ ਸਮੇਂ) ਤਾਂ ਕੀ ਕਰੀਏ? ਬਿੱਲੀ ਰਸਤਾ ਕੱਟ ਜਾਵੇ ਤਾਂ ਕੀ ਕਰੀਏ? ਕਿਹੜੇ ਦਿਨ, ਕਿਹੜੀ ਦਿਸ਼ਾ ਵਿੱਚ ਜਾਣ ਨਾਲ ਤੁਹਾਨੂੰ ਸਫ਼ਲਤਾ ਮਿਲੇਗੀ? ਯਾਨੀ ਜੋ ਚਾਹੋਗੇ ਉਹ ਪਾਓਗੇ, ਰਸਤਾ ਮੈਂ ਦੱਸਾਂਗਾ, ਕਿਉਂਕਿ ਇਹਨਾਂ ਸਭਨਾਂ ਦਾ ਜਵਾਬ ਤੁਹਾਡੀ ਕੁੰਡਲੀ ਵਿੱਚ ਹੈ....।"

ਤਦੇ ਮੈਂ ਚੈਨਲ ਬਦਲਿਆ ਪਰੰਤੂ ਇਹ ਕੀ? ਇੱਥੇ ਇੱਕ ਇਸਤਰੀ ਕਹਿ ਰਹੀ ਸੀ, "ਵਿਆਹ ਤਾਂ ਹੋ ਜਾਂਦਾ ਹੈ ਪਰ ਸਹੁਰੇ ਘਰ ਵਿੱਚ ਨਿਭੇਗੀ ਕਿ ਨਹੀਂ ਸਭਨਾਂ ਨੂੰ ਕਿਵੇਂ ਆਪਣਾ ਬਣਾਇਆ ਜਾਵੇ, ਇਹ ਮੈਂ ਤੁਹਾਨੂੰ ਦੱਸਾਂਗੀ....।"

ਜਦ ਨਿਊਜ਼ ਚੈਨਲਾਂ ਉੱਤੇ ਖ਼ਬਰਾਂ ਦੀ ਬਜਾਏ ਸਪਤਾਹਿਕ, ਦੈਨਿਕ ਭਵਿੱਖ ਫ਼ਲ ਸੁਣਾਈ ਦੇਣ ਜਾਂ ਆਉਣ ਵਾਲੀਆਂ ਮੁਸੀਬਤਾਂ (ਕਲਪਿਤ) ਨੂੰ ਦੂਰ ਕਰਨ ਦੇ ਉਪਾਅ ਸੁਣਾਈ ਦੇਣ, ਤਾਂ ਸਪਸ਼ਟ ਹੈ ਕਿ ਝੂਠੇ ਵਿਸ਼ਵਾਸ ਅਤੇ ਭਰਮਾਂ ਦਾ ਮੱਕੜਜਾਲ ਫੈਲਾਇਆ ਜਾ ਰਿਹਾ ਹੈ। ਸੋਚਣ ਦੀ ਗੱਲ ਤਾਂ ਇਹ ਹੈ ਕਿ 125 ਕਰੋੜ ਤੋਂ ਵੱਧ ਦੀ ਅਬਾਦੀ ਦੇ ਦੇਸ਼ ਵਿੱਚ ਇੱਕ ਹੀ ਰਾਸ਼ੀ ਦੇ ਲੱਗਭਗ 8-9 ਕਰੋੜ ਤਾਂ ਹੋਣਗੇ ਹੀ। ਫੇਰ ਇਹਨਾਂ ਸਭ ਦਾ ਭਵਿੱਖ ਫ਼ਲ ਭਲਾ ਇੱਕੋ ਜਿਹਾ ਕਿਵੇਂ ਹੋ ਸਕਦਾ ਹੈ?

ਇਸ ਦੇ ਇਲਾਵਾ ਕੋਈ ਹਿੰਦੂ ਵਿਧਾਨ ਦੇ ਹਿਸਾਬ ਨਾਲ ਭਵਿੱਖ ਦੱਸਦਾ ਹੈ ਤਾਂ ਕੋਈ ਜੋਡੀਏਕ ਸਾਇੰਸ ਨਾਲ ਯਾਨੀ ਇੱਕ ਹੀ ਬੰਦੇ ਦੀਆਂ 2-2 ਰਾਸ਼ੀਆਂ ਅਤੇ 2-2 ਭਵਿੱਖ ਬਾਣੀਆਂ। ਸਪਸ਼ਟ ਹੈ ਕਿ ਦੋਨੋਂ ਭਵਿੱਖ ਬਾਣੀਆਂ ਵੀ ਵੱਖ-ਵੱਖ ਹੋਣਗੀਆਂ ਅਰਥਾਤ ਦੁਚਿੱਤੀ ਹੀ ਦੁਚਿੱਤੀ।

**ਟੀਆਰਪੀ ਦਾ ਖੇਲ :** ਕੁੱਝ ਸਾਲ ਪਹਿਲਾਂ ਤੰਤਰ ਮੰਤਰ ਆਦਿ ਉੱਤੇ ਬ੍ਰਾਹਮਣ ਵਰਗ ਦਾ ਹੀ ਦਬਦਬਾ ਜਾਂ ਪ੍ਰਮੁੱਖਤਾ ਸੀ। ਉਹੀ ਲੋਕ ਪੰਡੇ ਪੁਜਾਰੀ, ਜੋਤਿਸ਼ੀ ਦੇ ਰੂਪ ਵਿੱਚ ਲੋਕਾਂ ਦਾ ਰਸਤਾ ਦੂਸ਼ਿਤ ਕਰਦੇ ਸਨ, ਪ੍ਰਵਚਨ ਦਿੰਦੇ ਸਨ। ਪੂਜਾਪਾਠ ਆਦਿ ਦੁਆਰਾ ਲੋਕਾਂ ਉੱਤੇ ਆਪਣੀ ਹਕੂਮਤ ਜਮਾਉਂਦੇ ਸਨ ਅਤੇ ਉਨ੍ਹਾਂ ਦੀਆਂ ਜੇਬਾਂ ਖਾਲੀ ਕਰਾਉਂਦੇ ਸਨ....।

ਪਰ ਜਦ ਦੇਖਿਆ ਕਿ ਇਸ ਧੰਦੇ ਵਿੱਚ ਤਾਂ ਧਨ, ਸਨਮਾਨ ਭਰਪੂਰ ਹੈ, ਬੰਦੇ ਨੂੰ ਛੇਤੀ ਹੀ ਮੱਕੜਜਾਲ ਵਿੱਚ ਫਸਾਇਆ ਜਾ ਸਕਦਾ ਹੈ, ਤਾਂ ਹੋਰ ਵਰਗ ਦੇ ਲੋਕ ਵੀ ਭਗਵੇਂ ਕੱਪੜੇ, ਮਾਲਾ ਆਦਿ ਧਾਰਣ ਕਰਕੇ ਲੋਕਾਂ ਦੇ ਰਸਤਾ ਭਟਕਾਊ ਬਣ ਰਹੇ ਹਨ। ਸਚਾਈ ਇਹ ਹੈ ਕਿ ਚਤੁਰਾਈ ਭਰੀ ਗੱਲਬਾਤ, ਕੁੱਝ ਸੰਸਕ੍ਰਿਤ ਦੇ ਸ਼ਲੋਕਾਂ ਦੁਆਰਾ ਪਰੇਸ਼ਾਨ ਬੰਦਿਆਂ ਨੂੰ ਮੂਰਖ ਬਣਾਉਣਾ ਆਸਾਨ ਹੈ ਦੁਖੀ ਬੰਦਾ ਭਟਕਦਾ ਹੈ ਜਾਂ ਕੁੱਝ ਹੋਰ ਪ੍ਰਾਪਤ ਕਰਨ ਦੀ ਇੱਛਿਆ ਬੰਦੇ ਨੂੰ ਭਟਕਾਉਂਦੀ ਹੈ ਅਤੇ ਅਜਿਹੇ ਵਿੱਚ ਛੋਟੀ ਜਿਹੀ ਉਮੀਦ ਦੀ ਕਿਰਨ ਵੀ ਉਸਨੂੰ ਲੁੱਟ ਹੋਣ ਨੂੰ ਪ੍ਰੇਰਿਤ ਕਰਦੀ ਹੈ। ਗੱਲਬਾਤ ਦਾ ਮਾਇਆ ਜਾਲ ਉਸਨੂੰ ਜਕੜ ਲੈਂਦਾ ਹੈ ਅਤੇ ਉਹ ਖੁਸ਼ੀ ਖੁਸ਼ੀ ਇਸ ਵਿੱਚ ਫਸ ਜਾਂਦਾ ਹੈ।

ਇਹਨਾਂ ਭਰਮਾਂ ਅਤੇ ਝੂਠੇ ਵਿਸ਼ਵਾਸਾਂ ਨੂੰ ਹੱਲਾਸ਼ੇਰੀ ਦੇਣ ਵਿੱਚ ਟੀ ਵੀ ਚੈਨਲਾਂ ਦਾ ਬਹੁਤ ਵੱਡਾ ਹੱਥ ਹੈ। ਇਹਨਾਂ ਚੈਨਲਾਂ ਦੀ ਟੀਆਰਪੀ ਵੀ ਦਿਨ ਦੁੱਗਣੀ ਰਾਤ ਚੌਗੁਣੀ ਵੱਧ ਰਹੀ ਹੈ। ਦੇਸ਼ ਦੇ ਹਰੇਕ ਕੋਨੇ ਤੋਂ ਇਸਤਰੀ/ਪੁਰਸ਼ ਆਪਣੀਆਂ-ਆਪਣੀਆਂ ਸਮੱਸਿਆਵਾਂ ਦਾ ਹੱਲ ਇਹਨਾਂ ਤੋਂ ਪੁੱਛਦੇ ਹਨ। ਘੰਟਿਆਂ, ਮਹੀਨਿਆਂ ਉਹ ਲੋਕ ਫ਼ੋਨ ਮਿਲਾ ਕੇ ਗੱਲ ਕਰਨ ਦੀ ਕੋਸ਼ਿਸ਼ ਕਰਦੇ ਹਨ, ਸਪੱਸ਼ਟ ਹੈ ਕਿ ਧਨ ਅਤੇ ਸਮਾਂ ਦੋਹਾਂ ਦੀ ਫ਼ਜ਼ੂਲ ਖਰਚੀ ਕਰਨ ਦੇ ਬਾਅਦ ਫੋਨ ਉੱਤੇ ਗੱਲ ਹੋ ਜਾਣ ਉੱਤੇ ਆਪਣੇ ਆਪ ਨੂੰ ਪ੍ਰਸ਼ੰਸ਼ਾ ਦੇ ਯੋਗ ਮੰਨਦੇ ਹਨ।

**ਖੋਖਲੇ ਦਾਅਵੇ :-** ਅੱਜਕੱਲ੍ਹ, ਭਿੰਨ-ਭਿੰਨ ਚੈਨਲਾਂ ਉੱਤੇ ਨਵੇਂ-ਨਵੇਂ ਚਿਹਰੇ ਵੱਡੇ-ਵੱਡੇ ਦਾਅਵਿਆਂ ਦੇ ਨਾਲ ਪ੍ਰਗਟ ਹੋ ਰਹੇ ਹਨ। ਪੁੱਤਰਪ੍ਰਾਪਤੀ, ਨੌਕਰੀ ਪ੍ਰਾਪਤੀ ਆਦਿ ਦੇ ਤਰੀਕੇ ਦੱਸੇ ਜਾ ਰਹੇ ਹਨ। ਇੱਥੇ ਤੱਕ ਕਿ ਕੋਈ ਵੀ ਨਿਜੀ ਰੂਪ ਵਿੱਚ ਉਨ੍ਹਾਂ ਨਾਲ ਸੰਪਰਕ ਵੀ ਕਰ ਸਕਦਾ ਹੈ। ਕਿਸੇ ਚੈਨਲ ਉੱਤੇ 'ਸ਼ਨੀ' ਦੀ ਭੈੜੀ ਨਜ਼ਰ ਤੋਂ ਬਚਣ ਦੇ ਉਪਾਅ ਦੱਸੇ ਜਾਂਦੇ ਹਨ ਤਾਂ ਕਿਸੇ ਚੈਨਲ ਉੱਤੇ 'ਰਾਹੂ', 'ਮੰਗਲ' ਆਦਿ ਦੇ ਭੈੜੇ ਪ੍ਰਭਾਵਾਂ ਤੋਂ ਬਚਣ ਦੀ ਵਿਧੀ ਦੱਸੀ ਜਾ ਰਹੀ ਹੁੰਦੀ ਹੈ। ਹਰ 15 ਵੇਂ ਦਿਨ ਰਾਸ਼ੀਆਂ ਦੀ ਚਾਲ ਬਦਲਦੇ ਸਾਰ, ਫੇਰ ਉਹੀ ਰਾਸ਼ੀਆਂ ਦੇ ਕੁਚੱਕਰ ਤੋਂ ਬਚਣ ਦਾ ਡਰ ਫੈਲਾਇਆ ਜਾਂਦਾ ਹੈ।

**ਕਾਲਸਰਪ ਯੋਗ/ਸਮੇਂ ਦਾ ਉਲਟ ਫੇਰ :-** ਅੱਜ ਕੱਲ੍ਹ ਕਾਲਸਰਪ ਯੋਗ ਦਾ ਪ੍ਰਚਾਰ ਏਨਾ ਵਧਿਆ ਹੈ ਕਿ ਲੋਕ ਇਸ ਦੋਸ਼ ਦੇ ਨਿਵਾਰਣ ਹੇਤੂ ਹਜ਼ਾਰਾਂ ਰੁਪਏ ਫੂਕ ਦਿੰਦੇ ਹਨ। ਇਸ ਦੀ ਪੂਜਾ ਉਜੈਨ, ਨਾਸਿਕ ਜਾਂ ਕਾਲਾਹਸਥੀ (ਸਾਉਥ) ਵਿੱਚ ਕਰਾਉਣ ਨਾਲ ਹੀ ਇਹ ਦੋਸ਼ (ਨੁਕਸ, ਖੋਟ) ਉਤਰਦਾ ਹੈ, ਅਜਿਹਾ ਪੰਡਤ ਵਰਗ ਕਹਿੰਦਾ ਹੈ। ਕਾਲਾਹਸਥੀ ਮੰਦਰ ਵਿੱਚ ਇੱਕੋ ਵਾਰ 10-20 ਜੋੜਿਆਂ ਨੂੰ ਇੱਕ ਗਰੁੱਪ ਵਿੱਚ ਗੋਲਾਈ ਵਿੱਚ ਬੈਠਾਕੇ ਇੱਕੋ ਹੀ ਪੰਡਤ ਸਭ ਦਾ ਕਾਲਸਰਪ ਦੋਸ਼ ਦੂਰ ਕਰ ਦਿੰਦਾ ਹੈ। ਯਾਨੀ ਇੱਕ ਹੀ ਵਾਰ ਵਿੱਚ ਹਜ਼ਾਰਾਂ ਰੁਪਏ ਸਿੱਧੇ ਪੰਡਤ ਦੀ ਜੇਬ ਵਿੱਚ। ਕੁੱਝ ਦਹਾਕੇ

ਪਹਿਲਾਂ ਇਸ ਕਾਲਸਰਪ ਦੋਸ਼ ਨੂੰ ਕੋਈ ਵਿਸ਼ੇਸ਼ ਮਹੱਤਵ ਨਹੀਂ ਦਿੱਤਾ ਜਾਂਦਾ ਸੀ। ਪਰ ਅੱਜ ਇਸਨੂੰ ਡਰ ਬਣਾਇਆ ਜਾ ਰਿਹਾ ਹੈ ਪਰੰਤੂ ਇਸ ਡਰ ਨੂੰ ਝੁਠਲਾਉਣ ਦੇ ਲਈ ਇਹ ਦਸੱਣਾ ਕਾਫ਼ੀ ਹੋਵੇਗਾ ਕਿ ਕਾਲਸਰਪ ਯੋਗ ਦੀ ਕੁੰਡਲੀ ਬਾਰੇ ਸਮਰਾਟ ਅਕਬਰ, ਅਬਰਾਹਮ ਲਿੰਕਨ, ਪੰ: ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਧੀਰੂਭਾਈ ਅੰਬਾਨੀ, ਸਚਿਨ ਤੇਂਦੁਲਕਰ ਆਦਿ ਨੇ ਆਪਣੇ-ਆਪਣੇ ਖੇਤਰ ਵਿੱਚ ਉਚਾਈਆਂ ਨੂੰ ਛੂਹਿਆਂ ਹੈ ਤਾਂ ਫਿਰ ਇਸ ਨੂੰ ਦੋਸ਼ ਦੇ ਰੂਪ ਵਿੱਚ ਕਿਉਂ ਦੇਖਿਆ ਜਾਵੇ?

**ਅਚੂਕ ਉਪਾਅ** :- ਝੂਠੇ ਵਿਸ਼ਵਸਾਂ ਦੇ ਨਾਂ ਉੱਤੇ ਬਹੁਤ ਸਾਰੇ ਵਹਿਮ ਭਰਮ ਫੈਲਾਏ ਜਾ ਰਹੇ ਹਨ ਜਿਵੇਂ ਕਿ ਕੋਈ ਵੀ ਬਿਮਾਰ ਹੋਵੇ ਫ਼ਲਾਣਾਂ ਫਲਾਣਾਂ ਮੰਤਰ ਜੱਪੋ। 11 ਮੰਗਲਵਾਰ ਨੂੰ ਨਾਰੀਅਲ ਪਾਣੀ ਵਿੱਚ ਪ੍ਰਵਾਹਤ ਕਰੋ ਜਾਂ ਕੁੱਤੇ ਨੂੰ 11 ਸ਼ਨੀਵਾਰ ਮਾਂਹ ਦੀ ਦਾਲ ਦੀਆਂ ਭੱਲੀਆਂ/ਭੱਲੇ ਖੁਆਓ ਆਦਿ। ਜੇਕਰ ਬਿਮਾਰ ਬੰਦਾ ਇਹਨਾਂ ਦੀ ਸਲਾਹ ਉੱਤੇ ਚੱਲੇ ਤਾਂ ਭਾਵੇਂ ਹੀ ਬਿਮਾਰੀ ਨਾ ਜਾਵੇ, ਮਰੀਜ਼ ਜ਼ਰੂਰ ਉਥੇ ਚਲਾ ਜਾਵੇਗਾ ਜਿੱਥੋਂ ਕੋਈ ਵਾਪਸ ਨਹੀਂ ਆਇਆ ਜਾ ਫਿਰ ਬਿਮਾਰੀ ਅਸਾਧਿਆ (ਨਾ ਠੀਕ ਹੋਣ ਵਾਲੀ) ਹੋ ਜਾਵੇਗੀ।

ਟੀਵੀ ਚੈਨਲ 'ਆਜ ਔਰ ਕੱਲ੍ਹ' ਉੱਤੇ ਨੂੰ ਸਲਾਹ ਦਿੱਤੀ ਜਾ ਰਹੀ ਸੀ ਕਿ ਨੌਕਰੀ ਪ੍ਰਾਪਤ ਕਰਨ ਦੇ ਲਈ 11 ਚਾਂਦੀ ਦੇ ਚੰਦਰਮਾਂ ਬਣਵਾ ਕੇ ਵੱਖ-ਵੱਖ ਮੰਦਰਾਂ ਵਿੱਚ ਚੜ੍ਹਾ ਦਿਓ, ਸ਼ਰਤੀਆ ਨੌਕਰੀ ਮਿਲੇਗੀ। ਇਹ ਗੱਲ ਕਿੰਨੇ ਹਾਸੇਭਰਪੂਰ ਲੱਗਦੀ ਹੈ ਕਿ ਇੱਕ ਪਾਸੇ ਤਾਂ ਬੰਦਾ ਨੌਕਰੀ ਤਲਾਸ਼ ਕਰ ਰਿਹਾ ਹੈ, ਆਰਥਕ ਤੰਗੀ ਹੈ, ਦੂਜੇ ਪਾਸੇ ਤਥਾਕਥਿਤ/ਅਖੌਤੀ ਆਚਾਰੀਆ ਉਸ ਤੋਂ ਹੋਰ ਖ਼ਰਚ ਕਰਵਾਉਣ ਦੀ ਗੱਲ ਕਹਿ ਰਹੇ ਹਨ।

**ਦਿਸ਼ਾਸ਼ੂਲ** : ਦਿਸ਼ਾਸ਼ੂਲ ਯਾਨੀ ਫਲਾਣੇ ਫਲਾਣੇ ਦਿਨ ਫਲਾਣੀ ਫਲਾਣੀ ਦਿਸ਼ਾ (ਜਿਵੇਂ ਪੂਰਵ, ਦੱਖਣ ਆਦਿ) ਵਿੱਚ ਨਾ ਜਾਓ, ਇਸ ਨਾਲ ਤੁਹਾਡਾ ਬਣਦਾ ਕੰਮ



ਵੀ ਵਿਗੜ ਜਾਵੇਗਾ। ਅੱਜ ਦੇ ਸਮੇਂ ਵਿੱਚ ਕੀ ਅਜਿਹੀਆਂ ਦੀ ਕੋਈ ਉੱਚਤਤਾ ਹੈ? ਅੱਜ ਦੇ ਵਿਗਿਆਨਕ ਅਤੇ ਮੁਕਾਬਲੇ ਦੇ ਯੁੱਗ ਵਿੱਚ ਵੱਡੀਆਂ-ਵੱਡੀਆਂ ਮੀਟਿੰਗਾਂ ਅਤੇ ਪ੍ਰੋਜੈਕਟ ਦੀ ਦਿਸ਼ਾ ਅਤੇ ਸਮਾਂ ਜੋ ਵੀ ਨਿਸ਼ਚਿਤ ਹੈ, ਕੀ ਉਸਨੂੰ ਟਾਲਨਾ ਠੀਕ ਜਾਂ ਸੰਭਵ ਹੋਵੇਗਾ? ਫਿਰ ਅਜਿਹੀ ਗੱਲ ਕੋਈ ਗਲਤੀ ਨਾਲ ਵੀ ਸੋਚਦਾ ਹੈ ਤਾਂ ਯਕੀਨਨ ਉਹ ਆਪਣੇ ਪੈਰ ਉੱਤੇ ਕੁਹਾੜੀ ਮਾਰਨ ਦੀ ਸਥਿਤੀ ਵਿੱਚ ਹੋਵੇਗਾ। ਆਪਣੀ ਇਸ ਸੋਚ ਉੱਤੇ ਤਾਲਾ ਲਗਾਉਣ ਤੋਂ ਬਚਣ ਵਿੱਚ ਹੀ ਸਮਝਦਾਰੀ ਹੈ।

**ਸ਼ਨੀਮੰਤਰ ਜਾਪ** : ਅਜਿਹੇ ਹੀ ਝੂਠੇ ਵਿਸ਼ਵਾਸਾਂ ਵਿੱਚ ਜਕੜੇ ਦੰਪਤੀ ਨੇ ਆਪਣੀ ਪੁੱਤਰੀ ਦਾ ਵਿਆਹ ਨਾ ਹੋਣ ਦੇ ਕਾਰਨ ਪੰਡਤਾਂ ਦੇ ਚੱਕਰਾਂ ਵਿੱਚ, ਜੋਤਸ਼ੀਆਂ ਨੂੰ ਹਜ਼ਾਰਾਂ ਰੁਪਏ ਦੇ ਕੇ 23,000 ਸ਼ਨੀਮੰਤਰਾਂ ਦਾ ਵਿਧੀਪੂਰਵਕ ਮੰਤਰ ਪਾਠ ਅਤੇ ਰਾਹੂ ਦੇ 19,000 ਮੰਤਰਾਂ ਦਾ ਪਾਠ ਕਰਾਇਆ। ਪਰੰਤੂ ਅੱਜ ਤੱਕ ਉਹਨਾਂ ਦੀ ਪੁੱਤਰੀ ਦਾ ਵਿਆਹ ਨਹੀਂ ਹੋਇਆ ਹੈ। ਸ਼ਨੀ ਅਤੇ ਰਾਹੂ ਪੰਡਤ ਦੀ ਜੇਬ ਭਰਕੇ ਹੀ ਠੰਡੇ ਪੈ ਗਏ।

ਰੇਡਿਓ ਅਤੇ ਟੈਲੀਵਿਜ਼ਨ ਚੈਨਲਾਂ ਉੱਤੇ ਮਾਘ ਮਹੀਨੇ ਦੀ ਮੌਨੀ ਮੱਸਿਆ ਉੱਤੇ ਪ੍ਰਚਾਰ ਹੋ ਰਿਹਾ ਸੀ ਕਿ ਅੱਜ ਦੇ ਦਿਨ ਮੌਨ (ਖਾਮੋਸ਼ ਚੁੱਪ) ਰਹੋ, ਤੁਹਾਡੇ ਸਾਰੇ ਮਨੋਰਥ ਪੂਰੇ ਹੋਣਗੇ। ਇੱਥੇ ਪ੍ਰਸ਼ਨ ਇਹ ਉੱਠਦਾ ਹੈ ਕਿ ਕੀ ਮੌਨ ਰਹਿ ਕੇ ਵਪਾਰ, ਨੌਕਰੀ ਜਾਂ ਜਮਾਤ ਵਿੱਚ ਪੜ੍ਹਾਈ ਕੀਤੀ ਜਾ ਸਕਦੀ ਹੈ? ਯਾਨੀ ਇੱਕ ਹੋਰ ਮੱਕੜਜਾਲ ਦਾ ਤਾਣਾਬਾਣਾ ਇੱਥੇ ਬੁਣਿਆ ਗਿਆ।

**ਸੋਚ ਬਦਲਣਾ ਜ਼ਰੂਰੀ** : ਸਹੀ ਗੱਲ ਤਾਂ ਇਹ ਹੈ ਕਿ ਮਜ਼ਬੂਰੀ, ਨਿਰਾਸ਼ਾ ਵਿੱਚ ਡੁੱਬੇ ਲੋਕ ਅਜਿਹੇ ਜਾਲ ਵਿੱਚ ਫਸਦੇ ਹੀ ਹਨ। ਪਾਪਪੁੰਨ, ਸਵਰਗ-ਨਰਕ ਦਾ ਜਾਲ, ਮ੍ਰਿਤਕ ਦੀ ਗਤੀ ਹੋ ਜਾਵੇ, ਇਸ ਲਈ ਪੂਜਾ ਪਾਠ ਦਾ ਜਾਲ, ਬੱਚਾ ਮੂਲ ਨਕਸ਼ੱਤਰ (ਚੰਦਰਮਾ ਦੇ ਰਾਹ 'ਚ ਪੈਣ ਵਾਲੇ ਤਾਰਿਆਂ ਦਾ ਇਕੱਠ, ਗ੍ਰਹਿ,) ਵਿੱਚ ਜਨਮੇ ਤਾਂ ਉਸ ਦੀ ਸ਼ਾਂਤੀ ਦੇ ਲਈ ਅਤੇ ਬੱਚੇ ਦੀ ਲੰਬੀ ਉਮਰ ਦੇ ਲਈ ਖਾਸ ਪੂਜਾ ਦੇ ਜਾਲ ਦਾ ਫੈਲਾਅ ਯਾਨੀ ਸਾਰਾ ਜੀਵਨ ਇਸ ਮੱਕੜਜਾਲ ਵਿੱਚ ਬੰਦਾ ਕਿਸੇ ਨਾ ਕਿਸੇ ਬਹਾਨੇ ਜਕੜਿਆ ਹੀ ਰਹਿੰਦਾ ਹੈ।

**ਨਿਚੋੜ** : ਅੱਜ ਦਾ ਬੰਦਾ ਜਦ ਹਰ ਗੱਲ ਨੂੰ ਵਿਗਿਆਨਕ ਅਧਾਰ ਉੱਤੇ ਤੋਲਦਾ ਹੈ ਤਾਂ ਫਿਰ ਕਿਉਂ ਝੂਠੇ ਵਿਸ਼ਵਾਸਾਂ ਅਤੇ ਵਹਿਮਾਂ ਭਰਮਾਂ ਦੇ ਮੱਕੜਜਾਲ ਵਿੱਚ ਫਸ ਜਾਂਦਾ ਹੈ? ਜ਼ਰਾ ਸੋਚੋ ਅਤੇ ਚੰਗੀ ਤਰ੍ਹਾਂ ਮੁਤਾਲਿਆ ਕਰਕੇ ਇਸ ਸਥਿਤੀ ਤੋਂ ਬਚੋ।


**ਸੂ ਚ ਨਾ**

*ਸਾਲ 2003, 2004, 2005, 2006, 2007, 2008, 2009, 2010, 2011 ਅਤੇ 2012 ਦੀਆਂ ਮੈਗਜ਼ੀਨ 'ਵਿਗਿਆਨ ਜੋਤ' ਦੀਆਂ ਫਾਈਲਾਂ ਸਾਡੇ ਕੋਲ ਉਪਲਬਧ ਹਨ। ਛੇ-ਛੇ ਮੈਗਜ਼ੀਨਾਂ ਦੀ ਇੱਕ ਫਾਈਲ ਸਿਰਫ 50 ਰੁਪਏ ਅਤੇ ਦੋ ਸਾਲ ਦੀਆਂ ਫਾਈਲਾਂ 90 ਰੁਪਏ ਵਿੱਚ ਤਿੰਨ ਸਾਲਾਂ ਦੀਆਂ ਫਾਈਲਾਂ 130 ਰੁਪਏ ਅਤੇ ਚਾਰ ਸਾਲ ਦੀਆਂ ਫਾਈਲਾਂ 160 ਰੁਪਏ ਵਿਚ, ਪੰਜ ਸਾਲ ਦੀਆਂ ਫਾਈਲਾਂ 200 ਰੁਪਏ ਅਤੇ 10 ਸਾਲਾਂ ਦੀਆਂ ਫਾਈਲਾਂ ਤੁਹਾਨੂੰ* **400/-ਰੁਪੈ** *ਵਿੱਚ ਪ੍ਰਾਪਤ ਹੋ ਸਕਦੀਆਂ ਹਨ। ਤੁਸੀਂ ਇਹ ਫਾਈਲਾਂ ਵੀ.ਪੀ.ਪੀ. ਰਾਹੀਂ ਵੀ ਫ਼ੋਨ ਨੰਬਰ 01679-241744 'ਤੇ ਫ਼ੋਨ ਕਰਕੇ ਮੰਗਵਾ ਸਕਦੇ ਹੋ।* **ਨੋਟ: ਵੀ.ਪੀ.ਪੀ. ਦਾ ਖਰਚਾ ਵੱਖਰਾ ਹੋਵੇਗਾ।**



# ਪੰਡਿਆਂ ਦੀ ਪਕੜ ’ਚ ਸੈਰਸਪਾਟਾ

**ਪਵਨ ਕੁਮਾਰ ਰੱਤੋ**

ਸਰਕਾਰ, ਰੇਲ ਮਹਿਕਮਾ ਅਤੇ ਸੈਰਸਪਾਟਾ ਵਿਭਾਗ ਅੱਜਕੱਲ੍ਹ ਧਾਰਮਕ ਸੈਰਸਪਾਟੇ ਨੂੰ ਹੱਲਾਸ਼ੇਰੀ ਦੇਣ ਵਿੱਚ ਲੱਗੇ ਹੋਏ ਹਨ, ਪ੍ਰੰਤੂ ਉਹਨਾਂ ਨੂੰ ਕੋਈ ਸਫ਼ਲਤਾ ਨਹੀਂ ਮਿਲ ਪਾ ਰਹੀ ਹੈ ਕਿਉਂਕਿ ਇਹ ਕਾਰੋਬਾਰ ਪੂਰੀ ਤਰ੍ਹਾਂ ਪੰਡਿਆਂ ਦੀ ਪਕੜ ’ਚ ਹੈ ਅਤੇ ਇਸੇ ਕਾਰਨ ਤੀਰਥਯਾਤਰਾ ਦੇ ਨਾਂ ਉੱਤੇ ਮੋਟੀ ਰਕਮਾਂ ਬਣਾਉਣ ਵਾਲੇ ਦਲਾਲਾਂ ਦੀ ਗਿਣਤੀ ਵੱਧ ਰਹੀ ਹੈ। ਦੁਨੀਆਂ ਭਰ ਵਿੱਚ ਭਾਰਤ ਇਕੱਲਾ ਦੇਸ਼ ਹੈ ਜਿੱਥੇ ਸੈਰਸਪਾਟੇ ਦੀਆਂ ਬੇਸ਼ੁਮਾਰ ਸੰਭਾਵਨਾਵਾਂ ਦੇ ਬਾਵਜੂਦ ਉਹ ਪੂਰੀ ਤਰ੍ਹਾਂ ਉਦਯੋਗ ਦੀ ਸ਼ਕਲ ਨਹੀਂ ਲੈ ਪਾ ਰਿਹਾ ਹੈ। ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਚਲੇ ਜਾਓ, ਇਤਿਹਾਸਕ ਮਹੱਤਵ ਦੀ ਜਾਂ ਫੇਰ ਕੁਦਰਤੀ ਰੂਪ ਤੋਂ ਸੁੰਦਰ ਥਾਵਾਂ ਦੀ ਭਰਮਾਰ ਹੈ। ਪਰੰਤੂ ਇਹਨਾਂ ਨੂੰ ਦੇਖਣ ਆਉਣ ਵਾਲਿਆਂ ਦੀ ਗਿਣਤੀ ਕੁੱਲ ਆਬਾਦੀ ਦੀ 2 ਫੀਸਦੀ ਵੀ ਨਹੀਂ ਹੈ। ਇਸ ਦੇ ਉਲਟ ਇਸਦੇ ਮਸ਼ਹੂਰ ਮੰਦਰਾਂ ਵਿੱਚ ਜਿਹੜੀ ਭੀੜ ਉਮੜਦੀ ਹੈ ਉਸਨੂੰ ਸੰਭਾਲਨਾ ਪ੍ਰਸ਼ਾਸਨ ਦੇ ਵੱਸ ਦੀ ਗੱਲ ਨਹੀਂ ਰਹਿੰਦੀ। ਧਰਮ ਸਥਾਨਾਂ ਉੱਤੇ ਆਏ ਦਿਨ ਹੋਣ ਵਾਲੇ ਹਾਦਸੇ ਅਤੇ ਭਗਦੜ ਵਿੱਚ ਹੋਣ ਵਾਲੀਆਂ ਮੌਤਾਂ ਇਸ ਦਾ ਜਿਉਂਦਾ ਜਾਗਦਾ ਸਬੂਤ ਹੈ।

ਭਾਰਤ ਵਿੱਚ ਸੈਰਸਪਾਟਾ ਇਸ ਲਈ ਪਿਛੜਿਆ ਨਹੀਂ ਕਿਹਾ ਜਾ ਸਕਦਾ ਹੈ ਕਿ ਇਹ ਪਿੰਡਾਂ ਦਾ ਦੇਸ਼ ਹੈ ਸਗੋਂ ਸ਼ੁਰੂ ਤੋਂ ਹੀ ਇੱਥੇ ਸੈਰਸਪਾਟੇ ਦੇ ਅਰਥ ਤੀਰਥਯਾਤਰਾ ਰਹੇ ਹਨ। ਇਤਿਹਾਸਕ ਅਤੇ ਕੁਦਰਤੀ ਮਨਮੋਹਕ ਵਾਲੇ ਸੈਰਸਪਾਟੇ ਦੀਆਂ ਥਾਵਾਂ ਨੂੰ ਪੰਡਿਆਂ ਨੇ ਵੱਧਣ ਫੁੱਲਣ ਹੀ ਨਹੀਂ ਦਿੱਤਾ। 90 ਦੇ ਦਹਾਕੇ ਦੇ ਬਾਅਦ ਤੋਂ ਸੈਰਸਪਾਟੇ ਦੇ ਖੇਤਰ ਵਿੱਚ ਜ਼ਰੂਰ ਥੋੜ੍ਹਾ ਬਦਲਾਅ ਦਿੱਸਦਾ ਆ ਰਿਹਾ ਹੈ ਪਰੰਤੂ ਇਹ ਬਹੁਤ ਵੱਡੀ ਕ੍ਰਾਂਤੀ ਨਹੀਂ ਹੈ, ਸਗੋਂ ਮੀਡੀਆ ਦੀਆਂ ਕੋਸ਼ਿਸ਼ਾਂ ਦਾ ਨਤੀਜਾ ਹੈ। ਲੋਕਾਂ ਨੂੰ ਸੈਰਸਪਾਟੇ ਦੇ ਪ੍ਰਤੀ ਜਾਗਰੂਕ ਕਰਨ ਦੀ ਸਰਕਾਰ ਦੀਆਂ ਕੋਸ਼ਿਸ਼ਾਂ ਉਮੀਦ ਦੇ ਮੁਤਾਬਿਕ ਕਾਮਯਾਬ ਨਹੀਂ ਰਹੀਆਂ ਹਨ ਤਾਂ ਇਸ ਦੀ ਇਕੱਲੀ ਵਜ੍ਹਾ ਧਾਰਮਕ ਸੈਰਸਪਾਟਾ ਦਲਾਲਾਂ Agents ਦਾ ਦੇਸ਼ਵਿਆਪੀ ਜਾਲ ਹੈ, ਜਿਸ ਦੀਆਂ ਜੜ੍ਹਾਂ ਪਾਤਾਲ ਦੇ ਬਰਾਬਰ ਡੂੰਘੀਆਂ ਹਨ। ਸਰਕਾਰ ਨੇ ਸੈਰਸਪਾਟੇ ਦੇ ਪ੍ਰਚਾਰ ਪ੍ਰਸਾਰ ਵਿੱਚ ਅਰਬਾਂ ਰੁਪਏ ਜ਼ਰੂਰ ਫੂਕੇ ਹਨ ਪਰੰਤੂ ਨਾ ਤਾਂ ਉਸ ਨਾਲ ਸੈਰਸਪਾਟਾ ਨੂੰ ਉਦਯੋਗ ਦਾ ਪੂਰਨ ਦਰਜਾ ਮਿਲਿਆ ਨਾ ਇੱਛਾਭਰਪੂਰ ਆਮਦਨੀ ਹੋਈ ਨਾ ਹੀ ਸੈਰਸਪਾਟਾ ਵਿੱਚ ਰੁਜ਼ਗਾਰ ਦੀਆਂ ਸੰਭਾਵਨਾਵਾਂ ਹੀ ਵਧੀਆਂ ਹਨ।

ਸਪਸ਼ਟ ਹੈ, ਸੈਰਸਪਾਟੇ ਨੂੰ ਲੈ ਕੇ ਸਰਕਾਰ ਇੱਕ ਅਜਿਹੇ ਪ੍ਰਬੰਧ ਤੋਂ ਅਪ੍ਰਤੱਖ ਰੂਪ ਨਾਲ ਲੜ ਰਹੀ ਹੈ ਜਿਸ ਵਿੱਚ ਉਸ ਦੀ ਹਾਰ ਤੈਅ ਹੈ। ਇਹ ਪ੍ਰਬੰਧ ਉਹ ਦਲਾਲ ਹਨ ਜਿਹੜੇ ਪਿੰਡ ਪਿੰਡ ਵਿੱਚ ਫੈਲੇ ਹਨ ਅਤੇ ਤੀਰਥਯਾਤਰਾ ਦੇ ਨਾਂ ਉੱਤੇ ਪੁਰੋਹਿਤੀ ਦੇ ਨਾਲ-ਨਾਲ ਯਾਤਰਾ ਦਲਾਲ Travel Agents ਵਿੱਚ ਬਣੇ ਹੋਏ ਹਨ। ਇਹਨਾਂ ਦਾ ਕੰਮ ਲੋਕਾਂ ਨੂੰ ਧਰਮਸਥਾਨਾਂ ਦੀ ਸੈਰ ਦੇ ਲਈ ਉਕਸਾ ਕੇ ਪੈਸਾ ਬਣਾਉਣਾ ਹੈ। ਇਸ ਦੇ ਲਈ ਇਹ ਮੋਕਸ਼/ਮੁਕਤੀ, ਪਿੰਡਦਾਨ, ਪਾਪ ਮੁਕਤੀ, ਸਵਰਗ ਪ੍ਰਾਪਤੀ ਆਦਿ ਦੇ ਕਿੱਸੇ ਏਨੇ ਰੋਚਕ ਢੰਗ ਨਾਲ ਸੁਣਾਉਂਦੇ ਹਨ ਕਿ ਧਰਮ ਦੀ ਪਕੜ ਵਿੱਚ ਫਸੇ ਲੋਕ ਆਸਾਨੀ ਨਾਲ ਜੇਬ੍ਹ ਢਿੱਲੀ ਕਰਨ ਨੂੰ ਤਿਆਰ ਹੋ ਜਾਂਦੇ ਹਨ। ਦੂਜੇ ਪਾਸੇ ਬੇਸ਼ੁਮਾਰ ਭਾਰਤ ਦੇ ਖਿਚ ਭਰਪੂਰ, ਲੁਭਾਵਨੇ ਵਿਗਿਆਪਨ ਮਸਾਂ 2 ਫੀਸਦੀ ਅਬਾਦੀ ਵਿੱਚ ਸੁੰਗੜ ਕੇ ਰਹਿ ਜਾਂਦੇ ਹਨ।

**ਮਜ਼ਬੂਤ ਪਕੜ-ਜ਼ਿਆਦਾ ਕਮਾਈ** :- ਲੋਕਾਂ ਦੀ ਧਾਰਮਿਕ ਮੂੜਤਾ ਦਾ ਲਾਭ ਜਿਹੜੇ ਢੰਗਾਂ ਨਾਲ ਪੰਡੇ ਲੈ ਰਹੇ ਹਨ ਉਨ੍ਹਾਂ ਵਿੱਚ ਤੀਰਥਸਥਾਨਾਂ ਦੀ ਯਾਤਰਾ ਵੀ ਇੱਕ ਹੈ। ਪਿੰਡ-ਪਿੰਡ ਵਿੱਚ ਅਜਿਹੇ ਪਰਚੇ ਵੰਡ ਰਹੇ ਹਨ ਜਿਹਨਾਂ ਵਿੱਚ ਮਸ਼ਹੂਰ ਮੰਦਰਾਂ ਦੇ ਚਮਤਕਾਰਾਂ ਦੇ ਕਿੱਸੇ ਲਿਖੇ ਹੁੰਦੇ ਹਨ। ਛੋਟੇ-ਛੋਟੇ ਸ਼ਹਿਰਾਂ ਵਿੱਚ ਹੁਣ ਇਹ ਕੰਮ ਅਖ਼ਬਾਰਾਂ, ਰਸਾਲਿਆਂ ਦੁਆਰਾ ਕੀਤੇ ਜਾ ਰਹੇ ਹਨ।

ਮੱਧ ਪ੍ਰਦੇਸ਼ ਦੇ ਵਿਦਿਸ਼ਾ ਜ਼ਿਲ੍ਹੇ ਦੇ ਪਿੰਡ ਤੋਂ ਹਰ ਸਾਲ ਲੱਗਭਗ 5 ਹਜ਼ਾਰ ਲੋਕ ਤੀਰਥ ਯਾਤਰਾ ਉੱਤੇ ਨਿਕਲਦੇ ਹਨ। ਯਾਤਰਾ ਦਲਾਲ ਪਿੰਡ-ਪਿੰਡ ਜਾ ਕੇ ਇਹਨਾਂ ਨੂੰ ਤੀਰਥਸਥਾਨਾਂ ਦੀ ਮਹੱਤਤਾ ਦਸੱਦਾ ਹੈ ਅਤੇ ਸੁੱਰਖਿਅਤ ਲੈ ਜਾਣ-ਲਿਆਉਣ ਦੀ ਗਾਰੰਟੀ ਦੇਂਦਾ ਹੈ। ਕਈ ਥਾਵਾਂ ’ਤੇ ਟਰੈਵਲ ਏਜੰਸੀਆਂ ਨੇ ਇਹ ਜ਼ਿੰਮੇਵਾਰੀ ਪੰਡਿਆਂ ਨੂੰ ਹੀ ਸੰਭਾਲੀ ਹੋਈ ਹੈ, ਜਿਹਨਾਂ ਨੂੰ 10 ਤੋਂ 20 ਪ੍ਰਤੀਸ਼ਤ ਕਮਿਸ਼ਨ ਪ੍ਰਤੀ ਯਾਤਰੀ ਦਿੱਤਾ ਜਾਂਦਾ ਹੈ। ਸਪੱਸ਼ਟ ਹੈ, ਇਹ ਧੰਦੇ ਵਿੱਚ ਮੋਟੀ ਕਮਾਈ ਹੈ ਅਤੇ ਧਾਰਮਕ ਸੈਰਸਪਾਟਾ ਏਜੰਟਾਂ ਦਾ ਨੈੱਟਵਰਕ ਬਹੁਤ ਤਕੜਾ ਹੈ।

ਵਿਦਿਸ਼ਾ ਜ਼ਿਲ੍ਹੇ ਤੋਂ ਸ਼ਿਰਡੀ ਲਿਆਉਣ ਲੈ ਜਾਣ ਦੇ ਲਈ ਸ਼ਰਧਾਲੂਆਂ ਤੋਂ ਲਗਭਗ 5 ਹਜ਼ਾਰ ਰੁਪਏ ਲਏ ਜਾਂਦੇ ਹਨ। ਇੱਥੇ ਇਹ ਦੱਸਣਾ ਜ਼ਰੂਰੀ ਹੈ ਕਿ ਸ਼ਿਰਡੀ ਦੀ ਮਹੱਤਤਾ ਅਤੇ ਚਮਤਕਾਰ ਦੱਸਣ ਦੇ ਲਈ ਇਸ ਇਲਾਕੇ ਵਿੱਚ ਕਦੇ ਵੱਡੀ ਗਿਣਤੀ ਵਿੱਚ ਪਰਚੇ ਵੰਡੇ ਗਏ ਸਨ ਅਤੇ ਕਹਾਣੀਆਂ ਦੇ ਜ਼ਰੀਏ ਡੱਟ ਕੇ ਪ੍ਰਚਾਰ ਕੀਤਾ ਗਿਆ ਸੀ, ਤੱਦ ਕਿਤੇ ਜਾ ਕੇ ਲੋਕ ਝਾਂਸੇ ਵਿੱਚ ਆ ਕੇ ਸ਼ੁਰੂ ਹੋਏ ਸਨ।

ਸ਼ਿਰਡੀ ਜਾਣ ਵਾਲੇ ਯਾਤਰੀਆਂ ਨੂੰ ਰੇਲ ਦੇ ਦੁਆਰਾ ਮਨਮਾਡ ਲੈ ਜਾਇਆ ਜਾਂਦਾ ਹੈ। ਉਥੋਂ ਸੜਕ ਰਸਤੇ ਦੁਆਰਾ ਸ਼ਿਰਡੀ ਦੇ ਇਲਾਵਾ ਨਾਸਿਕ ਅਤੇ ਤ੍ਰਯੰਬਕੇਸ਼ਵਰ ਘੁੰਮਾਇਆ ਜਾਂਦਾ ਹੈ। ਇਸ ਪੈਕੇਜ ਵਿੱਚ ਖਾਣਾ, ਪੀਣਾ, ਠਹਿਰਨਾ ਸਭ ਸ਼ਾਮਲ ਹੁੰਦਾ ਹੈ ਜਿਹੜਾ ਲੋਕਾਂ ਨੂੰ ਸਸਤਾ ਲੱਗਦਾ ਹੈ।

ਸੱਚਾਈ ਇਕੱਦਮ ਉਲਟ ਹੈ। ਪ੍ਰਤੀ ਯਾਤਰੀ ਖ਼ਰਚ 2,500 ਰੁਪਏ ਹੀ ਆਉਂਦਾ ਹੈ। ਬਚੇ ਹੋਏ 2,500 ਰੁਪਏ ਟਰੈਵਲ ਏਜੰਸੀ ਅਤੇ ਧਾਰਮਕ ਸੈਰਸਪਾਟਾ ਦਲਾਲਾਂ ਦੇ ਵਿੱਚ ਵੰਡ ਹੋ ਜਾਂਦੇ ਹਨ। ਇਹਨਾਂ ਏਜੰਟਾਂ ਦਾ ਕੰਮ ਪਿੰਡ-ਪਿੰਡ ਘੁੰਮ-ਘੁੰਮ ਕੇ ਘੱਟ ਤੋਂ ਘੱਟ 50 ਯਾਤਰੀ ਇਕੱਠੇ ਕਰਨਾ ਹੁੰਦਾ ਹੈ। ਜਦ ਇਹ ਕੋਟਾ ਪੂਰਾ ਹੋ ਜਾਂਦਾ ਹੈ ਤਾਂ ਉਸ ਟਰੈਵਲ ਏਜੰਸੀ ਨੂੰ ਸੂਚਨਾ ਦੇ ਦਿੱਤੀ ਜਾਂਦੀ ਹੈ ਜਿਸ ਦਾ ਕੰਮ ਰਾਖਵਾਂਕਰਨ ਕਰਾਉਣਾ ਅਤੇ ਮਹਾਂਰਾਸਟਰ ਵਿੱਚ ਬਸ ਦਾ ਪ੍ਰਬੰਧ ਕਰਨਾ ਹੁੰਦਾ ਹੈ। ਵਿਦਿਸ਼ਾ ਦਾ ਉਦਾਹਰਣ ਬਤੌਰ ਉਦਾਹਰਣ ਪੇਸ਼ ਕੀਤਾ ਗਿਆ ਹੈ। ਸਾਰੇ ਦੇਸ਼ ਦੀ ਹਾਲਤ ਅਜਿਹੀ ਹੀ ਹੈ। ਧਰਮ ਅਤੇ ਤੀਰਥਯਾਤਰਾ ਦੇ ਨਾਂ ਉੱਤੇ ਅਰਬਾਂ ਦਾ ਵਪਾਰ ਦੇਸ਼ ਵਿੱਚ ਹੋ ਰਿਹਾ ਹੈ। ਲੋਕ ਅੰਧਵਿਸ਼ਵਾਸੀ ਬਣ ਰਹੇ ਹਨ ਅਤੇ ਸੈਰਸਪਾਟਾ ਸਨਅਤ ਦਾ ਹਿੱਸਾ ਨਹੀਂ ਬਣ ਪਾ ਰਹੇ ਸ਼ਾਇਦ ਹੀ ਧਰਮ ਨਿਰਪੱਖ ਦੇਸ਼ ਦਾ ਸੈਰਸਪਾਟਾ ਮੰਤਰਾਲਯ ਇਸ ਸਚਾਈ ਨੂੰ ਸਵੀਕਾਰੇਗਾ ਕਿ ਇਹਨਾਂ ਤੀਰਥਯਾਤਰੀਆਂ ਨੇ ਸੈਰਸਪਾਟਾ ਸਨਅਤ ਦੀ ਪਿੱਠ ਮਜ਼ਬੂਤ ਹੋਣ ਤੋਂ ਪਹਿਲਾਂ ਹੀ ਤੋੜੀ ਹੋਈ ਹੈ।

ਇਹਨਾਂ ਦਲਾਲਾਂ ਦੇ ਕੰਮ ਕਰਨ ਦਾ ਤਰੀਕਾ ਬੇਹੱਦ ਨਾਪਿਆ ਤੋਲਿਆ ਹੁੰਦਾ ਹੈ। ਯਾਤਰੀ ਨੂੰ ਸ਼ੀਸ਼ੇ ਵਿੱਚ ਉਤਾਰਨ ਦੇ ਬਾਅਦ ਉਹ ਬੁਕਿੰਗ ਦੇ ਐਡਵਾਂਸ 500 ਰੁਪਏ ਲੈਂਦੇ ਹਨ ਅਤੇ ਕਦੋਂ, ਕਿੱਥੇ, ਕਿਵੇਂ ਜਾਣਾ ਹੈ, ਇਸ ਦੀ ਪੂਰੀ ਜਾਣਕਾਰੀ ਦੇ ਦੇਂਦੇ ਹਨ। ਯਾਤਰਾ ਉੱਤੇ ਨਾ ਜਾਣ ਉੱਤੇ ਇਹ ਪੇਸ਼ਗੀ ਰਕਮ ਵਾਪਸ ਨਹੀਂ ਕੀਤੀ ਜਾਂਦੀ। ਖ਼ਤਰੇ ਤੋਂ ਬਚਣ ਦੇ ਲਈ ਇਹ ਦਲਾਲ 5-10 ਵੱਧ

ਯਾਤਰੀਆਂ ਦਾ ਪ੍ਰਬੰਧ ਰੱਖਦੇ ਹਨ, ਜਿਸ ਕਰਕੇ ਕਿਸੇ ਦੇ ਨਾ ਆਉਣ ਉੱਤੇ ਘਾਟਾ ਨਾ ਚੁੱਕਣਾ ਪਵੇ।

ਤੀਰਥਯਾਤਰਾ ਦਾ ਪ੍ਰਚਾਰ ਪ੍ਰਸਾਰ ਵਿਗਿਆਪਨਾਂ ਤੋਂ ਜ਼ਿਆਦਾ ਪਰਚਿਆਂ ਦੇ ਜ਼ਰੀਏ ਅੱਜ ਵੀ ਕੀਤਾ ਜਾਂਦਾ ਹੈ, ਜਿਹਨਾਂ ਦਾ ਮਜਮੂਨ ਇਹੀ ਰਹਿੰਦਾ ਹੈ ਕਿ ਚਲੋ ਸ਼ਿਰਡੀ, ਤਿਰੁਪਤੀ ਬਾਲਾਜੀ, ਬਦਰੀਨਾਥ, ਕੇਦਾਰਨਾਥ, ਅਮਰਨਾਥ ਅਤੇ ਗੰਗਾਸਾਗਰ ਯਾਤਰਾ ਉੱਤੇ, ਏਨੇ ਹਜ਼ਾਰ ਰੁਪਏ ਵਿੱਚ, ਅਸੀਂ ਪੈਸੇ ਨਹੀਂ ਪੁੰਨ ਕਮਾਉਂਦੇ ਹਾਂ।

ਹਾਰ ਗਈ ਸਰਕਾਰ : ਸਭ ਕੋਸ਼ਿਸ਼ਾਂ ਦੇ ਬਾਅਦ ਵੀ ਸਰਕਾਰ ਜਦ ਪੰਡਿਆਂ, ਏਜੰਟਾਂ ਦਾ ਇਹ ਜਾਲ ਸਮਝ ਨਹੀਂ ਪਾਈ ਜਾਂ ਸਮਝਣ ਦੇ ਬਾਅਦ ਵੀ ਉਸਨੂੰ ਤੋੜ ਨਹੀਂ ਸਕੀ ਤਾਂ ਉਸ ਨੇ ਵੀ ਇਹਨਾਂ ਦੇ ਰਸਤੇ ਨੂੰ ਹੀ ਪਕੜ ਲਿਆ ਹੈ। ਹਰ ਸੂਬੇ ਵਿੱਚ ਧਾਰਮਕ ਸੈਰਸਪਾਟਾ ਨੂੰ ਹੱਲਾਸ਼ੇਰੀ ਦੇਣ ਦਾ ਜਨੂੰਨ ਸਿਰ ਚੜ੍ਹ ਕੇ ਬੋਲ ਰਿਹਾ ਹੈ। ਗੱਲ ਮੱਧਪ੍ਰਦੇਸ਼ ਦੀ ਕਰੀਏ ਤਾਂ ਸੈਰਸਪਾਟਾ ਵਿਭਾਗ ਧਾਰਮਕ ਸੈਰਸਪਾਟਾ ਨੂੰ ਹੱਲਾਸ਼ੇਰੀ ਦੇਣ ਦੀ ਸ਼ਰਤ ਉੱਤੇ ਮਾਂਡੂ ਜਾਂ ਸਾਂਚੀ ਵਰਗੇ ਇਤਿਹਾਸਕ ਮਹੱਤਵ ਦੇ ਸੈਰਸਪਾਟਾ ਦੀਆਂ ਥਾਵਾਂ ਦੀ ਅਨਦੇਖੀ ਕਰ ਰਿਹਾ ਹੈ। ਨਵੇਂ ਬਜਟ ਵਿੱਚ ਓਂਕਾਰੇਸ਼ਵਰ, ਉਜੈਨ, ਮੈਹਰ ਅਤੇ ਚਿੱਤਰਕੂਟ ਦੇ ਮੰਦਰਾਂ ਅਤੇ ਦੂਜੀਆਂ ਥਾਵਾਂ ਦੀ ਮੁਰੰਮਤ ਦੇ ਲਈ ਕਰੋੜਾਂ ਰੁਪਏ ਸੂਬਾ ਸਰਕਾਰ ਖਰਚ ਕਰ ਰਹੀ ਹੈ। ਇਸ ਤੋਂ ਫਾਇਦਾ ਆਖਰਕਾਰ ਪੰਡੇ, ਪੁਜਾਰੀਆਂ ਅਤੇ ਧਾਰਮਕ ਦਲਾਲਾਂ ਨੂੰ ਹੀ ਹੋਣਾ ਹੈ। ਭਗਵਾਂ ਏਜੰਡੇ ਦੇ ਤਹਿਤ ਸੈਰਸਪਾਟਾ ਦੇ ਅਸਲ ਉਦੇਸ਼ ਤੋਂ ਭਟਕਿਆ ਸੈਰਸਪਾਟਾ ਵਿਭਾਗ ਪੁਰੋਹਿਤਵਾਦ ਅਤੇ ਅੰਧਵਿਸ਼ਵਾਸਾਂ ਨੂੰ ਹੱਲਾਸ਼ੇਰੀ ਦੇਣ ਵਿੱਚ ਕਤਈ ਨਹੀਂ ਝਿਜਕ ਰਿਹਾ। ਇਸ ਤੋਂ ਵੀ ਵੱਧ ਫਿਕਰ ਦੀ ਗੱਲ ਭੀਮ ਬੈਠਕਾ ਵਰਗੇ ਉਹਨਾਂ ਥਾਵਾਂ ਦੀ ਦੁਰਦਸ਼ਾ ਹੈ, ਜਿਸਨੂੰ ਸੰਸਾਰ ਅਮਾਨਤ ਦਾ ਦਰਜਾ ਦਿੱਤਾ ਜਾ ਚੁੱਕਿਆ ਹੈ। ਭੀਮ ਬੈਠਕਾ ਵਿੱਚ ਕਿਉਂਕਿ ਕੰਧਚਿੱਤਰ ਤਾਂ ਹਨ, ਪਰੰਤੂ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨਹੀਂ ਹਨ। ਇਸ ਲਈ ਸਰਕਾਰ ਇਸ ਉੱਤੇ ਧਿਆਨ ਨਹੀਂ ਦੇ ਰਹੀ। ਸੈਰਸਪਾਟੇ ਨੂੰ ਜੋ ਹੱਲਾਸ਼ੇਰੀ ਮਿਲੀ ਸੀ ਉਹ ਖ਼ਤਮ ਹੋ ਚੱਲੀ ਹੈ। ਹੁਣ ਤਾਂ ਰੇਲ ਮਹਿਕਮਾ ਵੀ ਪੰਡੇ ਪੁਜਾਰੀਆਂ ਦੀ ਤਰਜ ਉੱਤੇ ਧੰਦਾ ਕਰਨ ਨੂੰ ਉਤਾਰੂ ਹੋ ਆਇਆ ਹੈ। ਸ਼ਿਰਡੀ ਦੇ ਸਾਈਂਬਾਬਾ ਤਿਰੁਪਤੀ ਬਾਲਾਜੀ, ਸ਼ਿਗਣਾਪੁਰ ਦੇ ਸ਼ਨੀ ਮੰਦਰ, ਨਾਸਿਕ ਅਤੇ ਤ੍ਰਯੰਬਕੇਸ਼ਵਰ ਯਾਤਰਾ ਦੇ ਵੱਡੇ ਵੱਡੇ ਵਿਗਿਆਨ ਦਿੱਤੇ ਜਾ ਰਹੇ ਹਨ। ਜਗਨਾਥਪੁਰੀ ਅਤੇ ਦੂਜੇ ਪ੍ਰਸਿੱਧ ਮੰਦਰਾਂ ਦੇ ਦਰਸ਼ਨ ਦੇ ਇਸ਼ਤਿਹਾਰ ਵੀ ਰੇਲ ਮਹਿਕਮਾ ਜਾਰੀ ਕਰ ਰਿਹਾ ਹੈ। ਇਹਨਾਂ ਵਿੱਚ ਪ੍ਰਤੀ ਯਾਤਰੀ ਖਰਚ ਵੀ ਦੱਸਿਆ ਜਾ ਰਿਹਾ ਹੈ ਜਿਸ ਵਿੱਚ ਠਹਿਰਨਾ, ਖਾਣਾ ਪੀਣ ਆਦਿ ਸ਼ਾਮਲ ਹੈ।

ਰੇਲਵੇ ਅਤੇ ਸੈਰਸਪਾਟਾ ਵਿਭਾਗ ਰਾਸ਼ਟਰੀ ਪੱਧਰ ਉਤੇ ਅੰਧਵਿਸ਼ਵਾਸ ਫੈਲਾਉਣ ਦਾ ਕੰਮ ਕਰ ਰਹੇ ਹਨ। ਇਸਦਾ ਇੱਕ ਹੋਰ ਗਲਤ ਅਸਰ ਇਹ ਪਵੇਗਾ ਕਿ ਤੀਰਥਯਾਤਰਾ ਦੇ ਨਾਂ ਉੱਤੇ ਚਾਂਦੀ ਕੱਟਣ ਵਾਲੇ (ਮੋਟੀ ਰਕਮ ਪ੍ਰਾਪਤ ਕਰਨ ਵਾਲੇ) ਦਲਾਲਾਂ ਦੀ ਗਿਣਤੀ ਵੀ ਵਧੇਗੀ। ਸਰਕਾਰ ਇਹਨਾਂ ਨਾਲ ਲੜ ਨਹੀਂ ਰਹੀ, ਸਗੋਂ ਇਹਨਾਂ ਦਾ ਰਸਤਾ ਸੌਖਾ ਕਰ ਰਹੀ ਹੈ। ਅਫ਼ਸੋਸ ਦੀ ਗੱਲ ਕੁੱਝ ਇਹ ਹੈ ਕਿ ਇਸ ਉੱਤੇ ਮੀਡੀਆ ਵੀ ਚੁੱਪ ਸਾਧੀ ਬੈਠਾ ਹੈ। ਇਸ ਚੁੱਪੀ ਦੇ ਪਿੱਛੇ ਹੈ ਵਿਗਿਆਪਨਾਂ ਵਿੱਚ ਉਸ ਦੀ ਕਮਾਈ ਦਾ ਵੱਡਾ ਹਿੱਸਾ ਹੈ ਜਿਸ ਦੇ ਪਿੱਛੇ ਉਸ ਦੇ ਆਰਥਿਕ ਸਵਾਰਥ ਹਨ, ਜੋ ਵਿਗਿਆਪਨਾਂ ਨਾਲ ਪੂਰੇ ਹੁੰਦੇ ਹਨ।

ਭੋਪਾਲ ਦੇ ਇੱਕ ਸੇਵਾ ਤੋਂ ਰਿਟਾਇਰ ਅਫ਼ਸਰ ਜੀ. ਪੀ. ਸਕਸੈਨਾ ਜੀ ਦੀ ਮੰਨੀਏ ਤਾਂ ਸਰਕਾਰ, ਸੈਰਸਪਾਟਾ ਵਿਭਾਗ ਅਤੇ ਰੇਲ ਮਹਿਕਮਾ ਤਾਂ ਗਲਤ ਕਰ ਹੀ ਰਹੇ ਹਨ, ਮੀਡੀਆ ਵੀ ਖ਼ੁਦਗਰਜੀ ਦੇ ਕਾਰਨ ਉਸ ਦਾ ਹਿੱਸਾ ਬਣ ਗਿਆ ਹੈ। ਬਗੈਰ ਕਿਸੇ ਪਹਿਲਾਂ ਤੋਂ ਬਣੀ ਧਾਰਨਾ ਦੇ ਸਕਸੈਨਾ ਜੀ ਦਾ ਮੰਨਣਾ ਹੈ ਕਿ ਸੈਰਸਪਾਟਾ ਦੇ ਪ੍ਰਤੀ ਜੋ ਕ੍ਰਾਂਤੀ, ਉਤਸੁਕਤਾ ਅਤੇ ਜਾਗਰੂਕਤਾ 'ਸਰਿਤਾ' ਦੇ ਸੈਰਸਪਾਟਾ ਵਿਸ਼ੇਸ਼ਅੰਕਾਂ ਦੇ ਜ਼ਰੀਏ ਆਈ ਹੈ ਉਸ ਦੀ ਰੀਸ ਅੱਜ ਤੱਕ ਕੋਈ ਨਹੀਂ ਕਰ ਸਕਿਆ ਹੈ। ਸੈਰਸਪਾਟਾ ਦੇ ਸਾਹਮਣੇ ਜੇਕਰ ਧਰਮ ਅਤੇ ਤੀਰਥਯਾਤਰਾ ਹੀ ਸਰਕਾਰ ਦੀਆਂ ਨਜ਼ਰਾਂ ਵਿੱਚ ਰਹਿ ਗਏ ਹਨ ਤਾਂ ਇਸ ਦਾ ਨੁਕਸਾਨ ਆਮ ਲੋਕਾਂ ਅਤੇ ਸਾਰੇ ਦੇਸ਼ ਨੂੰ ਉਠਾਉਣਾ ਪਵੇਗਾ। ਦੇਸ਼ ਦੇ ਬਹੁਤ ਮਹੱਤਵਪੂਰਨ ਸੈਰਸਪਾਟਾ ਸਥਾਨਾਂ ਦਾ ਵਿਕਾਸ ਰੁਕਣ ਦਾ ਅਰਥ ਹੈ ਕਿ ਇਹ ਇੱਕ ਪਿਛੜਿਆ ਹੋਇਆ ਦੇਸ਼ ਬਣਿਆ ਰਹੇਗਾ ਅਤੇ ਦੇਸ਼ਵਾਸੀ ਵੀ ਪਿਛੜੇ ਹੋਏ ਹੀ ਜਾਣੇ ਜਾਣਗੇ।

## ਧਰਤੀ 'ਤੇ ਮਨੁੱਖੀ ਵਿਕਾਸ ਦੀਆਂ ਕੁਝ ਝਲਕੀਆਂ

1. ਬਿੰਗ ਬੈਂਗ ਲਗਭੱਗ 13.7 ਅਰਬ ਵਰ੍ਹੇ ਪਹਿਲਾ ਹੋਇਆ

2. ਦਸ ਅਰਬ ਵਰ੍ਹੇ ਪਹਿਲਾ ਬਿੰਗ ਬੈਂਗ ਦੇ ਮਾਦੇ ਨੂੰ ਇਕੱਠੇ ਹੋਣਾ ਸ਼ੁਰੂ ਕਰ ਦਿੱਤਾ ਤੇ ਗਲੈਕਸੀਆਂ ਹੋਂਦ ਵਿੱਚ ਆਉਣ ਲੱਗ ਪਈਆਂ। ਸਾਡੀ ਗਲੈਕਸੀ 'ਮਿਲਕੀ ਵੇ' ਵੀ ਦਸ ਅਰਬ ਵਰ੍ਹੇ ਪਹਿਲਾਂ ਹੋਂਦ ਵਿੱਚ ਆਈ।

3. ਸਾਡਾ ਸੂਰਜ ਪਹਿਲਾ ਇੱਕ ਵਾਰ ਬਣ ਕੇ ਫੱਟ ਚੁੱਕਿਆ ਹੈ ਹੁਣ ਵਾਲਾ ਸੂਰਜ ਪੰਜ ਅਰਬ ਵਰ੍ਹੇ ਪਹਿਲਾ ਬਣਿਆ ਹੈ।

4. ਸਾਡੀ ਧਰਤੀ ਅੱਜ ਤੋਂ ਚਾਰ ਅਰਬ ਸਤਵੰਜਾ ਵਰ੍ਹੇ ਪਹਿਲਾ ਹੋਂਦ ਵਿੱਚ ਆਈ।

5. ਪਹਿਲਾ ਸੈਲ ਧਰਤੀ ਦੀ ਹੋਂਦ ਤੋਂ ਇੱਕ ਅਰਬ ਵਰੇ ਬਾਅਦ, ਪਹਿਲੇ ਕੀਟਾਣੂ ਤਿੰਨ ਅਰਬ ਸਤਵੰਜਾ ਕਰੋੜ ਵਰੇ ਪਹਿਲਾ ਹੋਂਦ ਵਿੱਚ ਆਏ। ਸ਼ੁਰੂ-ਸ਼ੁਰੂ ਵਿੱਚ ਧਰਤੀ ਐਨੀ ਗਰਮ ਸੀ ਕਿ ਕੀਟਾਣੂ ਵੀ ਵਿਕਸਤ ਤੇ ਹੋਂਦ ਵਿੱਚ ਆਉਣ ਦੀ ਹਾਲਤ ਵਿੱਚ ਨਹੀਂ ਸਨ। ਲਗਭੱਗ ਤਿੰਨ ਅਰਬ ਵਰ੍ਹੇ ਧਰਤੀ ਤੇ ਇਹਨਾਂ ਕੀਟਾਣੂਆਂ ਦਾ ਹੀ ਬੋਲ ਬਾਲਾ ਰਿਹਾ।

6. ਇਨ੍ਹਾਂ ਕੀਟਾਣੂਆਂ ਨੇ ਕਾਈ ਨੂੰ ਜਨਮ ਦਿੱਤਾ ਜਿਸਨੇ ਸਾਡੇ ਵਾਯੂਮੰਡਲ ਵਿੱਚ ਆਕਸੀਜਨ ਪੈਦਾ ਕਰਨੀ ਸ਼ੁਰੂ ਕਰ ਦਿੱਤੀ। ਪ੍ਰਕਾਸ਼ ਸੰਸਲੇਸ਼ਣ ਰਾਹੀਂ ਆਕਸੀਜਨ ਲਗਭਗ ਤਿੰਨ ਅਰਬ ਵਰ੍ਹੇ ਪੈਦਾ ਹੁੰਦੀ ਰਹੀ।

7. ਕੀਟਾਣੂਆਂ ਨੇ ਰੀੜ੍ਹ ਰਹਿਤ ਪ੍ਰਾਣੀਆਂ ਨੂੰ ਜਨਮ ਦਿੱਤਾ। ਇਹਨਾਂ ਦੀਆਂ ਕਰੋੜਾਂ ਵੰਨਗੀਆਂ ਧਰਤੀ ਤੇ ਵਿਚਰਦੀਆਂ ਰਹੀਆਂ ਹਨ ਇਹਨਾਂ ਵਿੱਚ ਮਲੱਪ, ਅਸਫੰਜ, ਜੈਲੀ, ਮਛੀਆਂ, ਝੀਂਗੇ, ਕੀਟ, ਜੋਕਾਂ ਅਤੇ ਗੰਡੋਏ ਆਦੀ ਹੋਂਦ ਵਿੱਚ ਆਉਂਦੇ ਗਏ। ਧਰਤੀ ਦੀਆਂ ਤੈਹਾਂ ਵਿੱਚ ਇਹਨਾਂ ਜੀਵਾਂ ਦੇ ਫਾਸਿਲ ਨਹੀਂ ਮਿਲਦੇ ਕਿਉਂਕਿ ਇਹਨਾਂ ਵਿੱਚ ਹੱਡੀਆਂ ਹੀ ਨਹੀਂ ਸਨ ਹੁੰਦੀਆਂ। ਪਰ ਬਹੁਤ ਸਾਰੀਆਂ ਚਟਾਨਾਂ ਵਿੱਚ ਇਹਨਾਂ ਦੇ ਤੁਰਨ ਦੇ ਨਿਸ਼ਾਨ ਮਿਲਦੇ ਹਨ।

8. 47 ਕੁ ਕਰੋੜ ਵਰ੍ਹੇ ਪਹਿਲਾ ਰੀੜ੍ਹ ਵਾਲੇ ਜੀਵ ਪਹਿਲਾਂ ਪਹਿਲ ਸਮੁੰਦਰਾਂ ਵਿੱਚ ਵਿਕਸਿਤ ਹੋਣੇ ਸ਼ੁਰੂ ਹੋ ਗਏ ਇਸਦੇ ਵਿੱਚ ਤਾਰਾ ਮੱਛੀ, ਤੇ ਹੋਰ ਮੱਛੀਆਂ ਦਾ ਵਿਕਾਸ ਹੋਇਆ ਕੁਝ ਲੱਖ ਸਾਲਾਂ ਵਿੱਚ ਹੀ ਜੀਵ ਧਰਤੀ ਤੇ ਵਿਕਸਿਤ ਹੋਣੇ ਸ਼ੁਰੂ ਹੋ ਗਏ। ਇਹਨਾਂ ਵਿੱਚ ਦਰੱਖਤ, ਡੱਡੂ, ਕਿਰਲੇ ਆਦਿ ਸਨ।

# ਪੈਰਾਂ ਹੇਠ ਲਿਖੇ ਸਿਰਨਾਵੇਂ



ਮਨੁੱਖੀ ਜੀਵਨ ਕਦੇ ਵੀ ਸਾਵਾਂ-ਪੱਧਰਾਂ ਨਹੀਂ ਹੁੰਦਾ। ਜ਼ਿੰਦਗੀ 'ਚ ਉਤਰਾਅ-ਚੜ੍ਹਾਅ ਆਉਂਦੇ ਹੀ ਰਹਿੰਦੇ ਹਨ। ਪਰ ਸਾਨੂੰ ਕਿਸੇ ਵੀ ਸਥਿਤੀ 'ਚ ਘਬਰਾਉਣਾ ਨਹੀਂ ਚਾਹੀਦਾ, ਸਗੋਂ ਸਿਆਣਪ ਕਰਨੀ ਚਾਹੀਦੀ ਹੈ। ਜ਼ਿੰਦਗੀ ਪ੍ਰਤੀ ਸਾਨੂੰ ਆਸ਼ਾਵਾਦੀ ਰਹਿਣਾ ਚਾਹੀਦਾ ਹੈ।ਕੋਈ ਵੀ ਮੰਜ਼ਿਲ ਪਹਿਲੇ ਕਦਮ 'ਤੇ ਹੀ ਸਰ ਨਹੀਂ ਹੁੰਦੀ, ਸੁਪਨਿਆਂ ਨੂੰ ਸਾਕਾਰ ਕਰਨ ਲਈ ਮੁਸੀਬਤਾਂ ਦਾ ਸਾਹਮਣਾ ਕਰਨਾ ਹੀ ਪੈਂਦਾ ਹੈ। ਹਿੰਮਤੀ ਲੋਕ ਔਕੜਾਂ ਤੋਂ ਬੇਖੌਫ ਹੋ ਕੇ ਮਸਤਕੀਂ ਦੀਵੇ ਬਾਲ ਕੇ ਆਪਣੀ ਜ਼ਿੰਦਗੀ ਦੇ ਟੀਚੇ ਹਾਸਿਲ ਕਰ ਲੈਂਦੇ ਹਨ।

ਸਾਡੇ 'ਚੋਂ ਬਹੁਤਿਆਂ ਨੇ ਰਾਜਾ ਬਰੂਸ ਤੇ ਮੱਕੜੀ ਦੀ ਕਹਾਣੀ ਸੁਣੀ ਹੀ ਹੋਵੇਗੀ।ਇਹ ਕਹਾਣੀ ਹਿੰਮਤ ਤੇ ਜ਼ਿੰਦਾਦਿਲੀ ਦੀ ਚਰਚਿਤ ਉਦਾਹਰਣ ਹੈ।ਸਾਨੂੰ ਪਤਾ ਲੱਗਦਾ ਹੈ ਕਿ ਕਿਵੇ ਹਾਰਾਂ ਤੋਂ ਅੱਕਿਆ ਰਾਜਾ ਬਰੂਸ ਉਸ ਮੱਕੜੀ ਤੋਂ ਪ੍ਰੇਰਨਾ ਲੈਂਦਾ ਹੈ, ਜੋ ਆਪਣਾ ਜਾਲ ਬੁਣਨ ਲਈ ਅਣਗਿਣਤ ਕੋਸ਼ਿਸ਼ਾਂ ਕਰਦੀ ਹੋਈ, ਅੰਤ 'ਚ ਸਫਲਤਾ ਪਾ ਲੈਂਦੀ ਹੈ।ਮਨੁੱਖ ਡਿੱਗ-ਡਿੱਗ ਕੇ ਸਵਾਰ ਹੋਣਾ ਸਿੱਖਦਾ ਹੈ। ਅਸਫਲਤਾਵਾਂ ਤੋਂ ਸਾਨੂੰ ਨਿਰਾਸ਼ ਨਹੀਂ ਹੋਣਾ ਚਾਹੀਦਾ, ਸਗੋਂ ਅਸਫਲਤਾਵਾਂ ਤੋਂ ਪ੍ਰਾਪਤ ਤਜਰਬੇ ਤਾਂ ਸਾਨੂੰ ਮੰਜਿਲ ਦੀ ਪ੍ਰਾਪਤੀ ਲਈ ਨਿਸਚਾ ਪ੍ਰਦਾਨ ਕਰਦੇ ਹਨ । ਹਿੰਮਤ ਸਦਕਾ ਹੀ ਅਸੀ ਉਨ੍ਹਾਂ ਦਿਸਹੱਦਿਆਂ ਤੱਕ ਪਹੁੰਚ ਸਕਦੇ ਹਾਂ , ਜਿਨ੍ਹਾਂ ਬਾਰੇ ਅਸੀਂ ਕਿਸੇ ਪਲ ਸੋਚਦਿਆਂ ਹੀ ਢੇਰੀਆਂ ਢਾਹ ਲੈਂਦੇ ਹਾਂ । ਪਹੁ-ਫੁਟਾਲੇ ਤੱਕ ਪਹੁੰਚਣ ਲਈ ਹਨੇਰ ਭਰੀ ਰਾਤ ਦਾ ਸਫਰ ਕਰਨਾ ਹੀ ਪੈਂਦਾ ਹੈ । ਕੋਲੰਬਸ ਨੂੰ ਵੀ ਅਮਰੀਕਾ ਦੀ ਧਰਤੀ ਵੇਖਣੀ ਐਵੇਂ ਹੀ ਨਸੀਬ ਨਹੀਂ ਸੀ ਹੋਈ, ਸਾਥ ਛੱਡ ਰਹੇ ਸਾਥੀਆ 'ਚ ਉਸਦੀ ਇੱਕਲੇ ਦੀ ਹੀ ਹਿੰਮਤ ਸੀ ਕਿ ਮੰਜ਼ਿਲ ਪ੍ਰਾਪਤ ਕਰ ਗਿਆ। ਵਿਸ਼ਵ ਇਤਿਹਾਸ 'ਚ ਅਨੇਕਾਂ ਹੀ ਹੋਰ ਅਜਿਹੀਆਂ ਉਦਾਹਰਣਾਂ ਹਨ, ਜਿਨ੍ਹਾਂ ਦੁਆਰਾ ਸਾਨੂੰ ਉਨ੍ਹਾਂ ਇਨਸਾਨਾਂ ਦੀ ਹਿੰਮਤੀ ਜ਼ਿੰਦਗੀ ਬਾਰੇ ਪਤਾ ਲੱਗਦਾ ਹੈ, ਜੋ ਸੰਘਰਸ਼ਾਂ ਦੇ ਰਾਹ ਪਏ, ਅਨੇਕਾ ਕਸ਼ਟ ਝੱਲੇ, ਪਰ ਆਪਣਾ ਰਾਹ ਨਹੀਂ ਛੱਡਿਆ।ਇਨ੍ਹਾਂ 'ਚ ਬਹੁਤੇ ਇਨਸਾਨ ਅਜਿਹੇ ਵੀ ਹਨ, ਜਿਨ੍ਹਾਂ ਨੂੰ ਜਿਉਂਦੇ ਜੀਅ ਦੁਨੀਆਂ ਵੱਲੋਂ ਠੁਕਰਾਇਆ ਗਿਆ, ਪਰ ਆਪਣੇ ਜਾਇਜ਼ ਸੰਘਰਸ਼ 'ਚ ਇਨ੍ਹਾਂ ਵਿਅਕਤੀਆਂ ਨੇ ਕਦੇ ਵੀ ਹਾਰ ਨਾ ਮੰਨੀ।ਅੱਜ ਇਨ੍ਹਾਂ ਵਿਅਕਤੀਆਂ ਦੀ ਮਾਨਵਤਾ ਨੂੰ ਦੇਣ ਲਈ ਹਰ ਕੋਈ ਸਲਾਮ ਕਰਦਾ ਹੈ।ਸੁਕਰਾਤ, ਕਾਪਰਨਿਕਸ, ਗਲੈਲਿਓ, ਬਰੂਨੋ ਅਤੇ ਡਾਰਵਿਨ ਵਰਗੇ ਮਹਾਨ ਵਿਅਕਤੀ ਇਸ ਕਤਾਰ 'ਚ ਸਭ ਤੋਂ ਮੂਹਰੇ ਆਉਂਦੇ ਹਨ।

ਸੋ, ਆਓ ਜ਼ਿੰਦਗੀ ਜਿਊਣ ਦੀ ਜਾਂਚ ਸਿੱਖੀਏ, ਐਵੇਂ ਦਿਨ-ਕਟੀ ਨਾ ਕਰੀਏ।ਜ਼ਿੰਦਗੀ ਦੇ ਮਕਸਦਾਂ ਵੱਲ ਵਧੀਏ, ਜੋ ਵੀ ਸਾਨੂੰ ਰਸਤੇ ਤੋਂ ਥਿੜਕਾਉਂਦਾ ਹੈ, ਠੋਕਰ ਮਾਰ ਕੇ ਉਸ ਅੜਚਨ ਨੂੰ ਪੁਲ ਵਜੋਂ ਵਰਤ ਲਈਏ।ਪ੍ਰਸਿੱਧ ਗੀਤਕਾਰ ਇੰਦਰਜੀਤ ਹਸਨਪੁਰੀ ਦੀ ਕਲਮ ਤੋਂ ਉਕਰੀਆਂ ਇਹ ਸਤਰਾਂ ਵੀ ਸਾਨੂੰ ਹਿੰਮਤੀ ਬਣਨ ਲਈ ਪ੍ਰੇਰਦੀਆਂ ਹਨ :-

"ਹਿੰਮਤ ਕਰ ਜੇ ਰਸਤੇ ਵਿੱਚ ਕਠਿਨਾਈਆਂ ਨੇ,<br>
ਹੰਝੂਆਂ ਨੇ ਤਕਦੀਰਾਂ ਕਦ ਪਲਟਾਈਆਂ ਨੇ,<br>
ਜਿਹਨਾਂ ਨੇ ਠੋਕਰ ਨੂੰ ਠੋਕਰ ਮਾਰੀ ਹੈ,<br>
ਉਹਨਾਂ ਨੂੰ ਹੀ ਰਾਸ ਠੋਕਰਾਂ ਆਈਆਂ ਨੇ ।"

-ਰਣਦੀਪ ਸੰਗਤਪੁਰਾ
98556-95905


## ਤਰਕਭਾਰਤੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨਾਲ ਸੰਬੰਧਤ ਕਿਤਾਬਾਂ


ਜੀਵਨੀ ਸ਼ਹੀਦ ਭਗਤ ਸਿੰਘ 80.00


ਸ਼ਹੀਦੇ ਆਜ਼ਮ ਦੀ ਜੇਲ੍ਹ ਡਾਇਰੀ 120.00


ਇਨਕਲਾਬ 120.00


ਸ਼ਹੀਦਾਂ ਦੇ ਅੰਗ ਸੰਗ 80.00


ਅਮਰ ਸ਼ਹੀਦਾਂ ਦੀਆਂ ਯਾਦਾਂ 80.00


ਸ਼ਹੀਦ ਭਗਤ ਸਿੰਘ 80.00


ਸ਼ਹੀਦ ਚੰਦਰ ਸ਼ੇਖਰ ਆਜ਼ਾਦ 80.00


ਸ਼ਹੀਦ ਭਗਵਤ ਚਰਨ ਵੋਹਰਾ 80.00


ਸ਼ਹੀਦ ਰਾਮ ਪ੍ਰਸਾਦ ਬਿਸਮਿਲ 80.00


ਸ਼ਹੀਦ ਉਧਮ ਸਿੰਘ 300.00


ਪਾਸ਼ ਦੀ ਚੋਣਵੀਂ ਕਵਿਤਾ 70.00


ਸੰਤ ਰਾਮ ਉਦਾਸੀ ਦੇ ਚੋਣਵੇਂ ਗੀਤ 60.00


ਭਗਤ ਸਿੰਘ ਤੇ ਸਾਥੀ 80.00


ਗਾਥਾ ਗਦਰੀਆਂ ਦੀ 80.00


ਖੇਤਾਂ ਦੀ ਬੁੱਕਲ 'ਚੋਂ 80.00


ਭਗਤ ਸਿੰਘ ਨੂੰ ਫਾਂਸੀ 120.00

**ਘਰ ਬੈਠੇ ਵੀਪੀਪੀ ਰਾਹੀਂ ਮੰਗਵਾਉਣ ਲਈ ਫ਼ੋਨ ਕਰੋ 01679-241744**

# ਗੱਲੀਂ ਬਾਤੀਂ ਮੈਂ ਵੱਡੀ



ਜਗਤਾਰ ਸਹੋਤਾ

ਆਮ ਤੌਰ 'ਤੇ ਇਨਸਾਨ ਉਹ ਹੀ ਚੰਗਾਂ ਸਮਝਿਆ ਜਾਂਦਾ ਹੈ, ਜਿਸ ਦੀ ਕਹਿਣੀ ਅਤੇ ਕਰਨੀ ਵਿਚ ਫਰਕ ਨਾ ਹੋਵੇ। ਪਰ ਅੱਜ ਕੱਲ੍ਹ ਦੇ ਸਿਆਸਤਦਾਨ ਇਸ ਗੱਲ ਵਿਚ ਯਕੀਨ ਨਹੀਂ ਰਖਦੇ। ਉਹ ਆਪਣੇ ਇਕਰਾਰਾਂ ਤੋਂ ਮੁੱਕਰਨ ਦੇ ਨਵੇਂ ਤੋਂ ਨਵੇਂ ਬਹਾਨੇ ਲੱਭ ਲੈਂਦੇ ਹਨ। ਭਾਰਤੀ ਜਨਤਾ ਪਾਰਟੀ ਦੇ ਆਗੂ ਨੂੰ ਹੀ ਲੈ ਲਓ ਉਸ ਨੇ ਲੋਕਾਂ ਨਾਲ ਇਕਰਾਰ ਕੀਤਾ ਸੀ, ਕਿ ਜਿਸ ਦਿਨ ਤੋਂ ਉਨ੍ਹਾਂ ਦੀ ਪਾਰਟੀ ਰਾਜ 'ਤੇ ਬਿਰਾਜਮਾਨ ਹੋ ਗਈ, ਉਸ ਦਿਨ ਤੋਂ ਲੈ ਕੇ 100 ਦਿਨ ਦੇ ਵਿਚ ਵਿਚ ਉਹ ਕਾਲਾ ਧਨ, ਜੋ ਭਾਰਤ ਦੇ ਵਾਸੀਆਂ ਨੇ ਲੁਕੋ ਕੇ ਬਾਹਰਲੇ ਦੇਸ਼ਾਂ ਵਿਚ ਰੱਖਿਆ ਹੋਇਆ ਹੈ, ਸਾਰਾ ਭਾਰਤ ਵਾਪਸ ਲਿਆਣਗੇ ਅਤੇ ਉਸ ਨਾਲ ਲੋਕਾਂ ਨੂੰ ਨਿਹਾਲ ਕਰ ਦੇਣਗੇ। ਹੁੱਣ ਸੌ ਦਿਨ ਤਾਂ ਕਦ ਦੇ ਹੀ ਲੰਘ ਗਏ ਹਨ, ਪਰ ਕਾਲੇ ਧਨ ਦਾ ਇਕ ਪੈਸਾ ਵੀ ਭਾਰਤ ਨਹੀਂ ਅਇਆ। ਪੁੱਛਣ ਤੇ ਉਹ ਕਹਿੰਦੇ ਹਨ ਕਿ ਉਨ੍ਹਾਂ ਦਾ ਇਹ ਅਰਥ ਨਹੀਂ ਸੀ। ਅੱਗੇ ਤੋਂ ਸਿਆਸਤਦਾਨ ਜਦ ਵੀ ਇਕਰਾਰ ਕਰਨ, ਤੱਦ ਉਨ੍ਹਾਂ ਨੂੰ ਉਸ ਦੇ ਅਰਥ ਪੁੱਛਣੇ ਪਿਆ ਕਰਨਗੇ। ਪਰ ਸਿਆਸਤਦਾਨ ਕਹਿਣ ਲੱਗ ਪੈਣਗੇ ਕਿ ਉਨ੍ਹਾਂ ਦੇ ਅਰਥ ਦਾ ਅਰਥ ਹੀ ਗਲਤ ਸਮਝਿਆ ਗਿਆ, ਜਾਣੀ ਲੋਕ ਉਨ੍ਹਾਂ ਨੂੰ ਜਿੱਤ ਨਹੀਂ ਸਕਦੇ। ਜਿਨ੍ਹਾਂ ਇਨਸਾਨਾਂ ਵਿਚ ਇਮਾਨਦਾਰੀ ਦੀ ਕੋਈ ਚੀਜ਼ ਹੀ ਨਹੀਂ, ਉਨ੍ਹਾਂ ਦਾ ਯਕੀਨ ਨਹੀਂ ਕੀਤਾ ਜਾ ਸਕਦਾ। ਪਰ ਆਮ ਇਨਸਾਨ ਲਈ ਇਨ੍ਹਾਂ ਨੂੰ ਪਛਾਨਣਾ ਵੀ ਸੌਖੀ ਗੱਲ ਨਹੀਂ। ਬਘਿਆੜਾਂ ਨੂੰ ਭੇਡ ਦੀ ਖੱਲ ਵਿਚ ਕੌਣ ਪਛਾਣੇ।

ਅਸਲ ਵਿਚ ਸਿਆਸਤਦਾਨ ਉਸ ਵਿਗੜੇ ਹਾਥੀ ਵਾਂਗ ਹਨ ਜਿਸ ਦੇ ਦੰਦ ਦਿਖਾਲਣ ਵਾਲੇ ਹੋਰ ਅਤੇ ਖਾਣ ਵਾਲੇ ਹੋਰ। ਜੇ ਕਾਲੇ ਧਨ ਦੀ ਗੱਲ ਹੀ ਚਾਲੂ ਰੱਖੀਏ। ਤੱਦ ਬਾਹਰਲੇ ਦੇਸ਼ਾਂ ਵਿਚ ਕਾਲੇ ਧਨ ਦਾ ਤਾਂ ਉਨ੍ਹਾਂ ਨੇ ਚੀਕ ਚੀਕ ਕੇ ਰੌਲਾ ਪਾਇਆ ਸੀ। ਪਰ ਜੋ ਭਾਰਤ ਵਿਚ ਕਾਲੇ ਧਨ ਦਾ ਬਹੁੱਤ ਵੱਡਾ ਧੰਦਾ ਚਲਦਾ ਹੈ, ਉਸ ਨੂੰ ਚੋਣਾਂ ਦੇ ਨਾਹਰੇ ਤੱਕ ਹੀ ਸੀਮਤ ਰੱਖਿਆ। ਜਾਂ ਤਾਂ ਉਹ ਇਸ ਨੂੰ ਠੀਕ ਸਮਝਦੇ ਸਨ ਜਾਂ ਉਹ ਫਿਰ ਭਲੀ ਭਾਂਤ ਜਾਣਦੇ ਸਨ ਕਿ ਉਹ ਇਸ ਬਿਨ੍ਹਾਂ ਸਰਕਾਰ ਨਾ ਤਾਂ ਬਣਾ ਸਕਣਗੇ ਅਤੇ ਨਾ ਹੀ ਚਲਾ ਸਕਣਗੇ। ਇਹ ਗੱਲ ਕਿਸੇ ਤੋਂ ਵੀ ਲੁੱਕੀ ਛੁੱਪੀ ਨਹੀਂ ਕਿ ਭਾਰਤ ਵਿਚ ਛੋਟੇ ਤੋਂ ਛੋਟੇ ਸਰਕਾਰੀ ਕਰਮਚਾਰੀ ਤੋਂ ਲੈ ਕੇ ਮੰਤਰੀਆਂ ਤੱਕ ਵੱਢੀ ਚਲਦੀ ਹੈ, ਸੋ ਇਸ ਕਾਲੇ ਧਨ ਦਾ ਬਹੁੱਤ ਵੱਡਾ ਕਿਤਾ ਹੈ। ਜੇ ਕਿਸੇ ਕਰਮਚਾਰੀ ਨੂੰ ਪੁੱਛ ਲਓ ਉਸ ਦੀ ਸਹੀ ਆਮਦਨ ਕੀ ਹੈ, ਤੱਦ ਉਹ ਦਸਦਾ ਹੈ ਕਿ ਸਰਕਾਰੀ ਤਨਖਾਹ ਇਨ੍ਹੀ ਹੈ ਅਤੇ ਉਪਰੋਂ ਇਨ੍ਹੀ ਹੈ। ਉਪਰੋਂ ਜਾਣੀ ਵੱਢੀ ਤੋਂ ਲਿਆ ਪੈਸਾ ਵੀ ਆਮਦਨ ਦਾ ਇਕ ਭਾਗ ਹੀ ਬਣ ਗਿਆ ਹੈ। ਪਿਛੇ ਜਹੀ ਖਬਰ ਲੱਗੀ ਸੀ ਕਿ ਭਾਰਤੀ ਜਨਤਾ ਪਾਰਟੀ ਦੇ ਮੰਤਰੀਆਂ ਦੀ ਸਪੰਤੀ ਤਿੰਨ ਮਹੀਨਿਆਂ ਦੇ ਵਿਚ ਵਿਚ ਹੀ ਕਈ ਕਈ ਗੁਣਾ ਵੱਧ ਗਈ ਹੈ। ਜੇ ਕਾਲੇ ਧਨ ਨੂੰ ਸਰਕਾਰ ਥੰਮ੍ਹਣ ਲਈ ਗੰਭੀਰ ਹੁੰਦੀ, ਤੱਦ ਉਹ ਆਪਣੇ ਮੰਤਰੀਆਂ ਨੂੰ ਲੋਕਾਂ ਸਾਹਮਣੇ ਪੁੱਛਦੀ ਕਿ ਉਨ੍ਹਾਂ ਦੀ ਸਪੰਤੀ ਵੱਧਣ ਦਾ ਕੀ ਕਾਰਨ ਹੈ। ਕੀ ਇਹ ਕਾਲਾ ਧਨ ਮੋਦੀ ਸਰਕਾਰ ਨੂੰ ਦਿਸਦਾ ਨਹੀਂ ਹੈ? ਜੋ ਇਕ ਆਮ ਭਾਰਤੀ ਨੂੰ ਘੁੱਣ ਦੀ ਤਰ੍ਹਾਂ ਖਾਈ ਜਾ ਰਿਹਾ ਹੈ। ਸ਼ਾਇਦ ਸਿਆਸਤਦਾਨਾਂ ਦਾ ਕੰਮ ਲੋਕਾਂ ਦੀਆਂ ਅੱਖਾਂ ਵਿਚ ਮਿੱਟੀ ਘੱਟਾ ਪਾਉਣ ਤੋਂ ਬਿਨ੍ਹਾਂ ਕੁੱਛ ਹੋਰ ਹੈ ਹੀ ਨਹੀਂ, ਉਹ, ਭਾਵੇਂ ਭਾਰਤੀ ਜਨਤਾ ਪਾਰਟੀ ਦਾ ਹੋਵੇ ਭਾਵੇਂ ਕਾਂਗਰਸ ਦਾ, ਆਪਣੀ ਉਪਰ ਵਾਲੀ ਆਮਦਨ ਨੂੰ ਖਤਮ ਨਹੀਂ ਕਰਨਾ ਚਾਹੁੰਦੇ।

ਭਾਰਤੀ ਜਨਤਾ ਪਾਰਟੀ, ਜਦ ਇਕ ਵਿਰੋਧੀ ਪਾਰਟੀ ਸੀ, ਭਾਰਤ ਵਿਚ ਉਦਯੋਗਾਂ ਵਿਚ ਬਾਹਰਲਾ ਸਰਮਾਇਆ ਵਧਾਏ ਜਾਣ ਦੇ ਵਿਰੁੱਧ ਸੀ। ਪਰ ਅੱਜ ਭਾਰਤ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬਾਹਰਲੇ ਸਰਮਾਏ ਲਈ ਮਿੰਨਤਾ ਕਰਦਾ ਫਿਰਦਾ ਹੈ ਅਤੇ ਉਨ੍ਹਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦੇ ਰਿਹਾ ਹੈ। ਇਹ ਨੀਤੀ ਦੂਰਦਰਸ਼ੀ ਨਹੀਂ ਹੈ ਸਗੋਂ ਕੰਮ ਟਪਾਊ ਹੀ ਹੈ। ਬਾਅਦ ਵਿਚ ਇਸ ਦੇ ਨਤੀਜੇ ਭੈੜੇ ਨਿਕਲਣਗੇ। ਪਰ ਸਿਆਸਤਦਾਨਾਂ ਨੂੰ ਇਸ ਦੀ ਕੋਈ ਪਰਵਾਹ ਨਹੀਂ ਹੁੰਦੀ। ਉਨ੍ਹਾਂ ਦਾ ਕੰਮ ਰਾਜ ਕਰਨਾ ਅਤੇ ਆਪਣਾ ਢਿਡ ਭਰਨਾ ਹੁੰਦਾ ਹੈ। ਬਾਹਰਲਾ ਸਰਮਾਇਆ ਲਿਆਉਣਾ, ਸ਼ਰਤਾਂ ਸਮੇਤ, ਕੋਈ ਮਾੜੀ ਗੱਲ ਨਹੀਂ, ਜੇਕਰ ਇਸ ਨਾਲ ਦੇਸ਼ ਨੂੰ ਲਾਭ ਹੁੰਦਾਂ ਹੋਵੇ। ਜੇਕਰ ਭਾਰਤ ਵਿਚ ਉਦਯੋਗੀਕਰਨ ਕਰਨਾ ਹੈ, ਤੱਦ ਉਦਯੋਗ ਦੇ ਔਗਣਾ ਤੋਂ ਬਚਣ ਦੀ ਵੀ ਲੋੜ ਹੈ। ਇੰਗਲੈਂਡ ਵਿਚ ਜਦ ਉਦਯੋਗੀਕਰਨ ਹੋਇਆ, ਤੱਦ ਨਾਲ ਹੀ ਸਰਕਾਰ ਨੇ ਸਿਹਤ ਅਤੇ ਸਿਖਿਅਤ ਕਾਨੂੰਨ (Health & Safety Acts) ਵੀ ਬਣਾਏ ਜਿਸ ਨਾਲ ਕੰਮ ਕਰਦੇ ਮਜ਼ਦੂਰਾਂ ਅਤੇ ਵਾਤਾਵਰਣ ਦਾ ਖਿਆਲ ਰੱਖਿਆ ਗਿਆ। ਮਜ਼ਦੂਰਾਂ ਪਾਸ ਕੋਈ ਤਾਕਤ ਨਹੀਂ ਹੁੰਦੀ, ਅਮੀਰ ਆਦਮੀ ਪਾਸ ਸਰਮਾਇਆ ਇਕ ਵੱਡੀ ਤਾਕਤ ਹੁੰਦੀ ਹੈ ਅਤੇ ਉਸ ਦਾ ਮੁੱਖ ਉਦੇਸ਼ ਵੱਧ ਤੋਂ ਵੱਧ ਲਾਭ ਕਮਾਉਣਾ ਹੀ ਹੁੰਦਾਂ ਹੈ। ਚੰਗੀ ਸਰਕਾਰ ਦਾ ਫਰਜ਼ ਬਣਦਾ ਹੈ ਕਿ ਉਹ ਮਜ਼ਦੂਰਾਂ ਦਾ ਵੀ ਖਿਆਲ ਰੱਖੇ। ਮਿਸਾਲ ਤੌਰ ਤੇ ਫਰਜ਼ ਕਰੋ ਕੋਈ ਕੰਪਨੀ ਕਾਰ ਬਨਾਉਣ ਦਾ ਕਾਰਖਾਨਾ ਲਾਉਣਾ ਚਹੁੰਦੀ ਹੈ। ਕਾਰਾਂ ਚਲਾਉਣ ਲਈ ਸੜਕਾਂ ਦੀ ਵੀ ਲੋੜ ਪਵੇਗੀ, ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਕੰਪਨੀ ਤੇ ਸੜਕਾਂ ਬਣਾਉਣ ਲਈ ਅਤੇ ਸੜਕਾਂ ਦੇ ਕੰਢੇ ਦਰਖਤ ਲਾਉਣ ਦੇ ਖਰਚੇ ਲਈ ਟੈਕਸ ਲਾਵੇ। ਕਾਰਾਂ ਦੇ ਵਧਣ ਨਾਲ ਵਾਤਾਵਰਣ ਅਤੇ ਲੋਕਾਂ ਦੀ ਸਿਹਤ ਨੂੰ ਨੁਕਸਾਨ ਪਹੁੰਚਦਾ ਹੈ। ਸੜਕਾਂ ਦੁਆਲੇ ਦਰਖਤ ਅਤੇ ਜੰਗਲਾਂ ਦੇ ਵਿਚ ਵਾਧਾ ਇਸ ਨੁਕਸਾਨ ਨੂੰ ਘਟਾਉਂਦਾ ਹੈ। ਸਰਕਾਰਾਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀਆਂ ਜੁੰਮੇਵਾਰੀਆਂ ਨੂੰ ਨਿਭਾਵੇ। ਉਦਯੋਗ ਵਧਾਉਣ ਦੇ ਨਾਲ ਨਾਲ ਸਰਕਾਰ ਦਾ ਕੰਮ ਇਹ ਵੀ ਹੈ ਕਿ ਉਹ ਮਜ਼ਦੂਰ ਅਤੇ ਲੋਕਾਂ ਦੀ ਸਿਹਤ ਦਾ ਵੀ ਪੂਰਾ ਖਿਆਲ ਰੱਖੇ।

ਭਾਰਤੀ ਜਨਤਾ ਪਾਰਟੀ ਉਪਰੋਂ ਤਾਂ ਇਹ ਕਹਿੰਦੀ ਹੈ ਕਿ ਉਹ ਧਰਮ ਨਿਰਪੇਖਤਾ ਦੀ ਨੀਤੀ ਤੇ ਚਲੇਗੀ ਅਤੇ ਅਸਲੀਅਤ ਵਿਚ ਕਟੜ ਅਤੇ ਪਿਛਾਂ ਖਿਚੂ ਹਿੰਦੂ ਧਰਮ ਦੀਆਂ ਰਵਾਇਤਾਂ ਨੂੰ ਵਧਾਵਾ ਦੇ ਰਹੀ ਹੈ। ਧਰਮ ਨਿਰਪੇਖਤਾ ਦੀ ਨੀਤੀ ਉਦੋਂ ਇਕ ਮਖੌਲ ਹੀ ਬਣਕੇ ਰਹਿ ਗਈ, ਜਦ ਭਾਰਤ ਸਰਕਾਰ ਦੀ ਮੰਤਰੀ ਸਾਰਿਆਂ ਸਾਹਮਣੇ ਜੋਤਸ਼ੀਆਂ ਕੋਲੋਂ ਆਪਣਾ ਹੱਥ ਦਿਖਾਲਦੀ ਫਿਰਦੀ ਦੇਖੀ ਗਈ। ਪ੍ਰਧਾਨ ਮੰਤਰੀ ਅਤੇ ਮੰਤਰੀ ਲੋਕਾਂ ਲਈ ਇਕ ਮਾਡਲ ਦਾ ਕੰਮ ਦਿੰਦੇ ਹਨ। ਹੈਰਾਨੀ ਵਾਲੀ ਗੱਲ ਹੈ ਕਿ ਭਾਰਤ ਸਰਕਾਰ ਦੀ ਮੰਤਰੀ ਇਕੀਵੀਂ ਸਦੀ ਵਿਚ ਵੀ, ਜੋਤਸ਼ਪੁਣੇ ਜੋ ਜਨਮ ਦੀ ਤਾਰੀਖ ਤੇ ਅਧਾਰਤ ਹੈ, ਵਿਚ ਯਕੀਨ ਕਰਦੀ ਹੈ। ਜ਼ਰਾ ਸੋਚੋ ਭਾਰਤ ਵਿਚ ਇਕ ਮਿੰਟ ਵਿਚ ਕਿਤਨੇ ਬੱਚੇ ਪੈਦਾ ਹੁੰਦੇ ਹਨ। ਜੋਤਸ਼ ਅਨੁਸਾਰ ਉਨ੍ਹਾਂ ਦੀ ਕਿਸਮਤ ਇਕੋ ਜਹੀ ਹੋਵੇਗੀ। ਜੇਕਰ ਕਿਸਮਤ ਮੁਤਾਬਕ ਉਹ ਸਾਰੇ ਹੀ ਇਕੋ ਸਮੇਂ ਪ੍ਰਧਾਨ ਮੰਤਰੀ ਜਾਂ ਮੰਤਰੀ ਬਣ ਗਏ, ਫਿਰ ਤਾਂ ਭਾਰਤ ਦੇ ਟੋਟੇ ਟੋਟੇ ਹੀ ਹੋਣਗੇ। ਅਸਲ ਵਿਚ ਇਹੀ ਕੁੱਛ ਭਾਰਤੀ ਜਨਤਾ ਪਾਰਟੀ ਕਰ ਰਹੀ ਹੈ। ਉਹ ਉਹੀ ਕੰਮ ਕਰ ਰਹੀ ਹੈ ਜੋ ਪਾਕਿਸਤਾਨ ਨੇ ਪਾਕਿਸਤਾਨ ਬਨਣ ਸਮੇਂ ਕੀਤਾ ਸੀ। ਪਾਕਿਸਤਾਨ ਨੇ, ਭਾਰਤੀ ਜਨਤਾ ਪਾਰਟੀ ਵਾਂਗ, ਮਜ੍ਹਬ ਨੂੰ ਵਧਾਵਾ ਦਿਤਾ ਸੀ। ਇਸੇ ਲਈ ਅੱਜ ਪਾਕਿਸਤਨ ਨੂੰ ਆਪਣੀ ਇਕੱਲੀ ਅਖੰਡਤਾ ਦਾ ਹੀ ਡਰ ਨਹੀਂ ਪਿਆ ਹੋਇਆ ਸਗੋਂ ਉਸ ਨੇ ਦੂਸਰੇ ਦੇਸ਼ਾਂ, ਖਾਸ ਕਰਕੇ ਗਵਾਂਢੀ ਦੇਸ਼ਾ, ਨੂੰ ਵੀ ਬਿਪਤਾ ਵਿਚ ਪਾਇਆ ਹੋਇਆ ਹੈ। ਜੇਕਰ ਅਜ਼ਾਦੀ ਸਮੇਂ ਤੋਂ ਹੀ ਭਾਰਤੀ ਜਨਤਾ ਪਾਰਟੀ ਦੇ, ਨਾ ਕਿ ਜਵਾਹਰ ਲਾਲ ਨਹਿਰੂ ਵਰਗੇ, ਲੀਡਰ ਰਾਜ ਕਰਦੇ ਹੁੰਦੇ, ਤੱਦ ਭਾਰਤ ਵੀ ਅੱਜ ਇਕ ਹੋਰ ਪਾਕਿਸਤਾਨ ਹੀ ਹੁੰਦਾ। ਇਕ ਹੋਰ ਮੰਤਰੀ, ਜਿਸ ਦਾ ਨਾ ਸਾਧਵੀ ਹੈ, ਨੇ ਤਾਂ ਰਾਮ ਰਾਜ ਦਾ ਵੀ ਨਾਹਰਾ ਲਾ ਦਿਤਾ ਹੈ ਅਤੇ ਬਾਕੀ ਧਰਮਾਂ ਵਾਲਿਆਂ ਨੂੰ ਹਿੰਦੂ ਰਾਜ ਮੰਨਣ ਲਈ ਆਖ ਦਿਤਾ ਜਾਂ ਭਾਰਤ ਛੱਡਣ ਲਈ। ਇਹ ਗੱਲ ਸਿਰਫ ਧਰਮ ਨਿਰਪੇਖਤਾ ਨੀਤੀ ਦੀਆਂ ਧੱਜੀਆਂ ਹੀ ਨਹੀਂ ਉਡਾਂਦੀ ਸਗੋਂ ਭਾਰਤ ਨੂੰ ਹਿੰਦੂ ਰਾਜ ਦੀਆਂ ਲੀਹਾਂ ਤੇ ਤੋਰਦੀ ਹੈ। ਕੱਟੜ ਧਰਮ ਦਾ ਬੋਲਵਾਲਾ ਲੋਕ ਰਾਜ ਨੂੰ ਖਤਮ ਕਰਦਾ ਹੈ। ਇਸ ਲਈ ਅੱਜ ਸਮੇਂ ਦੀ ਮੰਗ ਹੈ ਕਿ ਭਾਰਤ ਦੇ ਆਗੂ ਵਿਗਿਆਨਕ ਸੋਚ ਵਾਲੇ ਹੋਣ ਨਾ ਕਿ ਪਾਕਿਸਤਾਨ ਵਾਂਗ ਧਾਰਮਿਕ ਜੇਕਰ ਅਸੀਂ ਭਾਰਤ ਨੂੰ ਪਾਕਿਸਤਾਨ ਬਨਣ ਤੋਂ ਬਚਾਉਣਾ ਹੈ। ਭਾਰਤ ਨੂੰ ਪਾਕਿਸਤਾਨ ਵਾਲੇ ਰਸਤੇ ਨਹੀਂ ਤੁਰਨਾ ਚਾਹੀਦਾ।



# ਚਾਰ ਸੌ ਸਾਲ ਬਾਦ ਚਰਚ ਨੇ ਕਿਹਾ, ਅਸੀਂ ਗਲਤ ਸੀ



ਅਮਰਜੀਤ ਢਿੱਲੋਂ
ਦਬੜ੍ਹੀਖਾਨਾ

ਵਿਗਿਆਨੀਆਂ ਨੂੰ ਜਿੰਦਾ ਜਲਾਉਣ ਅਤੇ ਤਸੀਹੇ ਦੇਣ ਤੋਂ ਬਾਅਦ 2009 'ਚ ਵੈਟੀਕਨ ਚਰਚ ਦੇ ਪੋਪ ਨੇ 400ਸਾਲ ਬਾਦ ਕਿਹਾ ਕਿ ਗਲੈਲੀਓ ਠੀਕ ਸੀ ਅਸੀਂ ਗਲਤ ਸੀ ਪਰ ਹੁਣ ਚਰਚ ਨੂੰ ਸਜ਼ਾ ਕੌਣ ਦੇਵੇਗਾ। ਕਾਪਰਨੀਕਸ, ਬਰੂਨੋ ਅਤੇ ਗਲੈਲੀਓ ਦਾ ਗੁਨਾਹ ਇਹੋ ਸੀ ਕਿ ਉਹਨਾਂ ਨੇ ਕਿਹਾ ਸੀ ਧਰਤੀ ਸੂਰਜ ਦੁਆਲੇ ਘੁੰਮਦੀ ਹੈ ਅਤੇ ਬ੍ਰਹਿਮੰਡ ਦਾ ਕੇਂਦਰ ਨਹੀਂ। ਇਸਾਈ ਧਰਮ ਦੇ ਗਰੰਥ ਬਾਈਬਲ ਵਿਚ ਲਿਖਿਆ ਹੈ ਧਰਤੀ ਬ੍ਰਹਿਮੰਡ ਦਾ ਕੇਂਦਰ ਹੈ ਅਤੇ ਸੂਰਜ ਇਸਦੇ ਦੁਆਲੇ ਘੁੰਮਦਾ ਹੈ, ਚਰਚ ਵਿਗਿਆਨੀ ਦੀ ਸੋਚ ਬਰਦਾਸ਼ਤ ਨਾ ਕਰ ਸਕਿਆ। ਇਸ ਤਰ੍ਹਾਂ ਉਹਨਾਂ ਦੀ ਦੁਕਾਨਦਾਰੀ ਨੂੰ ਬਹੁਤ ਵੱਡੀ ਸੱਟ ਵਜਦੀ ਸੀ। ਅੱਜ ਗਲਤੀ ਮੰਨਣ ਅਤੇ ਵਿਗਿਆਨੀਆਂ ਨੂੰ ਸਹੀ ਕਰਾਰ ਦੇਣ ਤੋਂ ਬਾਅਦ ਕੀ ਉਹਨਾਂ ਨੇ ਬਾਈਬਲ ਵਿਚ ਦਰੁਸਤੀ ਕਰ ਲਈ ਹੈ? ਨਹੀਂ ਬਾਈਬਲ 'ਚ ਅੱਜ ਵੀ ਲਿਖਿਆ ਹੈ ਕਿ ਧਰਤੀ ਚਪਟੀ ਹੈ, ਖੜ੍ਹੀ ਹੈ, ਸੂਰਜ ਇਸ ਦੁਆਲੇ ਘੁੰਮਦਾ ਹੈ। ਇਸ ਵਿਚ ਲਿਖਿਆ ਹੈ 'ਪਹਿਲਾਂ ਰੱਬ ਨੇ ਹਨੇਰੇ ਨਾਲੋਂ ਰੌਸ਼ਨੀ ਨੂੰ ਵੱਖ ਕੀਤਾ। ਫਿਰ ਜਲਹੀਨ ਧਰਤੀ ਬਣਾਈ। ਉਸਤੋਂ ਬਾਅਦ ਆਕਾਸ਼ ਅਤੇ ਫਿਰ ਅਕਾਸ਼ ਦੀਆਂ ਮੋਰੀਆਂ 'ਚੋਂ ਪਾਣੀ (ਮੀਂਹ) ਰਿਸ ਰਿਸ ਕੇ ਧਰਤੀ 'ਤੇ ਜਮ੍ਹਾਂ ਹੋਇਆ। ਜਦੋਂ ਭਾਰਤ 'ਚ ਬਾਬਾ ਨਾਨਕ ( 1469-1539) ਗਗਨ ਮਹਿ ਥਾਲ ਵਾਲੀ- ਆਰਤੀ ਗਾ ਰਿਹਾ ਸੀ ਐਨ ਉਸੇ ਸਮੇਂ ਇਟਲੀ ਦਾ ਵਿਗਿਆਨੀ ਕਾਪਰਨੀਕਸ (1473-1443) ਆਪਣੀਆਂ ਖੋਜਾਂ ਨਾਲ ਸਿੱਧ ਕਰਕੇ ਦੱਸ ਰਿਹਾ ਸੀ ਬ੍ਰਹਿਮੰਡ ਦਾ ਕੇਂਦਰ ਧਰਤੀ ਨਹੀਂ ਕੋਈ ਹੋਰ ਹੈ। ਧਰਤੀ ਜਿਸ ਦੁਆਲੇ ਘੁੰਮਦੀ ਹੈ, ਉਹ ਅਗਾਂਹ ਕਿਸੇ ਹੋਰ ਦੁਆਲੇ ਘੁੰਮਦਾ ਹੈ।

ਭਾਵੇਂ ਕਾਪਰਨੀਕਸ ਨੇ ਆਪਣੀਆਂ ਖੋਜਾਂ 'ਤੇ ਆਧਾਰਤ ਕਿਤਾਬ ਲਿਖ ਲਈ ਸੀ ਪਰ ਉਹ ਧਾਰਮਕ ਮੂਲ ਵਾਦੀਆਂ ਦੇ ਡਰ ਕਾਰਨ ਇਹ ਛਪਵਾ ਨਾ ਸਕਿਆ। ਜਦ ਪ੍ਰਕਾਸ਼ਕ ਨੇ ਕਿਤਾਬ ਛਾਪ ਕੇ ਲਿਆਂਦੀ ਤਾਂ ਕਾਪਰਨੀਕਸ ਉਦੋਂ ਮੌਤ ਦੀਆਂ ਘੜੀਆਂ ਗਿਣ ਰਿਹਾ ਸੀ। ਉਹ 70 ਸਾਲ ਦੀ ਉਮਰ ਭੋਗ ਕੇ ਕੁਦਰਤੀ ਮੌਤ ਮਰ ਗਿਆ ਪਰ ਜੇ ਕਿਤੇ ਪੁਸਤਕ ਪਹਿਲਾਂ ਛਪ ਜਾਂਦੀ ਤਾਂ ਉਸਨੂੰ ਵੀ ਗੈਰ ਕੁਦਰਤੀ ਮੌਤ ਦਾ ਸਾਹਮਣਾ ਕਰਨਾ ਪੈਣਾ ਸੀ। ਪਤਾ ਲੱਗਣ 'ਤੇ ਚਰਚ ਨੇ ਇਸ ਕਿਤਾਬ 'ਤੇ ਪਾਬੰਦੀ ਲਗਵਾ ਦਿਤੀ। ਇਟਲੀ ਦਾ ਹੀ ਜਿਓਦਾਰਨੋ ਬਰੂਨੋ ਭਾਵੇਂ ਚਰਚ ਦਾ ਪਾਦਰੀ ਸੀ ਅਤੇ ਉਸਨੂੰ ਧਰਮ ਸ਼ਾਸ਼ਤਰ ਦੇ ਡਾਕਟਰ ਦੀ ਉਪਾਧੀ ਮਿਲੀ ਹੋਈ ਸੀ, ਪਰ ਜਦ ਉਸਨੇ ਕਾਪਰਨੀਕਸ ਦੀ ਕਿਤਾਬ ਪੜ੍ਹੀ ਤਾਂ ਉਸਦੀ ਸੋਚ ਇਕਦਮ ਬਦਲ ਗਈ। ਉਹ ਇਸਦਾ ਪ੍ਰਚਾਰ ਕਰਨ ਲੱਗਾ। ਜਦ ਉਸਨੂੰ ਗ੍ਰਿਫਤਾਰ ਕਰਨ ਲਈ ਸਾਜ਼ਸ਼ਾਂ ਹੋਣ ਲੱਗੀਆਂ ਤਾਂ ਉਹ ਭੱਜ ਕੇ ਸਵਿਟਜ਼ਰਲੈਂਡ ਚਲਾ ਗਿਆ ਅਤੇ ਉਥੇ ਇਸ ਵਿਚਾਰਧਾਰਾ ਦਾ ਪ੍ਰਚਾਰ ਕਰਨ ਲੱਗਾ। ਉਸਨੂੰ ਧੋਖੇ ਨਾਲ ਇਟਲੀ ਵਾਪਸ ਬੁਲਾ ਕੇ 1592 'ਚ ( ਕਾਪਰਨੀਕਸ ਦੀ ਮੌਤ ਤੋਂ 50 ਸਾਲ ਬਾਦ) ਜੇਲ੍ਹ 'ਚ ਸੁੱਟ ਦਿਤਾ ਗਿਆ। ਜਦ ਬੇਅੰਤ ਤਸੀਹੇ ਸਹਿ ਕੇ ਵੀ ਉਸਨੇ ਬਾਈਬਲ ਦੇ ਝੂਠ ਦੇ ਹਾਂ 'ਚ ਹਾਂ ਨਾ ਮਿਲਾਈ ਤਾਂ 1600 ਈਸਵੀ ਵਿਚ ਉਸਨੂੰ ਜਿੰਦਾ ਜਲਾ ਦਿਤਾ ਗਿਆ। ਜਲਾਉਣ ਤੋਂ ਪਹਿਲਾਂ ਉਸਦੀ ਜੀਭ ਕੱਟ ਦਿਤੀ ਗਈ। ਉਸ ਸਮੇਂ ਗਲੈਲੀਓ 36 ਸਾਲ ਦਾ ਸੀ। ਇਸ ਘਟਨਾ ਤੋਂ 9ਸਾਲ ਬਾਦ 1609 'ਚ ਗਲੈਲੀਓ ਨੇ ਦੂਰਬੀਨ ਬਣਾ ਕੇ ਸਭ ਸ਼ੱਕ ਸੁਬ੍ਹੇ ਹੀ ਦੂਰ ਕਰ ਦਿਤੇ। ਦੂਰਬੀਨ ਰਾਹੀਂ ਰਾਜੇ ਨੂੰ ਚੰਦ ਦੇ ਟੋਏ ਟਿੱਬੇ ਵੀ ਦਿਖਾ ਦਿਤੇ। ਪਰ ਚਰਚ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਕੋਈ ਧਰਤੀ ਨੂੰ ਖੜ੍ਹੀ ਕਹੇ।

1632 'ਚ ਗਲੈਲੀਓ ਨੇ 68 ਸਾਲ ਦੀ ਉਮਰ 'ਚ ਕਿਤਾਬ ਛਪਵਾਈ ਤਾਂ ਉਸਨੂੰ ਜੇਲ੍ਹ ਵਿਚ ਸੁੱਟ ਦਿਤਾ ਗਿਆ। ਉਸਨੇ ਜ਼ਿੰਦਗੀ ਦੇ ਬਾਕੀ ਸਾਲ ਜੇਲ੍ਹ ਵਿਚ ਹੀ ਬਿਤਾਏ ,ਜਿਥੇ ਉਹ ਅੰਨ੍ਹਾ ਹੋ ਗਿਆ। 1889 'ਚ ਇਟਲੀ ਦੇ ਉਸੇ ਸਥਾਨ 'ਤੇ ਬਰੂਨੋ ਦੀ ਯਾਦ 'ਚ ਸਮਾਰਕ ਬਣਾਇਆ ਗਿਆ ਹੈ , ਜਿਥੇ ਉਸਨੂੰ ਜਿਉਂਦੇ ਜਲਾ ਦਿੱਤਾ ਗਿਆ ਸੀ ਅਤੇ 2009'ਚ 400 ਸਾਲ ਬਾਅਦ ਉਸੇ ਚਰਚ ਦੇ ਪੋਪ ਨੇ ਸੰਸਾਰ ਲੋਕਾਂ ਤੋਂ ਮੁਆਫੀ ਮੰਗਦਿਆਂ ਕਿਹਾ ਹੈ ਕਿ ਗਲੈਲੀਓ ਠੀਕ ਸੀ ਅਤੇ ਚਰਚ ਗਲਤ ਸੀ। ਭਾਵੇਂ ਕਿ ਸੱਚ ਦੀ ਹਮੇਸ਼ਾ ਜਿੱਤ ਹੁੰਦੀ ਹੈ ਪਰ ਝੂਠ ਦੀ ਇਹ ਦੁਕਾਨਦਾਰੀ ਅਜੇ ਵੀ ਉਸੇ ਤਰ੍ਹਾਂ ਚੱਲ ਰਹੀ ਹੈ। ਅਜੇ ਵੀ ਸਾਡੇ ਸਲੇਬਸ ਵਿਚ ਇਹ ਨਹੀਂ ਪੜ੍ਹਾਇਆ ਜਾਂਦਾ ਕਿ ਧਰਤੀ ਪੱਛਮ ਤੋਂ ਪੂਰਬ ਵੱਲ ਸੂਰਜ ਦੁਆਲੇ ਘੁੰਮਦੀ ਹੈ ਜਿਸ ਨਾਲ ਦਿਨ ਰਾਤ ਬਣਦੇ ਹਨ। ਸਗੋਂ ਪੜ੍ਹਾਇਆ ਇਹੋ ਜਾਂਦਾ ਹੈ ਕਿ ਸੂਰਜ ਪੂਰਬ 'ਚੋਂ ਨਿਕਲ ਕੇ ਪੱਛਮ ਵਿਚ ਛਿਪਦਾ ਹੈ। ਸਰਮਾਏਦਾਰੀ ,ਸਿਆਸਤ ਅਤੇ ਧਰਮ ਲੋਕਾਂ ਨੂੰ ਹਮੇਸ਼ਾ ਅਗਿਆਨ ਵਿਚ ਹੀ ਰੱਖਣਾ ਚਾਹੁੰਦਾ। ਇਸੇ ਨਾਲ ਹੀ ਇਹਨਾਂ ਦੋਹਾਂ ਦੀ ਦੁਕਾਨਦਾਰੀ ਚਲਦੀ ਹੈ।

## ਕਾਵਿ ਕਿਆਰੀ

ਉਲੂਆਂ ਦਾ ਸ਼ੌਕ ਹੈ ਹਨੇਰਿਆਂ ਦੇ ਵਿਚ ਰਹਿਣਾ ਉਡਦੇ ਉਕਾਬ ਸਦਾ ਉੱਚੇ ਅਸਮਾਨ 'ਤੇ।
ਧਰਤੀ ਨੂੰ ਘੁੰਮਦੀ ਜਾਂ ਕਿਹਾ ਸੀ ਗਲੈਲੀਓ ਨੇ ਹੋਇਆ ਸੀ ਚਰਚ ਖਫ਼ਾ ਉਸਦੇ ਬਿਆਨ 'ਤੇ।
ਜੇਲ੍ਹ ਵਿਚ ਰੱਖ ਕੇ ਤਸੀਹੇ ਬੜੇ ਦਿਤੇ ਉਹਨੂੰ ਪਹਿਲਾਂ ਅੱਗ ਲਾਈ ਸੀ 'ਬਰੂਨੋ' ਦੀ ਜਾਨ 'ਤੇ।
ਸਾਢੇ ਤਿੰਨ ਸਦੀਆਂ ਬਾਅਦ ਕੀਤਾ ਮਾਫ ਉਸ ਤਾਈਂ ਬੜਾ ਸ਼ਰਮਿੰਦਾ ਹੈ ਚਰਚ ਹਾਰ ਜਾਨ 'ਤੇ।

ਗਲੈਲੀਓ ਨੂੰ ਮਾਫ ਕਰ ਮੰਨ ਲਿਆ ਇਹ ਪਾਦਰੀਆਂ ਕਿ ਸਚੀਂ ਮੁਚੀਓਂ ਹੀ ਘੁੰਮੀ ਜਾਂਦੀ ਹੈ ਧਰਤੀ।
ਬਾਈਬਲ 'ਚ ਅਜੇ ਤਕ ਇਹਨੂੰ ਖੜ੍ਹੀ ਲਿਖਿਆ ਹੈ ਇਸਨੂੰ ਮਿਟਾਉਣ ਲਈ ਸਿਆਹੀ ਨਹੀਂ ਵਰਤੀ।
ਉਹ ਵੀ ਬਾਣੀ ਧੁਰ ਕੀ ਹੀ ਬਾਈਬਲ ਨੂੰ ਆਖਦੇ ਨੇ ਉਂਜ ਭਾਵੇਂ ਮੁਆਫੀ ਮੰਗ ਕੇ ਕਮਾਲ ਕਰਤੀ।
ਦੇਖਦਾ ਨਾ ਚਾਨਣ ਦੇ ਗਿਆਨ ਵਲ ਭੁੱਲ ਕੇ ਵੀ ਮਜ਼ਹਬ ਦੇ ਹਨੇਰੇ ਵਿਚ ਜਿਹੜਾ ਹੋ ਜੇ ਭਰਤੀ।

# ਖੁਦਗਰਜੀ



ਡਾ. ਹਰੀਸ਼ ਮਲਹੋਤਰਾ ਬ੍ਰਮਿੰਘਮ
ਮੋਬਾ : 00447763013424

ਹਰ ਰੋਜ਼ ਲੋਕਾਂ ਨੂੰ ਦੂਜਿਆਂ ਦਾ ਭਲਾ ਕਰਨ ਦੇ ਕਈ ਮੌਕੇ ਮਿਲਦੇ ਹਨ। ਪਰ ਸਾਨੂੰ ਇਸ ਤਰ੍ਹਾਂ ਲਗਦਾ ਹੈ ਕਿ ਬਹੁਤੇ ਲੋਕ ਸਿਰਫ ਆਪਣੇ ਬਾਰੇ ਹੀ ਸੋਚਦੇ ਹਨ। ਇਹ ਰਵੱਈਆ ਹਰ ਪਾਸੇ ਦੇਖਣ ਨੂੰ ਮਿਲਦਾ ਹੈ। ਉਹ ਬੇਸ਼ਰਮ ਹੋ ਕੇ ਲੋਕਾਂ ਨੂੰ ਕਈ ਢੰਗ ਤਰੀਕਿਆਂ ਨਾਲ ਠੱਗ ਲੈਂਦੇ ਹਨ। ਗਲਤ ਤਰੀਕੇ ਨਾਲ ਕਾਰ ਚਲਾਉਂਦੇ ਹਨ, ਗਾਲ੍ਹਾ ਕੱਢਦੇ ਹਨ ਅਤੇ ਆਪਣਾ ਗੁੱਸਾ ਝਾੜਦੇ ਹਨ।

ਇਹ ਖੁਦਗਰਜ਼ ਰਵੱਈਆਂ ਕਈ ਘਰਾਂ ਵਿਚ ਵੀ ਨਜ਼ਰ ਆਉਂਦਾ ਹੈ। ਮਿਸਾਲ ਲਈ, ਕਈ ਪਤੀ ਪਤਨੀ ਇਸ ਕਰਕੇ ਤਲਾਕ ਲੈ ਲੈਂਦੇ ਹਨ ਕਿਉਂਕਿ ਇਕ ਜਣਾ ਸੋਚਦਾ ਹੈ ਕਿ ਉਸ ਨੂੰ ਕੋਈ ਹੋਰ ਬਿਹਤਰ ਇਨਸਾਨ ਮਿਲ ਸਕਦਾ ਹੈ। ਕੁੱਝ ਮਾਂ ਬਾਪ ਵੀ ਆਪਣੇ ਬੱਚਿਆਂ ਅੰਦਰ ਖੁਦਗਰਜ਼ ਰਵੱਈਆ ਪੈਦਾ ਕਰ ਸਕਦੇ ਹਨ। ਕਿਵੇਂ ? ਉਹ ਆਪਣੇ ਬੱਚਿਆਂ ਦੀ ਹਰ ਖਾਹਿਸ਼ ਪੂਰੀ ਕਰਦੇ ਹਨ ਅਤੇ ਕਿਸੇ ਵੀ ਤਰ੍ਹਾਂ ਦਾ ਅਨੁਸਾਸ਼ਣ ਸਿਖਾਉਣ ਤੋਂ ਹਿਚਕਿਚਾਉਂਦੇ ਹਨ।

ਦੂਜੇ ਪਾਸੇ, ਕਈ ਮਾਂ ਬਾਪ ਆਪਣੇ ਬੱਚਿਆਂ ਨੂੰ ਸਿਖਾਉਂਦੇ ਹਨ ਕਿ ਉਹ ਦੂਜਿਆਂ ਬਾਰੇ ਪਹਿਲਾਂ ਸੋਚਣ ਜਿਸ ਵਿਚ ਉਹਨਾਂ ਦਾ ਹੀ ਭਲਾ ਹੈ। ਜੇਹੜੇ ਬੱਚੇ ਹੋਰਨਾਂ ਦਾ ਲਿਹਾਜ਼ ਕਰਦੇ ਹਨ, ਉਹਨਾਂ ਦੇ ਜ਼ਿਆਦਾ ਦੋਸਤ ਬਣਦੇ ਹਨ ਅਤੇ ਉਹਨਾਂ ਦਾ ਦੂਜਿਆਂ ਨਾਲ ਚੰਗਾ ਰਿਸ਼ਤਾ ਬਣਿਆ ਰਹਿੰਦਾ ਹੈ, ਕਿਉਂਕਿ ਲੈਣ ਨਾਲੋਂ ਦੇਣ ਵਿਚ ਜ਼ਿਆਦਾ ਖੁਸ਼ੀ ਮਿਲਦੀ ਹੈ।

ਤੁਸੀਂ ਆਪਣੇ ਬੱਚਿਆਂ ਨੂੰ ਕਿਵੇਂ ਸਿਖਾ ਸਕਦੇ ਹੋ ਕਿ ਚੰਗੇ ਬਣਨ ਦੇ ਫਾਇਦੇ ਹਨ ਅਤੇ ਉਹ ਆਪਣੇ ਆਲੇ ਦੁਆਲੇ ਦੇ ਖੁਦਗਰਜ਼ ਰਵੱਈਏ ਤੋਂ ਬਚ ਕੇ ਰਹਿਣ।

ਖੋਜ਼ਕਾਰਾਂ ਨੇ ਚਿੰਤਾ ਵਿਚ ਪਾਉਣ ਵਾਲਾ ਇਹ ਰੁਝਾਨ ਦੇਖਿਆ ਹੈ : ਕਈ ਨੌਜਵਾਨ/ਮੁਟਿਆਰਾਂ ਇਸ ਰਵੱਈਏ ਨਾਲ ਕੰਮ ਤੇ ਜਾਣਾ ਸ਼ੁਰੂ ਕਰਦੇ ਹਨ ਕਿ ਉਹਨਾਂ ਨੂੰ ਕਾਮਯਾਬੀ ਮਿਲੇਗੀ ਭਾਵੇਂ ਕਿ ਉਹਨਾਂ ਨੇ ਇਸ ਵਾਸਤੇ ਥੋੜ੍ਹੀ ਜੇਹੀ ਮਿਹਨਤ ਕੀਤੀ ਹੈ ਜਾਂ ਬਿਲਕੁਲ ਨਹੀਂ ਕੀਤੀ। ਕੁੱਝ ਸੋਚਦੇ ਹਨ ਕਿ ਆਪਣੇ ਕੰਮ ਵਿਚ ਮਾਹਰ ਹੋਣ ਤੋਂ ਬਿਨਾਂ ਹੀ ਉਹਨਾਂ ਦੀ ਫਟਾਫਟ ਤਰੱਕੀ ਹੋ ਜਾਵੇਗੀ। ਕਈ ਆਪਣੇ ਆਪ ਨੂੰ ਖਾਸ ਸਮਝਦੇ ਹਨ, ਇਸ ਲਈ ਉਹ ਸੋਚਦੇ ਹਨ ਕਿ ਉਹਨਾਂ ਨਾਲ ਦੂਜਿਆਂ ਨਾਲੋਂ ਜ਼ਿਆਦਾ ਚੰਗਾ ਸਲੂਕ ਕੀਤਾ ਜਾਣਾ ਚਾਹੀਦਾ ਹੈ। ਪਰ ਜਦੋਂ ਉਹਨਾਂ ਨੂੰ ਪਤਾ ਲੱਗਦਾ ਹੈ ਕਿ ਦੂਜਿਆਂ ਦੀ ਨਜ਼ਰ ਵਿਚ ਉਹ ਖਾਸ ਨਹੀਂ ਹਨ ਤਾਂ ਉਹ ਨਿਰਾਸ਼ ਹੋ ਜਾਂਦੇ ਹਨ।

ਕਈ ਵਾਰ ਕੁੱਝ ਲੋਕ ਇਸ ਲਈ ਖੁੱਦ ਨੂੰ ਕਿਸੇ ਚੀਜ਼ ਦੇ ਹੱਕਦਾਰ ਸਮਝਦੇ ਹਨ ਕਿਉਂਕਿ ਉਹਨਾਂ ਦਾ ਪਾਲਣ ਪੋਸ਼ਣ ਹੀ ਇਸੇ ਤਰੀਕੇ ਨਾਲ ਹੋਇਆ ਹੁੰਦਾ ਹੈ। ਮਿਸਾਲ ਲਈ, ਹਾਲ ਦੇ ਦਹਾਕਿਆਂ ਵਿਚ ਇਹ ਰੁਝਾਨ ਆਮ ਹੀ ਦੇਖਣ ਨੂੰ ਮਿਲਿਆ ਹੈ ਕਿ ਇਨਸਾਨ ਨੂੰ ਆਤਮ ਵਿਸ਼ਵਾਸ਼ ਪੈਦਾ ਕਰਨਾ ਚਾਹੀਦਾ ਹੈ ਅਤੇ ਇਸ ਗੱਲ ਦਾ ਮਾਪਿਆਂ ਉਤੇ ਬਹੁਤ ਜ਼ਿਆਦਾ ਅਸਰ ਹੋਇਆ ਵੀ। ਇਸ ਸਿਧਾਂਤ ਦਾ ਮਕਸਦ ਸਹੀ ਜਾਪਦਾ ਸੀ : ਜੇ ਬੱਚਿਆਂ ਦੀ ਥੋੜ੍ਹੀ ਜੇਹੀ ਤਾਰੀਫ ਕਰਨੀ ਚੰਗੀ ਗੱਲ ਹੈ ਤਾਂ ਜ਼ਿਆਦਾ ਤਾਰੀਫ ਕਰਨੀ ਤਾਂ ਹੋਰ ਵੀ ਵਧੀਆ ਗੱਲ ਹੈ। ਦੂਜੇ ਪਾਸੇ, ਇਹ ਵੀ ਸੋਚਿਆ ਜਾਂਦਾ ਸੀ ਕਿ ਬੱਚੇ ਦੇ ਕਿਸੇ ਵੀ ਗੱਲ ਤੇ ਨਿਰਾਜ਼ ਹੋਣ ਨਾਲ ਉਹਦਾ ਹੌਂਸਲਾ ਢਹਿ ਜਾਵੇਗਾ। ਜਿਸ ਦੁਨੀਆ ਵਿਚ ਆਪਣੇ ਆਪ ਨੂੰ ਉੱਚਾ ਸਮਝਣ ਦਾ ਰੁਝਾਨ ਹੈ, ਉਸ ਵਿਚ ਜੇ ਤੁਸੀਂ ਆਪਣੇ ਬੱਚਿਆਂ ਨੂੰ ਵਡਿਆਉਂਦੇ ਨਹੀਂ ਤਾਂ ਤੁਸੀਂ ਚੰਗੇ ਮਾਪੇ ਨਹੀਂ ਕਹਿਲਾਉਂਦੇ। ਮਾਪਿਆਂ ਨੂੰ ਕਿਹਾ ਗਿਆ ਸੀ ਕਿ ਉਹ ਬੱਚਿਆਂ ਨੂੰ ਕਦੇ ਕੁੱਝ ਇਸ ਤਰ੍ਹਾਂ ਦਾ ਨਾ ਕਹਿਣ ਜਿਸ ਕਰਕੇ ਬੱਚੇ ਆਪਣੇ ਬਾਰੇ ਘਟੀਆ ਸੋਚਣ।



ਇਸ ਲਈ ਕਈ ਕਈ ਮਾਂ-ਬਾਪ ਆਪਣੇ ਬੱਚਿਆਂ ਦੀ ਤਾਰੀਫ ਦੇ ਪੁਲ ਬੰਨ੍ਹਣ ਲੱਗੇ, ਭਾਵੇਂ ਕਿ ਬੱਚਿਆਂ ਨੇ ਇਸ ਲਾਇਕ ਕੁੱਝ ਖਾਸ ਕੀਤਾ ਵੀ ਨਹੀਂ ਸੀ। ਇਹ ਰੁਝਾਨ ਏਸ਼ੀਆਈ ਪਰਿਵਾਰਾਂ ਵਿਚ ਆਮ ਦੇਖਣ ਨੂੰ ਮਿਲਦਾ ਹੈ। ਬੱਚਿਆਂ ਦੀ ਹਰ ਛੋਟੀ ਮੋਟੀ ਕਾਮਯਾਬੀ ਦੇ ਜਸ਼ਨ ਮਨਾਏ ਜਾਣ ਲੱਗੇ ਅਤੇ ਹਰ ਗਲਤੀ ਨੂੰ ਨਜ਼ਰ ਅੰਦਾਜ਼ ਕਰ ਦਿੱਤਾ ਜਾਂਦਾ ਸੀ। ਭਾਵੇਂ ਉਹ ਕਿੰਨੀ ਵੱਡੀ ਕਿਉਂ ਨਹੀਂ ਸੀ। ਉਹਨਾਂ ਮਾਪਿਆਂ ਦਾ ਮੰਨਣਾ ਸੀ ਕਿ ਆਤਮ ਵਿਸ਼ਵਾਸ਼ ਵਧਾਉਣ ਲਈ ਬੁਰੀਆਂ ਗੱਲਾਂ ਨੂੰ ਨਜ਼ਰ ਅੰਦਾਜ਼ ਕਰਕੇ ਬਾਕੀ ਸਾਰੀਆਂ ਗੱਲਾਂ ਦੀ ਤਾਰੀਫ ਕਰਨੀ ਚਾਹੀਦੀ ਹੈ। ਉਹਨਾਂ ਲਈ ਬੱਚਿਆਂ ਨੂੰ ਹਰ ਗੱਲ 'ਤੇ ਖੁਸ਼ ਕਰਨਾ ਜ਼ਿਆਦਾ ਜ਼ਰੂਰੀ ਬਣ ਗਿਆ ਨਾ ਕਿ ਉਹ ਕੰਮ ਕਰਨੇ ਸਿਖਾਉਣੇ ਜਿਨ੍ਹਾਂ ਕਰਕੇ ਉਹ ਸੱਚ ਮੁੱਚ ਆਪਣੇ ਬਾਰੇ ਚੰਗਾ ਮਹਿਸੂਸ ਕਰ ਸਕਦੇ ਸਨ। ਜਦੋਂ ਕਿ ਤਾਰੀਫ ਕਰਨੀ ਉਦੋਂ ਚੰਗੀ ਗੱਲ ਹੈ ਜਦੋਂ ਇਹ ਢੁੱਕਵੀ ਹੋਵੇ। ਪਰ ਬੱਚਿਆਂ ਦੀ ਖੁਸ਼ੀ ਲਈ ਉਹਨਾਂ ਦੀ ਤਾਰੀਫ ਕਰਨ ਨਾਲ ਉਹ ਆਪਣੇ ਬਾਰੇ ਗਲਤ ਨਜ਼ਰੀਆਂ ਆਪਣਾ ਲੈਣਗੇ।

ਇਹ ਸੱਚ ਹੈ ਕਿ ਜੇ ਕੋਈ ਕੁੱਝ ਨਾ ਹੁੰਦੇ ਹੋਏ ਵੀ ਆਪਣੇ ਆਪ ਨੂੰ ਕੁੱਝ ਸਮਝੇ ਤਾਂ ਉਹ ਆਪਣੇ ਆਪ ਨੂੰ ਧੋਖਾ ਦੇ ਰਿਹਾ ਹੁੰਦਾ ਹੈ। ਇਸ ਬੀਮਾਰੀ ਤੋਂ ਸਿਰਫ ਅੱਲੜ੍ਹ ਉਮਰ ਦੇ ਬੱਚੇ ਹੀ ਪ੍ਰਭਾਵਤ ਨਹੀਂ ਸਗੋਂ ਕਈ ਵੱਡੀ ਉਮਰ ਦੇ ਲੋਕ ਵੀ ਇਹਦੇ ਮਰੀਜ਼ ਹਨ। ਇਸ ਬੀਮਾਰੀ ਨਾਲ ਨੁਕਸਾਨ ਸਾਡਾ ਆਪਣਾ ਹੀ ਹੁੰਦਾ ਹੈ, ਹੋਰ ਕਿਸੇ ਦਾ ਨਹੀਂ। ਪਿੱਠ ਪਿੱਛੇ ਲੋਕ ਮਖੌਲ ਕਰਦੇ ਹਨ ਅਤੇ ਸਾਡੀ ਸ਼ਖ਼ਸ਼ੀਅਤ ਨੂੰ ਗੰਭੀਰਤਾ ਨਾਲ ਲੈਣ ਤੋਂ ਸੰਕੋਚ ਕਰਦੇ ਹਨ। ਉਹ ਇਥੋਂ ਤੱਕ ਕਹਿਣ ਤੱਕ ਵੀ ਜਾਂਦੇ ਹਨ ਕਿ ਇਹਦਾ ਦਿਮਾਗ ਖਰਾਬ ਹੋ ਗਿਆ ਹੈ।'

ਲੋੜ ਪੈਣ 'ਤੇ ਬੱਚਿਆਂ ਨੂੰ ਤਾੜਨਾ ਦੇਣੀ ਅਤੇ ਤਾਰੀਫ ਕਰਨ ਦਾ ਆਪਣਾ ਟੀਚਾ ਰੱਖੋ। ਆਪਣੇ ਬੱਚਿਆਂ ਨੂੰ ਖੁਸ਼ ਕਰਨ ਲਈ ਉਨ੍ਹਾਂ ਦੀ ਝੂਠੀ ਤਾਰੀਫ ਨਾ ਕਰੋ। ਉਹਨਾਂ ਨੇ ਇਸ ਨਾਲ ਖੁਸ਼ ਨਹੀਂ ਹੋਣਾ। ਆਤਮ ਵਿਸ਼ਵਾਸ਼ ਉਸ ਵੇਲੇ ਹੀ ਤੁਹਾਡੇ ਵਿਚ ਆਉਂਦਾ ਹੈ ਜਦੋਂ ਤੁਸੀਂ ਆਪਣੇ ਹੁਨਰਾਂ ਨੂੰ ਨਿਖਾਰਦੇ ਹੋ ਅਤੇ ਕੁੱਝ ਸਿਖਦੇ ਹੋ। ਇਹ ਕਹਿਣ ਨਾਲ ਆਤਮ ਵਿਸ਼ਵਾਸ਼ ਪੈਦਾ ਨਹੀਂ ਹੁੰਦਾ ਕਿ ਤੂੰ ਤਾਂ ਕਮਾਲ ਹੀ ਕਰ ਦਿੱਤੀ। ਭਾਵੇਂ ਤੁਸੀਂ ਕੁਝ ਵੀ ਨਾ ਕੀਤਾ ਹੋਵੇ। ਸਾਨੂੰ ਆਪਣੇ ਆਪ ਨੂੰ ਲੋੜੋਂ ਵੱਧ ਨਹੀਂ ਸਮਝਣਾ ਚਾਹੀਦਾ।

ਕਈ ਨੌਜਵਾਨ ਜਦੋਂ ਕੰਮ 'ਤੇ ਜਾਣਾ ਸ਼ੁਰੂ ਕਰਦੇ ਹਨ ਤਾਂ ਲਗਦਾ ਹੈ ਕਿ ਉਹ ਮੁਸ਼ਕਲਾਂ ਦਾ ਸਾਹਮਣਾ ਕਰਨ ਲਈ ਤਿਆਰ ਨਹੀਂ ਹੁੰਦੇ। ਕੁੱਝ ਤਾਂ ਥੋੜ੍ਹੀ ਜੇਹੀ ਨੁਕਤਾਚੀਨੀ ਸੁਣ ਕੇ ਬੜੇ ਪਰੇਸ਼ਾਨ ਹੋ ਜਾਂਦੇ ਹਨ। ਕਈ ਨਖਰੇ ਕਰਦੇ ਹਨ ਅਤੇ ਕਹਿੰਦੇ ਹਨ ਕਿ ਉਹ ਉਹੀ ਕੰਮ ਕਰਨਗੇ ਜੋ ਉਹਨਾਂ ਦੀਆਂ ਉੱਚੀਆਂ ਉਮੀਦਾਂ ਮੁਤਾਬਕ ਹੋਵੇ। ਮਿਸਾਲ ਲਈ ਡਾਕਟਰ ਜੋਸਫ ਐਲਨ ਆਪਣੀ ਕਿਤਾਬ, "ਇਸਕੇਪਿੰਗ ਦ ਐਂਡਲੈਸ ਐਡੋਲੇਸੰਸ" ਵਿਚ ਉਸ ਨੌਜਵਾਨ ਬਾਰੇ ਦੱਸਦਾ ਹੈ ਜਿਸ ਨੇ ਉਸ ਨੂੰ ਨੌਕਰੀ ਲਈ ਇੰਟਰਵਿਊ ਵੇਲੇ ਕਿਹਾ ਸੀ, "ਮੈਨੂੰ ਲਗਦਾ ਹੈ ਕਿ ਇਹ ਨੌਕਰੀ ਕਰਦਿਆਂ ਕੁੱਝ ਮਾੜੇ ਮੋਟੇ ਬੋਰਿੰਗ ਕੰਮ ਵੀ ਹੋਣਗੇ ਅਤੇ ਮੈਂ ਬੋਰ ਨਹੀਂ ਹੋਣਾ ਚਾਹੁੰਦਾ।" ਡਾਕਟਰ ਐਲਨ ਲਿਖਦਾ ਹੈ; "ਲਗਦਾ ਹੈ ਕਿ ਉਸ ਨੌਜਵਾਨ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਹਰ ਤਰ੍ਹਾਂ ਦੀ ਨੌਕਰੀ ਕਰਦਿਆਂ ਕੁੱਝ ਬੋਰਿੰਗ ਕੰਮ ਕਰਨੇ ਪੈਂਦੇ ਹਨ। ਇਹ ਗੱਲ ਜਾਣੇ ਬਿਨਾਂ ਉਸ ਨੇ 23 ਸਾਲ ਦੀ ਉਮਰ ਕਿਵੇਂ ਗੁਜ਼ਾਰ ਲਈ ?"

ਇਹ ਜ਼ਰੂਰੀ ਹੈ ਕਿ ਹਰ ਇਨਸਾਨ ਖੁਦ ਆਪਣੇ ਕੰਮ ਦੀ ਜਾਂਚ ਕਰੇ। ਇਸ ਤਰ੍ਹਾਂ ਕਰਨ ਨਾਲ ਉਹ ਆਪਣੇ ਕੰਮ ਤੋਂ ਖੁਸ਼ ਹੋਵੇਗਾ। ਹਰ ਮਾਪਾ ਚਾਹੁੰਦਾ ਹੈ ਅਤੇ ਕੋਸ਼ਿਸ਼ ਵੀ ਕਰਦਾ ਹੈ ਕਿ ਆਪਣੇ ਬੱਚਿਆਂ ਨੂੰ ਕਿਸੇ ਵੀ ਮੁਸੀਬਤ ਤੋਂ ਮਹਿਫੂਜ਼ ਰੱਖੇ। ਪਰ ਇਹਦਾ ਮਤਲਬ ਇਹ ਨਹੀਂ ਕਿ ਅਗਰ ਤੁਹਾਡਾ ਬੱਚਾ ਪੇਪਰਾਂ ਵਿਚੋਂ ਫੇਲ੍ਹ ਹੋ ਗਿਆ ਹੈ ਤਾਂ ਤੁਸੀਂ ਅਧਿਆਪਕ ਕੋਲ ਜਾ ਕੇ ਉਸ ਨੂੰ ਨੰਬਰ ਵਧਾਉਣ ਲਈ ਕਹੋ। ਅਗਰ ਤੁਹਾਡੇ ਪੁੱਤਰ ਨੇ ਟ੍ਰੈਫਿਕ ਦੇ ਨਿਯਮਾਂ ਦਾ ਪਾਲਣ ਨਹੀਂ ਕੀਤਾ ਅਤੇ ਜੁਰਮਾਨਾ ਹੋਣ ਤੇ ਤੁਸੀਂ ਉਹਦਾ ਜ਼ੁਰਮਾਨਾ ਭਰੋ। ਅਗਰ ਤੁਹਾਡੇ ਪੁੱਤਰ ਜਾਂ ਧੀ ਦੀ ਗੁਆਂਢੀ ਨਾਲ ਲੜਾਈ ਹੋ ਗਈ ਤਾਂ ਇਹਦਾ ਦੋਸ਼ ਗੁਆਂਢੀ ਸਿਰ ਮੜ੍ਹੋ। ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਆਪਣੇ ਬੱਚਿਆਂ ਦੀ ਰਾਖੀ ਕਰਨੀ ਕੁਦਰਤੀ ਗੱਲ ਹੈ, ਪਰ ਹੱਦੋਂ ਜ਼ਿਆਦਾ ਖਿਆਲ ਰੱਖਣ ਨਾਲ ਉਹਨਾਂ ਨੂੰ ਗਲਤ ਸਿੱਖਿਆ ਮਿਲਦੀ ਹੈ ਕਿ ਉਹਨਾਂ ਨੂੰ ਆਪਣੇ ਕੰਮਾਂ ਲਈ ਜ਼ਿੰਮੇਵਾਰ ਹੋਣ ਦੀ ਲੋੜ ਨਹੀਂ ਹੈ। 'ਪਾਜ਼ਿਟਵ ਡਿਸਿਪਲਨ ਫਾਰ ਟੀਨੇਜ਼ਰਜ਼' ਕਿਤਾਬ ਕਹਿੰਦੀ ਹੈ : ਦੁੱਖਾਂ ਅਤੇ ਨਿਰਾਸ਼ਾਵਾਂ ਦਾ ਸਾਹਮਣਾ ਕਰਨਾ ਅਤੇ ਇਹਨਾਂ ਤੋਂ ਕੋਈ ਸਬਕ ਸਿੱਖਣ ਦੀ ਬਜਾਇ ਅਜਿਹੇ ਬੱਚੇ ਵੱਡੇ ਹੋਕੇ ਬਹੁਤ ਹੀ ਖੁਦਗਰਜ ਹੋ ਜਾਂਦੇ ਹਨ ਅਤੇ ਉਹਨਾਂ ਦਾ ਮੰਨਣਾ ਹੈ ਕਿ ਦੁਨੀਆ ਅਤੇ ਉਹਨਾਂ ਦੇ ਮਾਪਿਆਂ ਦਾ ਫਰਜ਼ ਹੈ ਕਿ ਉਹਨਾਂ ਵਾਸਤੇ ਸਭ ਕੁੱਝ ਕਰਨ।"

ਸਾਨੂੰ ਇਹ ਗੱਲ ਆਪਣੇ ਬੱਚਿਆਂ ਨੂੰ ਸਿਖਾਉਣੀ ਚਾਹੀਦੀ ਹੈ ਕਿ ਮੁਸ਼ਕਲਾਂ ਜ਼ਿੰਦਗੀ ਦਾ ਹਿੱਸਾ ਹਨ। ਹਰ ਕਿਸੇ ਤੇ ਬੁਰਾ ਸਮਾ ਆਉਂਦਾ ਹੈ। ਚੰਗੇ ਲੋਕਾਂ ਤੇ ਵੀ ਇਹ ਸਮਾਂ ਆਉਂਦਾ ਹੈ। ਇਹ ਮਸਾਲਾਂ ਸਾਡੇ ਗੁਰੂਆਂ ਦੀਆਂ ਵੀ ਹਨ ਅਤੇ ਦੇਸ਼ ਦੀ ਆਜ਼ਾਦੀ ਲਈ ਲੜਨ ਮਿਟਣ ਵਾਲੇ ਸੂਰਮਿਆਂ ਦੀ ਵੀ ਹਨ। ਪਰ ਉਹਨਾਂ ਨੇ ਹਰ ਹਾਲ ਵਿਚ ਸਤੁੰਸ਼ਟ ਰਹਿਣਾ ਸਿੱਖਿਆ ਹੈ, ਉਹਨਾਂ ਨੇ ਇਹ ਰਾਜ਼ ਜਾਣਿਆ ਹੈ ਕਿ ਤੰਗੀਆਂ ਤੁਰਸ਼ੀਆਂ ਜ਼ਿੰਦਗੀ ਦਾ ਹਿੱਸਾ ਹੁੰਦੀਆਂ ਹਨ।

ਸਾਨੂੰ ਇਹ ਗੱਲ ਆਪਣੇ ਬੱਚਿਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ "ਹਰੇਕ ਨੂੰ ਆਪੋ ਆਪਣੀ ਜ਼ਿੰਮੇਵਾਰੀ ਦਾ ਭਾਰ ਆਪ ਚੁੱਕਣਾ ਪਵੇਗਾ।" ਅਗਰ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਕੇ ਤੁਹਾਡੇ ਪੁੱਤਰ ਨੂੰ ਜ਼ੁਰਮਾਨਾ ਹੋਇਆ ਹੈ ਤਾਂ ਚੰਗੀ ਗੱਲ ਹੋਵੇਗੀ ਕਿ ਉਹ ਆਪਣੇ ਖਰਚੇ ਜਾਂ ਤਨਖਾਹ ਵਿਚੋਂ ਇਸ ਨੂੰ ਭਰੇ। ਜੇਕਰ ਤੁਹਾਡਾ ਬੱਚਾ ਕਿਸੇ ਪੇਪਰ ਵਿਚੋਂ ਫੇਲ੍ਹ ਹੋ ਗਿਆ ਹੈ ਤਾਂ ਸ਼ਾਇਦ ਉਸ ਨੂੰ ਹੋਸ਼ ਵਿਚ ਆ ਜਾਣਾ ਚਾਹੀਦਾ ਹੈ ਤਾਂ ਕਿ ਅਗਲੀ ਵਾਰ ਚੰਗੀ ਤਿਆਰੀ ਕਰੇ। ਜੇ ਤੁਹਾਡੇ ਪੁੱਤਰ ਦੀ ਗੁਆਂਢੀ ਨਾਲ ਲੜਾਈ ਹੋ ਜਾਂਦੀ ਹੈ ਤਾਂ ਉਸ ਨੂੰ ਹੌਂਸਲਾ ਦਿਉ। ਪਰ ਸਮਾਂ ਆਉਣ 'ਤੇ ਉਸ ਦੀ ਇਨ੍ਹਾਂ ਸਵਾਲਾਂ ਤੇ ਸੋਚ ਵਿਚਾਰ ਕਰਨ ਵਿਚ ਮੱਦਦ ਕਰੋ : 'ਜੋ ਕੁੱਝ ਹੋਇਆ, ਕੀ ਉਹ ਮੇਰਾ ਕਸੂਰ ਸੀ ?" ਜਿਹੜੇ ਬੱਚੇ ਆਪਣੀਆਂ ਸਮੱਸਿਆਵਾਂ ਸੁਲਝਾ ਲੈਂਦੇ ਹਨ, ਉਹਨਾਂ ਵਿਚ ਹਿੰਮਤ ਆ ਜਾਂਦੀ ਹੈ ਅਤੇ ਆਤਮ ਵਿਸ਼ਵਾਸ਼ ਵੱਧਦਾ ਹੈ। ਜੇਕਰ ਕੋਈ ਹੋਰ ਉਹਨਾਂ ਦੀਆਂ ਸਮੱਸਿਆਵਾਂ ਸੁਲਝਾਉਂਦਾ ਹੈ ਤਾਂ ਉਹਨਾਂ ਵਿਚ ਇਹ ਗੁਣ ਪੈਦਾ ਨਹੀਂ ਹੋਣਗੇ।

20 ਜਾਂ ਇਸ ਤੋਂ ਜ਼ਿਆਦਾ ਉਮਰ ਦੇ ਨੌਜਵਾਨਾਂ 'ਤੇ ਕੀਤੇ ਸਰਵੇਖਣ ਵਿਚ 81 ਪ੍ਰਤੀਸ਼ਤ ਨੌਜਵਾਨਾਂ ਨੇ ਕਿਹਾ ਕਿ ਉਹਨਾਂ ਦੀ ਪੀੜ੍ਹੀ ਦਾ ਮੁਖ ਮੁਕਸਦ "ਅਮੀਰ ਬਣਨਾ ਹੈ" ਨਾ ਕਿ ਦੂਜਿਆਂ ਦੀ ਮਦਦ ਕਰਨੀ। ਪਰ ਧਨ ਦੌਲਤ ਪਿੱਛੇ ਲੱਗਣ ਨਾਲ ਸਤੁੰਸ਼ਟੀ ਨਹੀਂ ਮਿਲਦੀ। ਦਰਅਸਲ, ਇਕ ਖੋਜ ਤੇ ਪਤਾ ਲੱਗਾ ਹੈ ਕਿ ਜਿਹਨਾਂ ਲੋਕਾਂ ਦੀਆਂ ਨਜ਼ਰਾਂ ਵਿਚ ਧਨ ਦੌਲਤ ਕਮਾਉਣਾ ਹੀ ਸਭ ਕੁਝ ਹੈ। ਉਹ ਇੰਨੇ ਖੁਸ਼ ਨਹੀਂ ਹੁੰਦੇ ਅਤੇ ਉਦਾਸੀ ਰੋਗ ਦੇ ਸ਼ਿਕਾਰ ਹੋ ਜਾਂਦੇ ਹਨ। ਉਹਨਾਂ ਨੂੰ ਕਈ ਸਰੀਰਕ ਅਤੇ ਮਾਨਸਿਕ ਸਮੱਸਿਆਵਾਂ ਹੋ ਜਾਂਦੀਆਂ ਹਨ।

ਇਹਨਾਂ ਪਿੱਛੇ ਕੁੱਝ ਕਾਰਨਾਂ ਵਿਚੋਂ ਇਹ ਵੀ ਹੁੰਦਾ ਹੈ ਕਿ ਕੁੱਝ ਬੱਚੇ ਅਜਿਹੇ ਘਰਾਂ ਵਿਚ ਜੰਮੇ ਪਲੇ ਹੁੰਦੇ ਹਨ ਜਿਹਨਾਂ ਲਈ ਧਨ ਦੌਲਤ ਕਮਾਉਣਾ ਹੀ ਸਭ ਕੁੱਝ ਹੁੰਦਾ ਹੈ। ਕਿਤਾਬ ਨਾਰਸੀਸਿਜ਼ਮ ਐਪੀਡੈਮਿਕ ਮੁਤਾਬਕ : ਮਾਪੇ ਆਪਣੇ ਬੱਚਿਆਂ ਨੂੰ ਖੁਸ ਰੱਖਣਾ ਚਾਹੁੰਦੇ ਹਨ ਅਤੇ ਬੱਚੇ ਖੁਸ਼ ਹੋ ਜਾਂਦੇ ਹਨ, ਪਰ ਥੋੜ੍ਹੇ ਸਮੇਂ ਲਈ। ਫਿਰ ਉਹ ਹੋਰ ਚੀਜ਼ਾਂ ਮੰਗਣ ਲੱਗ ਜਾਂਦੇ ਹਨ।" ਇਸ਼ਤਿਹਾਰ ਦੇਣ ਵਾਲੇ ਆਪਣੇ ਗਾਹਕਾਂ ਦੀ ਇਸ ਚਾਹਤ ਦਾ ਫਾਇਦਾ ਉਠਾਉਂਦੇ ਹਨ। ਉਹ ਇਹਨਾਂ ਵਿਚਾਰਾਂ ਨੂੰ ਹੱਲਾਸ਼ੇਰੀ ਦਿੰਦੇ ਹਨ ਜਿਵੇਂ ਕਿ : ਦਿਲ ਜੋ ਚਾਹੇ, ਪਾਵੋ ਅਤੇ ਤੁਸੀਂ ਇਸ ਦੇ ਹੱਕਦਾਰ ਹੋ।" ਬਹੁਤ ਸਾਰੇ ਨੌਜਵਾਨ ਇਨ੍ਹਾਂ ਗੱਲਾਂ ਵਿਚ ਆ ਜਾਂਦੇ ਹਨ ਅਤੇ ਕਰਜ਼ੇ ਹੇਠ ਦੱਬ ਜਾਂਦੇ ਹਨ ਅਤੇ ਉਹਨਾਂ ਚੀਜਾਂ ਦੀ ਕੀਮਤ ਨਹੀਂ ਚੁਕਾ ਪਾਉਂਦੇ ਜੇਹਨਾਂ ਦੇ ਉਹ "ਹੱਕਦਾਰ" ਬਣੇ ਫਿਰਦੇ ਸਨ।

ਇਹਦੇ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਦੇ ਜ਼ਮਾਨੇ ਵਿਚ ਪੈਸੇ ਦੀ ਲੋੜ ਹੈ ਪਰ ਦੂਜੇ ਪਾਸੇ ਇਹ ਪੈਸਾ ਹੀ ਹੈ ਜੋ ਤਰ੍ਹਾਂ ਤਰ੍ਹਾਂ ਦੀਆਂ ਬੁਰਾਈਆਂ ਪੈਦਾ ਕਰਦਾ ਹੈ ਅਤੇ ਇਹ ਹੀ ਕਾਰਨ ਹੈ ਕਿ ਅਸੀਂ ਆਪਣੇ ਆਪ ਨੂੰ ਕਈ ਦੁੱਖਾਂ ਵਿਚ ਪਾ ਲੈਂਦੇ ਹਾਂ। ਇਹ ਜ਼ਰੂਰੀ ਹੈ ਕਿ ਸਾਨੂੰ ਧਨ ਦੌਲਤ ਪਿਛੇ ਪਾਗਲ ਹੋਣ ਦੀ ਬਜਾਇ ਉਹਨਾਂ ਬੁਨਿਆਦੀ ਚੀਜ਼ਾਂ ਨਾਲ ਸੰਤੁਸ਼ਟ ਰਹਿਣਾ ਚਾਹੀਦਾ ਹੈ। ਜੋ ਜੀਣ ਲਈ ਜ਼ਰੂਰੀ ਹਨ। ਇਹ ਵੀ ਸੱਚ ਹੈ ਕਿ ਜਿਹੜੇ ਇਨਸਾਨ ਅਮੀਰ ਬਣਨ ਤੇ ਤੁਲੇ ਹੋਏ ਹਨ, ਉਹ ਪਰੀਖਿਆਵਾਂ ਅਤੇ ਫੰਦਿਆਂ ਵਿਚ ਅਤੇ ਬਹੁਤ ਸਾਰੀਆਂ ਬੇਤੁਕੀਆਂ ਅਤੇ ਨੁਕਸਾਨਦੇਹ ਇੱਛਾਵਾਂ ਦੇ ਵਸ ਵਿਚ ਪੈ ਜਾਂਦੇ ਹਨ।

ਮਾਪੇ ਹੋਣ ਦੇ ਨਾਤੇ ਸਾਨੂੰ ਇਹ ਦੇਖਣਾ ਚਾਹੀਦਾ ਹੈ ਕਿ ਪੈਸੇ ਨਾਲ ਖ੍ਰੀਦੀਆਂ ਜਾ ਸਕਣ ਵਾਲੀਆਂ ਚੀਜ਼ਾਂ ਬਾਰੇ ਤੁਹਾਡਾ ਕੀ ਰਵੱਈਆਂ ਹੈ ? ਇਹ ਸੋਚਣ ਵਾਲੀ ਗੱਲ ਹੈ ਕਿ ਤੁਸੀਂ ਕਿਹੜੀਆਂ ਚੀਜਾਂ ਨੂੰ ਤਰਜ਼ੀਹ ਦਿਉਗੇ ਅਤੇ ਬੱਚਿਆਂ ਨੂੰ ਵੀ ਇਸੇ ਤਰ੍ਹਾਂ ਕਰਨ ਲਈ ਕਹੋ। ਕਿਤਾਬ ਨਾਰਸੀਜ਼ਿਮ ਐਪੀਡੈਮਿਕ : "ਮਾਪੇ ਅਤੇ ਬੱਚੇ ਅਜਿਹੇ ਮਾਮਲਿਆਂ ਬਾਰੇ ਗੱਲਬਾਤ ਕਰ ਸਕਦੇ ਹਨ, ਜਿਵੇਂ ਸੇਲ ਤੇ ਲੱਗੀ ਕੋਈ ਚੀਜ਼ ਕਦੋਂ ਖ੍ਰੀਦਣੀ ਹੈ ? ਅਤੇ ਕਦੋਂ ਖ੍ਰੀਦਣੀ ਚੰਗੀ ਨਹੀਂ ਹੈ ? ਵਿਆਜ ਕੀ ਹੁੰਦਾ ਹੈ ? ਕਿਸੇ ਦੇ ਕਹਿਣ ਤੇ ਤੁਸੀਂ ਕਦੋਂ ਕੋਈ ਚੀਜ਼ ਖਰੀਦੀ ਸੀ ?"

ਚੀਜ਼ਾਂ ਨੂੰ ਨਸ਼ੇ ਵਾਂਗ ਨਾ ਵਰਤੋ ਤਾਂ ਕਿ ਪਰਿਵਾਰ ਦੀਆਂ ਸਮੱਸਿਆਵਾਂ ਨੂੰ ਭੁਲਾਇਆ ਜਾ ਸਕੇ। ਕਿਤਾਬ 'ਦ ਪ੍ਰਾਈਸ ਆਫ ਪ੍ਰੀਵਲਿਜ਼' ਮੁਤਾਬਕ : ਸਮੱਸਿਆਵਾਂ ਆਉਣ 'ਤੇ ਚੀਜ਼ਾਂ ਖ੍ਰੀਦਣ ਨਾਲ ਉਹਨਾਂ ਦਾ ਹੱਲ ਨਹੀਂ ਹੋਣਾ। ਸਮੱਸਿਆਵਾਂ ਨੰ ਸੋਚ ਸਮਝ ਕੇ ਹਮਦਰਦੀ ਨਾਲ ਨਿਪਟਾਇਆ ਜਾਂਦਾ ਹੈ ਨਾ ਕਿ ਨਵੀਂ ਜੁੱਤੀ ਅਤੇ ਪਰਸ ਖ੍ਰੀਦਕੇ।"

# ਕੀ ਮਰਦਾਂ 'ਚ ਸਕਰਾਣੂਆਂ ਦੀ ਘਾਟ **ਬਾਂਝਪਣ** ਕਰਦੀ ਹੈ?

ਵੀਰਜ਼ 'ਚ ਸ਼ਕਰਾਣੂਆਂ ਦੀ ਘਾਟ (ਏਜੋਸਪਰਮਿਆਂ-Azos Permia) ਦਾ ਹੋਣਾ ਮਰਦ 'ਚ ਬਾਂਝਪਣ (ਸੰਤਾਨਹੀਣਤਾ) ਦੇ ਕਾਰਨਾਂ 'ਚੋ ਇਕ ਐਸਾ ਮੁਖ ਕਾਰਨ ਹੈ ਜੋ ਮਰਦਾਂ ਨੂੰ ਕਾਫ਼ੀ ਹੱਦ ਤਕ ਮਾਨਸਿਕ ਤੇ ਸ਼ਰੀਰਕ ਰੂਪ 'ਚ ਤੋੜ ਦਿੰਦਾ ਹੈ। ਮਰਦ ਆਪਣੇ ਆਪ ਨੂੰ ਬੇਵੱਸ਼ ਮਹਿਸੂਸ ਕਰਨ ਲੱਗਦਾ ਹੈ ਤੇ ਉਸ ਦੇ ਲਈ ਧਨ-ਦੌਲਤ, ਪ੍ਰਤਿਸਟਾ, ਮਾਣ-ਮਰਿਆਦਾ ਸਭ ਬੇ-ਮਤਲਬ ਹੋਣ ਲਗਦੀਆਂ ਹਨ। ਇਸ 'ਚ ਮਰਦ-ਪ੍ਰਧਾਨ ਸਮਾਜ 'ਚ ਜਦ ਔਲਾਦ ਨਾ ਹੋਣ ਦੀ ਹਾਲਤ 'ਚ ਜਦ ਉਹ ਆਪਣੀ ਤੇ ਆਪਣੀ ਪਤਨੀ ਦੀ ਮੈਡੀਕਲ ਜਾਂਚ ਕਰਵਾਉਂਦਾ ਹੈ ਤਦ ਉਹ ਇਹ ਮੰਨ ਕੇ ਚਲਦਾ ਹੈ ਕਿ ਵਿਗਾੜ ਜਾਂ ਖਰਾਬੀ ਜ਼ਰੂਰ ਉਸ ਦੀ ਪਤਨੀ 'ਚ ਹੀ ਨਿਕਲੇਗੀ। ਉਸ ਦੀ ਸਾਰੀ ਜਾਂਚ ਕਰਵਾਉਣ ਪਿਛੋਂ ਜਦ ਉਹ ਆਪਣੀ ਜਾਂਚ ਕਰਵਾਉਂਦਾ ਹੈ ਤੇ ਉਸ ਨੂੰ ਪਤਾ ਲਗਦਾ ਹੈ ਕਿ ਖਰਾਬੀ ਤਾਂ ਉਸ ਵਿੱਚ ਹੈ, ਤਾਂ ਉਸ ਨੂੰ ਇਸ ਤੱਥ 'ਤੇ ਯਕੀਨ ਨਹੀਂ ਆਉਂਦਾ। ਦੋ ਤਿੰਨ ਵੱਖੋ ਵੱਖਰੀਆਂ ਲਬਾਟਰੀਆਂ ਤੋਂ ਜਾਂਚ ਕਰਵਾਉਣ ਪਿੱਛੋਂ ਜਦ ਸਾਬਤ ਹੋ ਜਾਂਦਾ ਹੈ ਕਿ ਔਲਾਦ ਦੀ ਅਣਹੋਂਦ (ਬਾਂਝਪਣ) ਦਾ ਕਾਰਣ ਉਹ ਖ਼ੁਦ ਹੀ ਹੈ। ਤੇ ਉਸ ਦੇ ਮਰਦਾਵੇਂਪਣ ਨੂੰ ਧੱਬਾ ਲਗਦਾ ਹੈ ਅਤੇ ਸਮਾਜਕ ਨਿਰਾਸ਼ਤਾ ਤੇ ਬੇਹਿੰਮਤੀ ਨਾਲ ਭਰ ਜਾਂਦਾ ਹੈ। ਵੀਰਜ਼ 'ਚ ਖਰਾਬੀ 2-3 ਤਰ੍ਹਾਂ ਦੀ ਹੁੰਦੀ ਹੈ। - ਸ਼ਕਰਾਣੂਆਂ ਦਾ ਘੱਟ ਹੋਣਾ, ਗੁਣਵੰਣਤਾ 'ਚ ਕਮੀ (ਇਹਨਾਂ ਦੋਨਾਂ ਦੇ ਵੀ ਕਾਰਣ ਹੋ ਸਕਦੇ ਹਨ) ਤੇ ਤੀਜੀ ਹਾਲਤ ਹੁੰਦੀ ਹੈ ਵੀਰਜ਼ 'ਚ ਸ਼ੁਕਰਾਣੂਆਂ ਦਾ ਨਾ ਹੋਣਾ। ਜਿਸ ਨੂੰ ਡਾਕਟਰੀ ਭਾਸ਼ਾ 'ਚ ਏਜੋਸਪਰਮਿਆ ਕਹਿੰਦੇ ਹਨ। ਵੀਰਜ਼ 'ਚ ਸ਼ਕਰਾਣੂਆਂ ਦੇ ਨਾ ਹੋਣ ਦੇ ਕਾਰਨ ਦੋ ਹਨ:-

1. ਸ਼ਕਰਾਣੂ ਨਾ ਬਨਣਾ 2. ਅੰਡਕੋਸ਼ ਦੀਆਂ ਨਾਲੀਆਂ 'ਚ ਅੜਿਕਾ ਕਾਰਨ ਸ਼ਕਰਾਣੂ ਦਾ ਵੀਰਜ਼ 'ਚ ਨਾ ਆ ਸਕਣ। ਦੋਨਾਂ ਹੀ ਹਾਲਤਾਂ 'ਚ ਵੀਰਜ਼ 'ਚ ਸ਼ਕਰਾਣੂਆਂ ਨਹੀਂ ਮਿਲਦੇ ਹਨ। ਅੰਡਕੋਸ਼ 'ਚ ਹਾਰਮੋਨ ਦੇ ਨਿਯਮਤ ਸੰਤੁਲਨ ਤੇ ਰਸਾਅ ਰਾਹੀਂ ਸ਼ਕਰਾਣੂਆਂ ਦੇ ਬਨਣ ਤੇ ਪ੍ਰਪੱਕ ਹੋਣ ਤੱਕ ਦੇ ਅਮਲ 'ਚ ਕਰੀਬ ਤਿੰਨ ਮਹੀਨੇ ਲੱਗਦੇ ਹਨ ਅਤੇ ਅੰਡਕੋਸ਼ ਤੋਂ ਸ਼ਕਰਾਣੂਆਂ ਨੂੰ ਵੀਰਜ਼ ਤਕ ਬਾਹਰ ਆਉਣ ਦੇ ਅਮਲ 'ਚ 20-25 ਦਿਨ ਲਗਦੇ ਹਨ। ਇਸ ਲਈ ਵੀਰਜ਼ ਦੀ ਜਾਂਚ 'ਚ ਅਸੀਂ ਤਿੰਨ ਤੋਂ ਚਾਰ ਮਹੀਨੇ ਪੁਰਾਣਾ ਦ੍ਰਿਸ਼ ਵੇਖਦੇ ਹਾਂ, ਜੋ ਕਿ ਅੰਡਕੋਸ਼ 'ਚ ਹੋ ਚੁੱਕਿਆ ਹੁੰਦਾ ਹੈ। ਜੇ ਇਹਨਾਂ ਤਿੰਨ ਮਹੀਨਿਆਂ 'ਚ ਸ਼ਕਰਾਣੂਆਂ ਦੇ ਬਣਨ ਤੋਂ ਲੈ ਕੇ ਪ੍ਰਪੱਕ ਹੋਣ ਤੱਕ ਦੇ ਅਮਲ ਕੋਈ ਰੁਕਾਵਟ ਜਾਂ ਅੜਿਕਾ ਕਿਸੇ ਵੀ ਕਾਰਣ ਵੱਸ (ਜਿਵੇਂ ਹਾਰਮੋਨ ਦੀ ਘਾਟ, ਜ਼ਹਰੀਲੇ ਤੱਤਾਂ ਤੇ ਕੀਟਨਾਸ਼ਕ ਦਵਾਈਆਂ ਦਾ ਅਸਰ, ਪ੍ਰਦੂਸਣ, ਉੱਚ ਤਾਪਮਾਨ, ਮੋਬਾਇਲ ਫੋਨ ਦੀ ਵੱਧ ਵਰਤੋਂ) ਪੈਦਾ ਹੁੰਦਾ ਹੈ ਤਦ ਵੀਰਜ਼ 'ਚ ਸ਼ਕਰਾਣੂਆਂ ਦੇ ਨਾ ਮਿਲਣ ਦੀ ਹਾਲਤ ਪੈਦਾ ਹੁੰਦਾ ਹੈ ਤਦ ਵੀਰਜ਼ 'ਚ ਸ਼ਕਰਾਣੂਆਂ ਨਾਲ ਮਿਲਣ ਦੀ ਹਾਲਤ ਪੈਦਾ ਹੁੰਦੀ ਹੈ। ਵੀਰਜ਼ 'ਚ



ਸ਼ਕਰਾਣੂਆਂ ਦੇ ਨਾ ਮਿਲਣ ਦੀ ਦੂਜੀ ਹਾਲਤ ਹੁੰਦੀ ਹੈ। ਅੰਡਕੋਸ਼ ਦੀ ਨਲਕੀਆਂ 'ਚ ਰੁਕਾਵਟ ਜਾਂ ਅੜਿਕਾ। ਦੋਨੋਂ ਹਾਲਤਾਂ ਵੱਖ-ਵੱਖ ਤਰ੍ਹਾਂ ਦੀਆਂ ਹੁੰਦੀਆਂ ਹਨ। ਪਹਿਲੀ ਹਾਲਤ 'ਚ ਇਲਾਜ ਨਾਲ ਫਾਇਦਾ ਹੋਣ ਦੀ ਗੁੰਜਾਇਸ਼ 5-10 ਫੀਸਦੀ ਹੁੰਦੀ ਹੈ ਤੇ ਦੂਜੀ ਹਾਲਤ 'ਚ ਬਾਪ ਬਨਣ ਦੀ ਹਾਲਤ 40-50 ਫੀਸਦੀ ਹੁੰਦੀ ਹੈ। ਵੀਰਜ਼ ਦੀ ਉੱਚ ਪੱਧਰੀ ਜਾਂਚ ਤੇ ਅੰਡਕੋਸ਼ ਦੀ ਜਾਂਚ ਤੋਂ ਪਤਾ ਲਗਦਾ ਹੈ ਕਿ ਵੀਰਜ਼ 'ਚ ਸਕਰਾਣੂ ਨਾ ਮਿਲਣ ਦਾ ਕਾਰਣ ਹੈ ਕੀ?

ਕਿਹੜੀ ਜਾਂਚ ਜ਼ਰੂਰੀ ਹੈ? 1. ਵੀਰਜ਼ ਦੀ ਉਚ-ਪੱਧਰੀ ਜਾਂਚ।

2. ਮਰਦ ਦੀ ਸੰਪੂਰਣ ਸ਼ਰੀਰਕ ਜਾਂਚ ਖਾਸ ਕਰਕੇ ਸਤਰ ਤੇ ਅੰਡਕੋਸ਼ ਦੇ ਜਨਣ ਇੰਦਰੀ ਦੀ ਜਾਂਚ।

3. ਅੰਡਕੋਸ਼ ਦੀ ਬਾਇਪਸੀ ਭਾਵ ਬਰੀਕ ਸੂਈ ਰਾਹੀਂ ਅੰਡਕੋਸ਼ 'ਚੋਂ ਮਾਸ ਦਾ ਟੁਕੜਾ ਕੱਢ ਕੇ ਜਾਂਚ ਕਰਨਾ।

4. ਜੈਨੇਟਿਕ/ਕ੍ਰੋਮੋਸੋਮਲ ਜਾਂਚ ਜੇ ਛਾਤੀਆਂ, ਅੰਡਕੋਸ਼, ਜਨਣ ਇੰਦਰੀ 'ਚ ਕੋਈ ਵਿਗਾੜੀ ਜਾਂ ਅਸਾਧਾਰਨ ਗੱਲ ਦਿਸਦੀ ਹੋਵੇ।

5. ਮਰਦ ਦੇ ਵਾਈ (ਏ) ਕ੍ਰੋਮੋਸੋਮ ਦੀ ਖਰਾਬੀ - ਇਹ ਖਰਾਬੀ, ਘੱਟ ਸ਼ਕਰਾਣੂਆਂ ਵਾਲੇ ਮਰਦਾਂ 'ਚ 5-15 ਫੀਸਦੀ ਤੇ ਸ਼ਕਰਾਣੂ ਰਹਿਤ (ਏਜੋਸਪਰਮੀਆਂ) ਮਰਦਾਂ 'ਚ 15-20 ਫੀਸਦੀ ਤਕ ਮਿਲ ਸਕਦੀ ਹੈ। ਜੇ ਦੋਨੋਂ ਮਰਦ ਵਰਗ ਕਿਸੇ ਵੀ ਅਧੁਨਿਕ ਤਕਨੀਕ ਨਾਲ ਪਿਤਾ ਬਣਨ ਦਾ ਸੁਖ ਹਾਸਲ ਕਰਦੇ ਹਨ, ਤਾਂ ਇਹ ਸੰਭਾਵਨਾ ਹੈ ਕਿ ਇਹਨਾਂ ਮਰਦਾਂ ਦੀ ਪੁੱਤਰ ਔਲਾਦਾਂ 'ਚ ਇਹ ਕਮੀਆਂ ਆ ਸਕਦੀਆਂ ਹਨ ਤੇ ਇਹ ਖਰਾਬੀ ਲਾਇਲਾਜ਼ ਹੈ।



ਡਾ. ਅਜੀਤਪਾਲ ਸਿੰਘ
ਐਮ. ਡੀ.
ਮੋ. 98156-29301

ਇਲਾਜ - ਇਹ ਵਿਚਾਰ ਤੇ ਵਿਸ਼ਵਾਸ ਮਨ 'ਚ ਜ਼ਰੂਰੀ ਹੈ ਕਿ ਬੰਜਰ ਜ਼ਮੀਨ 'ਚ ਫਲ ਉਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

1. ਜੇ ਅੰਡਕੋਸ਼ 'ਚ ਸ਼ਕਰਾਣੂਆਂ ਦਾ ਨਾ ਬਨਣ ਸਕਣਾ ਹਾਰਮੋਨ ਦੇ ਘੱਟ ਪੱਧਰ ਕਾਰਣ ਹੈ ਤਾਂ ਇਲਾਜ ਰਾਹੀਂ ਦਰੁਸਤ ਕੀਤਾ ਜਾ ਸਕਦਾ ਹੈ। ਇਲਾਜ ਦਾ ਅਮਲ 6 ਮਹੀਨੇ ਤੋਂ 12 ਮਹੀਨਿਆਂ ਤੱਕ ਚੱਲ ਸਕਦਾ ਹੈ।

2. ਜੇ ਅੰਡਕੋਸ਼ 'ਚ ਸ਼ਕਰਾਣੂਆਂ ਦੇ ਨਾ ਬਣ ਸਕਣ ਦਾ ਕਾਰਣ ਹਾਰਮੋਨ ਦਾ ਜ਼ਿਆਦਾ ਪੱਧਰ ਹੈ ਤਾਂ ਇਸ ਦਾ ਕੋਈ ਇਲਾਜ਼ ਨਹੀਂ ਹੈ।

3. ਅੰਡਕੋਸ਼ ਦੀਆਂ ਨਾਲੀਆਂ 'ਚ ਜੇ ਰੁਕਾਵਟ ਹੈ ਤਾਂ ਆਪ੍ਰੇਸ਼ਨ ਰਾਹੀਂ ਦੂਰ ਕੀਤੀ ਜਾ ਸਕਦੀ ਹੈ ਤੇ ਆਧੁਨਿਕ ਟੈਸਟ ਟਿਊਬ ਬੇਬੀ ਰਾਹੀਂ ਬੰਦੇ ਬਾਪ ਬਨਣ ਦਾ ਸੁੱਖ ਹਾਸਲ ਕਰ ਸਕਦੇ ਹਨ।

ਸੱਚਾਈ ਤੋਂ ਟਾਲਾ ਵੱਟਣ ਦਾ ਕੋਈ ਅਰਥ ਨਹੀਂ। ਸੱਚਾਈ ਕਬੂਲ ਕਰੋ। ਇਸ ਤਰ੍ਹਾਂ ਦੀ ਸਮੱਸਿਆ ਸਿਰਫ਼ ਤੁਹਾਡੇ ਨਾਲ ਹੀ ਨਹੀਂ, ਹੋਰਾਂ ਨਾਲ ਵੀ ਹੈ ਅਤੇ ਉਹ ਲੋਕ ਵੀ ਆਮ ਤੇ ਖੁਸ਼ਹਾਲ ਜ਼ਿੰਦਗੀ ਜੀਅ ਰਹੇ ਹਨ। ਸ਼ਾਇਦ ਨੀਅਤ ਨੂੰ ਇਹੋ, ਮੰਜੂਰ ਹੈ। ਜੇ ਪੂਰੇ ਵਿਧਾਨਕ ਤੇ ਵਿਗਿਆਨਕ ਇਲਾਜ਼ ਨਾਲ ਪੂਰਾ ਫਾਇਦਾ ਨਹੀਂ ਹੋ ਰਿਹਾ, ਤਾਂ ਨੀਮ-ਹਕੀਮਾਂ, ਤਾਂਤਰਿਕਾਂ ਤੇ ਅਖੌਤੀ ਭਗਵਾਨਾਂ ਦੇ ਚੱਕਰ 'ਚ ਨਾ ਪੈ ਕੇ ਆਪਣਾ ਸਮਾਂ ਤੇ ਪੈਸਾ ਬਚਾਓ। ਮਾਣਤਾ ਪ੍ਰਾਪਤ ਤੇ ਭਰੋਸੇ ਯੋਗ ਸ਼ਕਰਾਣੂ। ਵੀਰਜ਼ ਬੈਂਕ ਤੋਂ ਆਪਣੇ ਵਿਅਕਤਿਤਵ ਨਾਲ ਮਿਲਦਾ-ਜੁਲਦਾ ਸ਼ਕਰਾਣੂ ਸੈਂਪਲ ਲੈ ਕੇ ਬਣਾਉਟੀ ਗਰਭਦਾਨ ਰਾਹੀਂ ਔਲਾਦ ਦਾ ਸੁਖ ਹਾਸਲ ਕੀਤਾ ਜਾ ਸਕਦਾ ਹੈ। ਮਨ 'ਚ ਇਹ ਵਿਚਾਰ ਜ਼ਰੂਰ ਰਖੋ ਕਿ ਉਸ ਔਲਾਦ 'ਚ ਅੱਧੀ ਸਖ਼ਸ਼ੀਅਤ (ਵਿਅਕਤੀਤਵ) ਤੁਹਾਡੀ ਪਤਨੀ ਦਾ ਹੈ ਜੋ ਤੁਹਾਡੀ ਸਮੱਸਿਆ ਨਾਲ ਤੁਹਾਡੇ ਮੋਢੇ ਨਾਲ ਮੋਢਾ ਲਾ ਕੇ ਜੂਝ ਰਹੀ ਹੈ ਅਤੇ ਅੰਤ ਵਿੱਚ ਅਨਾਥ ਬੱਚਿਆਂ ਨੂੰ ਗੋਦ ਲੈ ਕੇ ਔਲਾਦ ਸੁਖ ਹਾਸਲ ਕੀਤਾ ਜਾ ਸਕਦਾ ਹੈ। ਉਸ ਦਾ ਸਹੀ ਪਾਲਣ ਪੋਸ਼ਣ ਕਰਕੇ ਆਪ ਆਪਣੇ ਜੀਵਨ ਨੂੰ ਸੁਧਾਰ ਸਕਦੇ ਹੋ। ਪੈਦਾ ਕਰਨ ਵਾਲੇ ਤੋਂ ਪਾਲਣ ਪੋਸਣ ਵਾਲਾ ਵੀ ਘੱਟ ਅਹਿਮ ਨਹੀਂ ਹੁੰਦਾ।

# ਅੰਤਮ ਕਿਰਿਆਕਰਮ ਕਮਾਈ ਦਾ ਧੰਦਾ ਹੈ

**ਭੋਲੇ ਭਾਲੇ ਲੋਕਾਂ ਨੂੰ ਤਰ੍ਹਾਂ-ਤਰ੍ਹਾਂ ਦੇ ਡਰ ਦਿਖਾ ਕੇ ਧਰਮ ਦੇ ਧੰਦੇਬਾਜ਼ ਕਮਾਈ ਦਾ ਕੋਈ ਵੀ ਮੌਕਾ ਨਹੀਂ ਛੱਡਦੇ। ਇੱਥੋਂ ਤੱਕ ਕਿ ਦਾਹਸੰਸਕਾਰ ਦੇ ਸਮੇਂ ਵੀ ਮੋਟੀ ਦੱਛਣਾ ਵਸੂਲਦੇ ਹਨ।**

**ਮੂਲ ਲੇਖਕਾ ਰੰਜਨਾ ਪੰਡਿਆਰ ਅਨੁਵਾਦਕ : ਪਵਨ ਕੁਮਾਰ ਰੱਤੋਂ**

ਇਕ ਗਰੀਬ ਆਪਣੀ ਪੁੱਤਰੀ ਦੇ ਦਾਹ ਸੰਸਕਾਰ ਦੇ ਲਈ ਪੰਡਤ ਦੇ ਸਾਹਮਣੇ ਹੱਥ ਜੋੜਕੇ ਮਿੰਨਤਾਂ ਕਰ ਰਿਹਾ ਸੀ, "ਪੰਡਤ ਜੀ, ਮੇਰੀ ਪੁੱਤਰੀ ਦਾ ਦਾਹ-ਸੰਸਕਾਰ ਕਰ ਦਿਓ।"

ਇਸ ਉੱਤੇ ਪੰਡਤ ਬੋਲਿਆ, "ਹਾਂ, ਹੋ ਜਾਵੇਗਾ, ਪਹਿਲਾਂ ਜਾ ਕੇ ਸਾਰੇ ਜ਼ਰੂਰੀ ਦਾਹਸੰਸਕਾਰ ਦੀ ਸਾਮੱਗਰੀ ਦੇ ਨਾਲ ਮੇਰੀ ਦੱਛਣਾ ਦਾ ਵੀ ਪ੍ਰਬੰਧ ਕਰੋ।" ਪੰਡਤ ਜੀ ਦੇ ਦੋ ਟੁੱਕ ਉੱਤਰ ਨੂੰ ਸੁਣ ਕੇ ਉਹ ਗਰੀਬ ਫੇਰ ਬੋਲਿਆ, "ਪੰਡਤ ਜੀ ਮੈਂ ਬਹੁਤ ਗਰੀਬ ਹਾਂ। ਮੇਰੇ ਕੋਲ ਏਨਾ ਪੈਸਾ ਨਹੀਂ ਹੈ ਕਿ ਮੈਂ ਇਹ ਸਭ ਇੰਤਜ਼ਾਮ ਕਰ ਸਕਾ। ਤੁਸੀਂ ਹੀ ਕੁੱਝ ਕਿਰਪਾ ਕਰ ਦਿਓ ਤਾਂ ਮੇਰੀ ਪੁੱਤਰੀ ਨੂੰ ਮਰਨ ਦੇ ਬਾਅਦ ਤਾਂ ਘੱਟੋ ਘੱਟ ਸ਼ਾਂਤੀ ਮਿਲ ਜਾਵੇ।"

ਇਸ ਉੱਤੇ ਬੇਇੱਜ਼ਤ ਕਰਦੇ ਹੋਏ ਪੰਡਤ ਜੀ ਬੋਲਿਆ, "ਮੈਂ ਤੈਨੂੰ ਖੈਰਾਤ (ਮੁਫਤ ਦੀ ਚੀਜ਼, ਦਾਨ) ਵੰਡਣ ਵਾਲਾ ਲੱਗਦਾ ਹਾਂ, ਚੱਲ, ਨਿਕਲ ਇੱਥੋਂ, ਟਾਈਮ ਖਰਾਬ ਨਾ ਕਰ।" ਜਦ ਇਸ ਉੱਤੇ ਵੀ ਉਹ ਗਰੀਬ ਨਹੀਂ ਮੰਨਿਆਂ ਤਾਂ ਉਹ ਪੰਡਤ ਆਸਪਾਸ ਦੇ ਪੰਡਤਾਂ ਨੂੰ ਬੁਲਾਉਂਦੇ ਹੋਏ ਬੋਲਿਆ "ਦੇਖੋ ਭਾਈ ਦੇਖੋ, ਇਹ ਰਾਜਾ ਸਾਹਿਬ ਆਪਣੀ ਪੁੱਤਰੀ ਦਾ ਦਾਹਸੰਸਕਾਰ ਕਰਵਾਉਣਾ ਚਾਹੁੰਦੇ ਹਨ ਅਤੇ ਜੇਬ੍ਹ ਵਿੱਚ ਫੁੱਟੀ ਕੌਡੀ ਨਹੀਂ ਹੈ। ਜਾ, ਇਸ ਲਾਸ਼ ਨੂੰ ਕਿਸੇ ਨਾਲੇ ਵਿੱਚ ਸੁੱਟ ਦੇ।"

ਇਕ ਸ਼ਮਸ਼ਾਨ ਘਾਟ ਉੱਤੇ ਇਹ ਸਭ ਦੇਖ ਕੇ ਮਨ ਦਇਆ ਨਾਲ ਭਰ ਆਇਆ ਅਤੇ ਬਹੁਤ ਦੂਰ ਤੱਕ ਉਸ ਗਰੀਬ ਦੇ ਦੁੱਖਾਂ ਭਰੇ ਸ਼ਬਦ ਕੰਨਾਂ ਵਿੱਚ ਗੂੰਜਦੇ ਰਹੇ। ਬੰਦਿਆਂ ਦੀ ਮੌਤ ਵੀ ਕੁੱਝ ਲੋਕਾਂ ਦੇ ਲਈ ਕਮਾਉਣ ਦਾ ਜ਼ਰੀਆ ਹੈ। ਜੀ ਹਾਂ, ਮੈਂ ਇਹਨਾਂ ਪੰਡਤਾਂ ਦੀ ਹੀ ਗੱਲ ਕਰ ਰਹੀ ਹਾਂ ਜਿਹੜੇ ਧਰਮ ਦੀ ਓਟ ਵਿੱਚ ਮੋਕਸ਼ ਅਤੇ ਮੁਕਤੀ ਦਾ ਨਾਂ ਲੈ ਕੇ ਲੋਕਾਂ ਤੋਂ ਪੈਸੇ ਠੱਗਦੇ ਰਹਿੰਦੇ ਹਨ।

ਹਿੰਦੂ ਧਰਮ ਵਿੱਚ ਜਨਮ ਤੋਂ ਲੈ ਕੇ ਮਰਨ ਤੱਕ ਪੰਡਤਾਂ ਦੀ ਦਖਲ ਅੰਦਾਜ਼ੀ ਹੈ। ਬੱਚਾ ਪੈਦਾ ਹੋਣ ਉੱਤੇ ਪੂਜਾ ਪਾਠ, ਨਾਮਕਰਣ, ਮੁੰਡਨ ਵਿੱਚ ਪੰਡਤ ਨੂੰ ਬੁਲਾਉਣਾ ਪੈਂਦਾ ਹੈ ਕਿਉਂਕਿ ਬਗੈਰ ਪੂਜਾ ਪਾਠ ਦੇ ਸ਼ਾਸਤਰਾਂ ਦੇ ਅਨੁਸਾਰ ਸ਼ੁੱਧੀ ਨਹੀਂ ਹੁੰਦੀ। ਜੀਵਨ ਦੇ ਭਿੰਨ ਭਿੰਨ ਮੋੜਾਂ ਉੱਤੇ ਯੱਗ ਹਵਨ, ਵਿਆਹ, ਕਥਾਵਰਤ ਵੀ ਪੰਡਤ ਦੁਆਰਾ ਕਰਾਉਣ ਉੱਤੇ ਹੀ ਪੂਰਨ ਮੰਨਿਆ ਜਾਂਦਾ ਹੈ ਅਤੇ ਅੰਤ ਵਿੱਚ ਮੌਤ ਦੇ ਬਾਅਦ ਅੰਤਮ ਕਿਰਿਆਕਰਮ ਕਰਵਾਉਣ ਦੇ ਲਈ ਵੀ ਪੰਡਤਾਂ ਦੀ ਲੋੜ ਪੈਂਦੀ ਹੈ। ਆਖਰ ਬਿਨਾਂ ਪੰਡਤ ਦੁਆਰਾ ਪਿੰਡ ਦਾਨ ਕਰਾਏ ਅੰਤਮ ਯਾਤਰਾ ਪੂਰੀ



ਕਿਵੇਂ ਹੋਵੇਗੀ। ਸਵਰਗ ਦੇ ਰਸਤੇ ਵਿੱਚ ਕੀ ਆਤਮਾ ਨੂੰ ਭੁੱਖੇ ਪਿਆਸੇ ਹੀ ਜਾਣਾ ਹੋਵੇਗਾ। ਇਸੇ ਲਈ ਤਾਂ ਦਾਹਸੰਸਕਾਰ ਦੇ ਲਈ ਸਾਮੱਗਰੀ ਦੀ ਇੱਕ ਲਿਸਟ ਪਕੜਾ ਦਿੱਤੀ ਜਾਂਦੀ ਹੈ, ਜੋ ਇਸ ਪ੍ਰਕਾਰ ਹੁੰਦੀ ਹੈ : ਘੀ, ਹਵਨ ਸਾਮੱਗਰੀ, ਚੰਦਨ ਦੀ ਲੱਕੜੀ, ਕਪੂਰ, ਧੂਪਬੱਤੀ, ਮਾਚਸ, ਘੜਾ, ਗੁਲਾਬਜਲ, 7 ਮੀਟਰ ਕੱਪੜਾ (ਆਦਮੀ ਦੇ ਲਈ ਸਫ਼ੈਦ, ਇਸਤਰੀ ਦੇ ਲਈ ਲਾਲ), ਇੱਕ ਸ਼ਾਲ, ਜੌਂ ਦਾ ਆਟਾ, ਫੱਟਾ ਜਾਂ ਅਰਥੀ, ਗੰਗਾਜਲ, ਸ਼ਹਿਦ ਆਦਿ। ਇਸ ਦੇ ਨਾਲ ਪੰਡਤ ਨੂੰ ਦੱਛਣਾ ਵੀ ਦੇਣੀ ਪੈਂਦੀ ਹੈ। ਦਾਹਸੰਸਕਾਰ ਦੇ ਬਾਅਦ ਅਸਥੀਆਂ ਜਲਪ੍ਰਵਾਹ ਅਤੇ ਅੰਤਮ ਕਰਮਕਾਂਡ ਵਿੱਚ ਕਈ ਤਰ੍ਹਾਂ ਦੇ ਦਾਨ ਦਾ ਵੀ ਪ੍ਰਬੰਧ ਹੈ। ਇਹ ਦੇਖਕੇ ਕੁੱਲ ਖਰਚੇ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਹਰਿਦੁਆਰ, ਇਲਾਹਾਬਾਦ, ਬਨਾਰਸ ਵਰਗੇ ਧਾਰਮਕ ਸਥਾਨਾਂ ਉੱਤੇ ਅਸਥੀਆਂ ਜਲਪ੍ਰਵਾਹ ਕਰਨ ਦੇ ਲਈ ਵੀ ਉਥੋਂ ਦੇ ਪੰਡਿਆਂ ਨੂੰ ਦਾਨ ਦੇਣਾ ਪੈਂਦਾ ਹੈ। ਦਿੱਲੀ ਦੇ ਰਾਜੀਵ ਨੇ ਸਾਨੂੰ ਦੱਸਿਆ ਕਿ ਆਪਣੇ ਪਿਤਾ ਜੀ ਦੀਆਂ ਅਸਥੀਆਂ ਜਲਪ੍ਰਵਾਹ ਕਰਦੇ ਸਮੇਂ ਮੈਂ ਦੇਖਿਆ ਕਿ ਉਥੇ ਦੇ ਪੰਡੇ ਸਾਹਮਣੇ ਵਾਲੇ ਦੀ ਸ਼ਕਲ ਦੇਖ ਕੇ ਪੈਸੇ ਮੰਗਦੇ ਹਨ। ਗਰੀਬ ਤੋਂ ਗਰੀਬ ਬੰਦੇ ਤੋਂ ਵੀ ਘੱਟ ਤੋਂ ਘੱਟ 500 ਰੁਪਏ ਮੰਗਦੇ ਹਨ। ਚੰਗੇ ਕੱਪੜੇ ਪਾਏ ਹੋਏ ਲੋਕਾਂ ਤੋਂ ਤਾਂ ਗੱਲ ਹਜ਼ਾਰਾਂ ਵਿੱਚ ਜਾ ਕੇ ਤੈਅ ਹੁੰਦੀ ਹੈ ਕਿਉਂਕਿ ਅਸਥੀ ਜਲਪ੍ਰਵਾਹ ਦੇ ਲਈ ਗਏ ਲੋਕ ਆਪਣੇ ਪਰਿਵਾਰ ਮੈਂਬਰ ਦੇ ਗ਼ਮ ਵਿੱਚ ਸ਼ੋਕਗ੍ਰਸਤ ਹੁੰਦੇ ਹਨ ਇਸ ਲਈ ਉਹ ਇਸ ਹਾਲਤ ਵਿੱਚ ਨਹੀਂ ਹੁੰਦੇ ਕਿ ਪੰਡਤਾਂ ਨਾਲ ਜ਼ਿਆਦਾ ਹੁੱਜਤ ਕਰ ਸਕਣ ਜੋ ਜਿੰਨਾ ਮੰਗਦਾ ਹੈ ਓਨਾ ਦੇ ਦੇਂਦੇ ਹਨ।

ਮੌਤ ਦੇ ਸਮੇਂ ਜਾਂ ਬਾਅਦ ਵਿੱਚ ਜੋ ਦਾਨ ਕੀਤੇ ਜਾਂਦੇ ਹਨ ਉਨ੍ਹਾਂ ਵਿੱਚ ਗਊਦਾਨ, ਪਿੰਡ ਦਾਨ ਪ੍ਰਮੁੱਖ ਹਨ। ਗਊਦਾਨ ਪੰਡਤਾਂ ਦੇ ਲਈ ਪੈਸਾ ਕਮਾਉਣ ਦਾ ਇੱਕ ਹੋਰ ਬਹਾਨਾ ਹੈ। ਸ਼ਾਸਤਰਾਂ ਦੇ ਅਨੁਸਾਰ ਅਤੇ ਪੰਡਤਾਂ ਦੇ ਅਨੁਸਾਰ, ਧਰਤੀ ਅਤੇ ਜਮਲੋਕ ਦੇ ਵਿੱਚ ਇੱਕ ਪੌਰਾਣਿਕ ਨਦੀ ਹੈ ਜਿਸ ਨੂੰ ਵੈਤਰਣੀ ਕਹਿੰਦੇ ਹਨ। ਇਸ ਨਦੀ ਵਿੱਚ ਖ਼ੂਨ, ਅਸਥੀਆਂ, ਵਾਲ ਆਦਿ ਭਰੇ ਹਨ ਅਤੇ ਇਸ ਦਾ ਪਾਣੀ ਗਰਮ ਹੈ। ਗਊਦਾਨ ਵਿੱਚ ਦਾਨ ਕੀਤੀ ਗਈ ਗਾਂ ਦੀ ਪੂਛ ਪਕੜ ਕੇ ਮ੍ਰਿਤਕ ਬੰਦੇ ਦੀ ਆਤਮਾ ਨਦੀ ਨੂੰ ਪਾਰ ਕਰਦੀ ਹੈ। ਪੰਡਤ ਤਾਂ ਇਹ ਵੀ ਦੱਸਦੇ ਹਨ ਕਿ ਜਿਹਨਾਂ ਨੇ ਗਊਦਾਨ ਨਹੀਂ ਕੀਤਾ ਉਹ ਇਸ ਨਦੀ ਨੂੰ ਪਾਰ ਨਹੀਂ ਕਰ ਸਕਦੇ ਹਨ।

ਦਾਹਸੰਸਕਾਰ ਦਾ ਕੰਮ ਕਰਨ ਵਾਲੇ ਇੱਕ ਪੰਡਤ ਦਾ ਕਹਿਣਾ ਹੈ ਅੱਜ ਸ਼ਹਿਰਾਂ ਵਿੱਚ ਨਾ ਤਾਂ ਕੋਈ ਗਊ ਦਿੰਦਾ ਹੈ ਅਤੇ ਨਾ ਹੀ ਕੋਈ ਪੰਡਤ ਇਸਨੂੰ ਲੈਣ ਦਾ ਇੱਛੁਕ ਹੈ। ਇਹ ਪੁੱਛਣ ਉੱਤੇ ਕਿ ਫੇਰ ਮੋਕਸ਼ ਦਾ ਕੀ ਹੋਵੇਗਾ? ਉਸ ਪੰਡਤ ਦਾ ਕਹਿਣਾ ਸੀ ਕਿ ਇਸ ਦਾ ਬਦਲ ਜਾਂ ਪਰੰਪਰਾ ਹੈ, ਚਾਂਦੀ ਦੀ ਗਊਦਾਨ ਕਰਨਾ ਜਾਂ ਉਸ ਦੀ ਕੀਮਤ ਦੇ ਬਰਾਬਰ ਪੈਸੇ ਦਾਨ ਕਰ ਦੇਣਾ।

ਇੱਥੇ ਸੋਚਣ ਵਾਲੀ ਗੱਲ ਇਹ ਵੀ ਹੈ ਕਿ ਆਖਰ ਕਿਵੇਂ, ਚਾਂਦੀ ਦੀ ਗਾਂ ਜਾਂ ਪੈਸਾ ਇੱਕ ਜਿਉਂਦੀ ਜਾਗਦੀ ਗਾਂ ਦੀ ਪੂਰਕ ਹੈ। ਇਹ ਤਾਂ ਨਿਰਾ ਪਖੰਡ ਹੀ ਲੱਗਦਾ ਹੈ। ਪੌਰਾਣਿਕ ਕਾਲ ਵਿੱਚ ਬ੍ਰਾਹਮਣਾਂ ਨੇ ਸਮਾਜ ਦੀ ਭਲਾਈ ਦੇ ਲਈ ਹਿੰਦੂ ਸ਼ਾਸਤਰਾਂ ਦੀ ਰਚਨਾ ਕੀਤੀ ਸੀ। ਅੱਜ ਸਮਾਜਿਕ ਹਾਲਤਾਂ ਬਹੁਤ ਬਦਲ ਚੁੱਕੀਆਂ ਹਨ ਪਰ ਪੰਡਤਾਂ ਨੇ ਪੈਸਾ ਕਮਾਉਣ ਦੇ ਲਈ ਸ਼ਾਸਤਰਾਂ ਵਿੱਚ ਲਿਖੀ ਆਂ ਆਪਣੇ ਮਤਲਬ ਦੀਆਂ ਗੱਲਾਂ ਨੂੰ ਤੋੜਮਰੋੜ ਕੇ ਇਸ ਸ਼ਕਲ ਵਿੱਚ ਲੋਕਾਂ ਦੇ ਸਾਹਮਣੇ ਰੱਖਿਆ ਹੈ ਕਿ ਚੰਗਾ ਸਮਝਦਾਰ ਬੰਦਾ ਵੀ ਦੁਚਿੱਤੀ ਵਿੱਚ ਪੈ ਜਾਵੇ ਅਤੇ ਉਹੀ

ਕਰੇ ਜੋ ਪੰਡਤ ਕਹਿੰਦੇ ਹਨ।

ਪ੍ਰਦੂਸ਼ਣ ਦੇ ਵੱਧਦੇ ਖ਼ਤਰੇ ਨੂੰ ਦੇਖਦੇ ਹੋਏ ਸਰਕਾਰ ਨੇ ਜਦ ਬਿਜਲੀ ਸ਼ਬਦਾਹ ਗ੍ਰਹਿ ਸ਼ੁਰੂ ਕੀਤੇ ਤਾਂ ਸੱਭ ਤੋਂ ਵੱਧ ਪਰੇਸ਼ਾਨੀ ਪੰਡਿਆਂ ਨੂੰ ਹੋਈ ਕਿਉਂਕਿ ਸ਼ਬਦਾਹ ਕਰਾਉਣ ਵਾਲੇ ਲੋਕ ਵੰਡਣ ਲੱਗੇ। ਬਿਜਲੀ ਸ਼ਬਦਾਹ ਗ੍ਰਹਿ ਵਿੱਚ ਮੁੱਕਤੀ ਦੀ ਗੱਲ ਕਰਨ ਉੱਤੇ ਇਕ ਪੰਡਤ ਨੇ ਕਿਹਾ ਕਿ ਇੱਥੇ ਦਾਹਸੰਸਕਾਰ ਕਰਾਉਣ ਨਾਲ ਵੀ ਮੋਕਸ਼ ਮਿਲ ਜਾਂਦਾ ਹੈ ਕਿਉਂਕਿ ਅਸੀਂ ਸਾਰੇ ਜ਼ਰੂਰੀ ਮੰਤਰ ਲਾਸ਼ ਨੂੰ ਜਲਾਉਣ ਤੋਂ ਪਹਿਲਾਂ ਪੜ੍ਹ ਦੇਂਦੇ ਹਾਂ।

ਬਿਜਲੀ ਸ਼ਬਦਾਹ ਗ੍ਰਹਿ ਦੇ ਬਾਰੇ ਵਿੱਚ ਇੱਕ ਪੰਡਤ ਜੀ ਨੇ ਤਾਂ ਅੰਗਰੇਜ਼ੀ ਦੀ ਇਹ ਕਹਾਵਤ ਹੀ ਕਹਿ ਦਿੱਤੀ ਕਿ "ਨੈਸੇਸਿਟੀ ਇਜ਼ ਦ ਮਦਰ ਆਫ ਇਨਵੇਨਸ਼ਨ" ਯਾਨੀ ਲੋੜ ਹੀ ਖੋਜ ਦੀ ਜਨਨੀ ਹੈ।

ਹੁਣ ਸਵਾਲ ਇਹ ਉੱਠਦਾ ਹੈ ਕਿ ਜੇਕਰ ਸੰਸਕਾਰਾਂ ਨੂੰ ਕਿਸੇ ਵੀ ਤਰ੍ਹਾਂ ਤੋਂ ਤੋੜਮਰੋੜ ਕੇ ਮੋਕਸ਼ ਮਿਲ ਸਕਦਾ ਹੈ ਤਾਂ ਫਿਰ ਪੰਡਤ ਪਾਰੰਪਰਿਕ ਤਰੀਕੇ ਤੋਂ ਮ੍ਰਿਤਕ ਦਾ ਸੰਸਕਾਰ ਕਰਨ ਉੱਤੇ ਜ਼ੋਰ ਕਿਉਂ ਦੇਂਦੇ ਹਨ? ਇਸ ਦਾ ਇੱਕ ਹੀ ਕਾਰਨ ਨਜ਼ਰ ਆਉਂਦਾ ਹੈ, ਉਨ੍ਹਾਂ ਦੀ ਕਮਾਈ। ਇਹਨਾਂ ਗੱਲਾਂ ਨਾਲ ਪੰਡਿਆਂ ਦੀਆਂ ਦਲੀਲਾਂ ਉੱਤੇ ਪ੍ਰਸ਼ਨ ਚਿੰਨ੍ਹ ਤਾਂ ਲੱਗਦਾ ਹੀ ਹੈ ਨਾਲ ਹੀ ਉਨ੍ਹਾਂ ਦਾ ਦੋਗਲਾਪਨ ਵੀ ਝਲਕਦਾ ਹੈ।

ਪੰਡਤ ਸ਼ਾਂਤੀ ਪ੍ਰਸ਼ਾਦ ਸ਼ਾਸਤਰੀ ਜੀ ਨੇ ਤਾਂ ਬਿਜਲੀ ਸ਼ਵਦਾਹ ਕਰਾਉਣ ਨਾਲ ਮੋਕਸ਼ ਮਿਲਣ ਦੀ ਦਲੀਲ ਨੂੰ ਸਿਰੇ ਤੋਂ ਹੀ ਖਾਰਜ ਕਰ ਦਿੱਤਾ। ਉਹ ਕਹਿੰਦੇ ਹਨ, "ਕਰਮਕਾਂਡੀ ਬ੍ਰਾਹਮਣ ਕਦੇ ਵੀ ਇਸ ਗੱਲ ਨਾਲ ਸਹਿਮਤ ਨਹੀਂ ਹੋਵੇਗਾ। ਹਾਂ, ਕਈ ਮੂਰਖ ਪੰਡਤਾਂ ਨੇ ਜ਼ਰੂਰ ਆਪਣੇ ਨਿਜੀ ਸਵਾਰਥ ਦੇ ਲਈ ਅਜਿਹਾ ਮੰਨਣਾ ਸ਼ੁਰੂ ਕਰ ਦਿੱਤਾ ਹੈ।

ਦਾਹਸੰਸਕਾਰ ਕਰਾਉਣ ਵਾਲੇ ਇੱਕ ਹੋਰ ਬ੍ਰਾਹਮਣ ਨੇ ਦੱਸਿਆ, "ਸੱਚ ਕਹਾਂ ਤਾਂ ਮੋਕਸ਼ ਦਾ ਮੈਨੂੰ ਵੀ ਪਤਾ ਨਹੀਂ ਹੈ। ਇਸ ਦਾ ਪਤਾ ਮੈਨੂੰ ਵੀ ਤਦੇ ਲੱਗੇਗਾ ਜਦ ਮੈਂ ਮਰਾਂਗਾ ਪਰ ਅਸੀਂ ਮੋਕਸ਼ ਦੀ ਗੱਲ ਕਰਦੇ ਹਾਂ ਕਿਉਂਕਿ ਇਸੇ ਦੇ ਲਈ ਲੋਕ ਸਾਡੇ ਪਾਸ ਆਉਂਦੇ ਹਨ। ਨਹੀਂ ਤਾਂ ਅੱਜ ਦੀ ਇਸ ਮਤਲਬੀ ਦੁਨੀਆਂ ਵਿੱਚ ਕੋਈ ਐਵੇਂ ਹੀ ਤਾਂ ਦਾਨ ਨਹੀਂ ਕਰੇਗਾ ਨਾ।"

ਸ਼ਮਸ਼ਾਨ ਘਾਟ ਵਿੱਚ ਹਰ ਥਾਂ ਕੰਧਾਂ ਉੱਤੇ ਧਰਮ ਕਰਮ ਦੀਆਂ ਗੱਲਾਂ ਜਾਂ ਸੰਸਕ੍ਰਿਤ ਦੇ ਸ਼ਲੋਕ ਲਿਖੇ ਹੁੰਦੇ ਹਨ, ਜਿਵੇਂ 'ਸ਼ਰੀਰ ਮਰ ਜਾਂਦਾ ਹੈ, ਆਤਮਾ ਕਦੇ ਨਹੀਂ ਮਰਦੀ', ਮੋਕਸ਼ ਹੀ ਮੁੱਕਤੀ ਦਾ ਦੁਆਰ ਹੈ, 'ਸ਼ਰੀਰ ਪੰਚਤੱਤਵ ਵਿੱਚ ਵਿਲੀਨ ਹੋ ਜਾਂਦਾ ਹੈ', ਬੰਦਾ ਮੇਰੀ ਮੇਰੀ ਕਰਦਾ ਹੈ ਰਾਖ ਦੀ ਢੇਰੀ ਵੀ ਨਹੀਂ ਉਸਦੀ' ਆਦਿ।

ਸ਼ਮਸ਼ਾਨ ਦੀ ਇੱਕ ਕੰਧ ਉੱਤੇ ਲਿਖਿਆ ਸੀ, 'ਤੂੰ ਦਿਨੋ ਵਿੱਚ ਇੱਕ ਨੇਕ ਕੰਮ ਕਰ', ਇੱਥੇ ਕੰਮ ਕਰਨ ਵਾਲੇ ਕਰਮਚਾਰੀਆਂ ਅਤੇ ਪੰਡਤਾਂ ਨੂੰ ਦੇਖ ਕੇ ਲੱਗਾ ਕਿ ਉਹ ਆਪ ਤਾਂ ਸਾਰੇ ਦਿਨੇ ਵਿੱਚ ਇੱਕ ਵੀ ਨੇਕ ਕੰਮ ਨਹੀਂ ਕਰਦੇ। ਇਹ ਪੁੱਛਣ ਉੱਤੇ ਕਿ ਜੇਕਰ ਕੋਈ ਗਰੀਬ ਦਾਹਸੰਸਕਾਰ ਦੇ ਲਈ ਆ ਜਾਵੇ ਅਤੇ ਉਸ ਦੇ ਕੋਲ ਪੈਸਾ ਨਾ ਹੋਵੇ ਤਾਂ ਤੁਸੀਂ ਕੀ ਕਰਦੇ ਹੋ? ਇਸ ਸਵਾਲ ਉੱਤੇ ਇੱਕ ਪੰਡਤ ਦਾ ਕਹਿਣਾ ਹੈ, "ਅਸੀਂ ਉਸ ਨੂੰ ਦੂਜੇ ਸ਼ਮਸ਼ਾਨ ਵਿੱਚ ਭੇਜ ਦੇਂਦੇ ਹਾਂ।"

ਉਂਜ ਜੇਕਰ ਮੋਕਸ਼ ਦੀ ਗੱਲ ਕੀਤੀ ਜਾਵੇ ਤਾਂ ਹਵਾਈ ਜਹਾਜ ਦੁਰਘਟਨਾ ਵਿੱਚ ਮਰਨ ਵਾਲਿਆਂ ਦੀ ਆਤਮਾ ਦਾ ਕੀ ਹੁੰਦਾ ਹੋਵੇਗਾ ਜਿਹਨਾਂ ਦੇ ਸ਼ਰੀਰ ਦਾ ਕੁੱਝ ਵੀ ਨਹੀਂ ਮਿਲਦਾ। ਅਜਿਹੇ ਲੋਕਾਂ ਦੀਆਂ ਆਤਮਾਵਾ ਅਤੇ ਉਹਨਾਂ ਸਾਰੇ ਲੋਕਾਂ ਦੀਆਂ ਆਤਮਾਵਾਂ ਜਿਹਨਾਂ ਦੀ ਅੰਤਯੇਸ਼ਟੀ (ਦਾਹ-ਸੰਸਕਾਰ) ਕਿਰਿਆ ਕਰਮ ਵਿੱਚ ਕੁੱਝ ਕਮੀਆਂ ਰਹਿ ਜਾਂਦੀਆਂ ਹਨ, ਅੱਜ ਤੱਕ ਭਟਕ ਰਹੀਆਂ ਹੋਣਗੀਆਂ। ਅਜਿਹੇ ਵਿੱਚ ਤਾਂ ਇੱਥੇ ਆਤਮਾਵਾਂ ਦਾ ਵਾਸ ਵੱਧ ਅਤੇ ਬੰਦਿਆਂ ਦਾ ਘੱਟ ਹੋਣਾ ਚਾਹੀਦਾ ਹੈ।

ਮੋਕਸ਼, ਸਵਰਗ, ਨਰਕ ਦੀਆਂ ਗੱਲਾਂ ਤਾਂ ਸਾਰੇ ਕਰਦੇ ਹਨ ਪਰ ਉਹ ਇਸ ਸੱਚ ਨੂੰ ਵੀ ਜਾਣਦੇ ਹਨ ਕਿ ਇਹਨਾਂ ਦੀ ਕੋਈ ਹੋਂਦ ਨਹੀਂ ਹੈ। ਮਰਨ ਦੇ ਬਾਅਦ ਕਿਹੜੇ ਨੇ ਦੇਖਿਆ ਹੈ ਇਹ ਕਿਹੋ ਜਿਹਾ ਹੈ? ਬੰਦਾ ਸਵਰਗ ਅਤੇ ਨਰਕ ਇਸੀ ਧਰਤੀ ਉੱਤੇ ਆਪਣੇ ਜੀਵਨ ਵਿੱਚ ਹੀ ਭੋਗਦਾ ਹੈ।





# ਵਿਗਿਆਨ ਜੋਤ

- ਮੈਂਬਰਸ਼ਿਪ ਫੀਸ ਇੱਕ ਸਾਲ ਲਈ 80/-
- ਦੋ ਸਾਲ ਲਈ 150/-

ਹੁਣ ਤੁਸੀਂ ਘਰ ਬੈਠੇ ਵੀ ਵੀਪੀਪੀ ਰਾਹੀਂ 'ਵਿਗਿਆਨ ਜੋਤ' ਮੰਗਵਾ ਸਕਦੇ ਹੋ, ਵਧੇਰੇ ਜਾਣਕਾਰੀ ਲਈ ਫ਼ੋਨ ਨੰਬਰ 01679 241744 'ਤੇ ਸੰਪਰਕ ਕਰੋ।



# ਵਿਗਿਆਨ ਜੋਤ

ਨੂੰ ਘਰ ਘਰ ਪਹੁੰਚਾਉਣ ਲਈ
ਇੱਕ ਵਿਸ਼ੇਸ਼ ਸਕੀਮ ਸ਼ੁਰੂ ਕੀਤੀ ਗਈ ਹੈ।

'ਵਿਗਿਆਨ ਜੋਤ' ਦੀ ਦੋ ਸਾਲਾਂ ਦੀ ਮੈਂਬਰਸ਼ਿਪ 150 ਰੁਪਏ ਹੈ। ਜਿਹੜਾ ਸਹਿਯੋਗੀ ਇਸਦੇ ਨਵੇਂ ਪਾਠਕ ਬਣਾਏਗਾ ਉਹਨਾਂ ਨੂੰ ਹੇਠ ਲਿਖੇ ਇਨਾਮ ਦਿੱਤੇ ਜਾਣਗੇ।

**ਪੰਜ ਪਾਠਕ** ਬਣਾਉਣ ਵਾਲੇ ਨੂੰ

70 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਦਸ ਪਾਠਕ** ਬਣਾਉਣ ਵਾਲੇ ਨੂੰ

160 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਵੀਹ ਪਾਠਕ** ਬਣਾਉਣ ਵਾਲੇ ਨੂੰ

340 ਰੁਪਏ ਮੁੱਲ ਦੀਆਂ ਕਿਤਾਬਾਂ
ਇਨਾਮ ਵਜੋਂ ਭੇਜੀਆਂ ਜਾਣਗੀਆਂ।

**ਪੰਜਾਹ ਪਾਠਕ** ਬਣਾਉਣ ਵਾਲੇ ਨੂੰ

1000 ਰੁਪਏ ਮੁੱਲ ਦੀਆਂ ਕਿਤਾਬਾਂ
ਅਤੇ ਇੱਕ ਪ੍ਰਸ਼ੰਸਾ ਪੱਤਰ
ਇਨਾਮ ਵਜੋਂ ਭੇਜੇ ਜਾਣਗੇ।

ਪਾਠਕਾਂ ਦੀ ਇਕੱਠੀ ਲਿਸਟ ਪੂਰੇ ਪਤਿਆਂ ਅਤੇ ਬੈਂਕ ਡਰਾਫ਼ਟ ਸਮੇਤ ਹੇਠ ਲਿਖੇ ਪਤੇ ਤੇ ਭੇਜੀ ਜਾਵੇ :

*ਅਮਿੱਤ ਮਿੱਤਰ*
*ਤਰਕਸ਼ੀਲ ਨਿਵਾਸ, ਕੱਚਾ ਕਾਲਜ ਰੋਡ,*
*ਬਰਨਾਲਾ - 148101 (ਪੰਜਾਬ)*

ਨੋਟ ✪ ਇਨਾਮ ਵਿਚਲੀਆਂ ਕਿਤਾਬਾਂ ਤੁਹਾਡੀ ਚੋਣ ਅਨੁਸਾਰ ਮੈਗਜ਼ੀਨ ਵਿੱਚ ਛਪੀ ਲਿਸਟ, ਸਿਰਫ਼ ਤਰਕਭਾਰਤੀ ਪ੍ਰਕਾਸ਼ਨ ਜਾਂ ਵਿਸ਼ਵਭਾਰਤੀ ਪ੍ਰਕਾਸ਼ਨ ਵਿੱਚੋਂ ਹੀ ਉਪਲੱਬਧ ਹੋਣਗੀਆਂ ਤੇ ਮਿਲਣਗੀਆਂ।
✪ ਕਿਤਾਬਾਂ ਨੂੰ ਭੇਜਣ ਦਾ ਡਾਕ ਖਰਚ ਅਦਾਰਾ 'ਵਿਗਿਆਨ ਜੋਤ' ਦਾ ਹੋਵੇਗਾ।
✪ ਸਾਰੇ ਚੰਦੇ ਇੱਕੋ ਵੇਲੇ ਹੀ ਭੇਜੇ ਜਾਣ।

# ਕੀ ਰੀਤੀਰਿਵਾਜ਼ਾਂ ਦੀਆਂ ਪਾਬੰਦੀਆਂ ਤੋਂ ਮਿਲੀ ਅਜ਼ਾਦੀ

ਮ੍ਰਿਦੁਲਾ ਭਾਰਦਵਾਜ

ਅੱਜ ਇਸਤਰੀਆਂ ਹਰ ਖੇਤਰ ਵਿੱਚ ਅਪਣੀ ਹਾਜ਼ਰੀ ਦਰਜ ਕਰਾ ਰਹੀਆਂ ਹਨ ਇਸਦੇ ਬਾਵਜੂਦ, ਜ਼ਿਆਦਾਤਰ ਇਸਤਰੀਆਂ ਅੱਜ ਵੀ ਸਮਾਜਿਕ ਕੁਰੀਤੀਆਂ ਦੀ ਦਲਦਲ ਵਿੱਚ ਫਸੀਆਂ ਹੋਈਆਂ ਹਨ। ਉਹਨਾਂ ਨੂੰ ਇਸ ਦਲਦਲ ਤੋਂ ਕੱਢਣ ਦੇ ਲਈ ਸਮਾਜ ਨੂੰ ਕੁੱਝ ਠੋਸ ਫੈਸਲੇ ਲੈਣੇ ਹੀ ਹੋਣਗੇ....।

ਇਸਤਰੀਆਂ ਅੱਜ ਭਿੰਨ-ਭਿੰਨ ਖੇਤਰਾਂ ਵਿੱਚ ਸੱਭ ਤੋਂ ਉੱਤਮ ਥਾਵਾਂ ਉੱਤੇ ਹਨ। ਇੰਜਨੀਅਰ, ਡਾਕਟਰ, ਪ੍ਰਸ਼ਾਸਨਿਕ ਅਫ਼ਸਰ, ਜੱਜ, ਵਕੀਲ ਅਤੇ ਇੱਥੇ ਤੱਕ ਕਿ ਪਾਇਲਟ ਤੱਕ ਬਣ ਕੇ ਉਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਉਹ ਕਿਸੇ ਵੀ ਤਰ੍ਹਾਂ ਤੋਂ ਆਦਮੀਆਂ ਤੋਂ ਘੱਟ ਨਹੀਂ ਹਨ। ਪਰ ਅਜਿਹੀਆਂ ਇਸਤਰੀਆਂ ਦੀ ਗਿਣਤੀ ਬਹੁਤ ਹੀ ਘੱਟ ਹੈ। ਜ਼ਿਆਦਾਤਰ ਇਸਤਰੀਆਂ ਅੱਜ ਵੀ ਰੀਤੀਰਿਵਾਜ਼ਾਂ ਦੇ ਬੰਨ੍ਹਣਾਂ ਵਿੱਚ ਕੈਦ ਹਨ ਅਤੇ ਜਦ ਤੱਕ ਉਹ ਇਹਨਾਂ ਬੰਨ੍ਹਣਾਂ ਤੋਂ ਅਜ਼ਾਦ ਨਹੀਂ ਹੁੰਦੀਆਂ, ਉਹਨਾਂ ਦੀ ਆਪਣੀ ਅਜ਼ਾਦੀ ਦਾ ਸੁਪਨਾ ਅਧੂਰਾ ਹੀ ਰਹੇਗਾ।

ਇਸਤਰੀਆਂ ਦੇ ਲਈ ਅਜ਼ਾਦੀ ਦਾ ਮਤਲਬ ਸਿਰਫ ਗੁਲਾਮੀ ਤੋਂ ਅਜ਼ਾਦੀ ਹੀ ਹੈ, ਕਿਉਂਕਿ ਪਰੰਪਰਾਵਾਂ ਅਤੇ ਰੀਤੀਰਿਵਾਜ਼ਾਂ ਦੇ ਨਾਂ ਉੱਤੇ ਅੱਜ ਵੀ ਉਨ੍ਹਾਂ ਦੇ ਪੈਰਾਂ ਵਿੱਚ ਬੇੜੀਆਂ ਪਈਆਂ ਹੋਈਆਂ ਹਨ। ਅੱਜ ਵੀ ਉਨ੍ਹਾਂ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਨਿਕਲਣ ਦੀ ਆਜ਼ਾਦੀ ਨਹੀਂ ਹੈ। ਅੱਜ ਵੀ ਇਸਤਰੀ ਦੀ ਪਛਾਣ ਉਸ ਦੇ ਪਿਤਾ ਪਤੀ ਜਾਂ ਪੁੱਤਰ ਦੇ ਬਿਨਾਂ ਅਧੂਰੀ ਹੀ ਮੰਨੀ ਜਾਂਦੀ ਹੈ।



**ਆਦਮੀ ਹੀ ਸੱਭ ਤੋਂ ਉੱਪਰ ਕਿਉਂ :** ਪੌਰਾਣਿਕ ਅਤੇ ਵੈਦਿਕ ਕਾਲ ਤੋਂ ਹੀ ਸਾਡੇ ਸਮਾਜ ਦਾ ਢਾਂਚਾ ਇਸ ਤਰ੍ਹਾਂ ਬਣਾਇਆ ਗਿਆ ਹੈ, ਜਿਸ ਵਿੱਚ ਆਦਮੀ ਹੀ ਸਭ ਤੋਂ ਉਪਰ ਹੈ। ਇਸਤਰੀ ਨੂੰ ਹਮੇਸ਼ਾ ਹੀ ਦੂਜਾ ਦਰਜਾ ਦਿੱਤਾ ਗਿਆ ਹੈ। ਆਦਮੀ ਦੇ ਨਾਂ ਦੇ ਨਾਲ ਹੀ ਇਸਤਰੀ ਦਾ ਨਾਂ ਚੱਲਦਾ ਹੈ। ਬਿਨਾ ਆਦਮੀ ਦੇ ਇਸਤਰੀ ਦੀ ਕੋਈ ਹੋਂਦ ਨਹੀਂ ਹੈ ਅਤੇ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਸਤਰੀਆਂ ਦੇ ਹਿੱਤ ਵਿੱਚ ਆਵਾਜ਼ ਉਠਾਣ ਦਾ ਦਾਅਵਾ ਕਰਨ ਵਾਲੇ ਸਮਾਜਿਕ ਸੰਗਠਨ ਵੀ ਇਸ ਪਾਸੇ ਕੋਸ਼ਿਸ਼ ਕਰਨ ਤੋਂ ਕਤਰਾਂਦੇ ਹਨ। ਇਹਨਾਂ ਦੇ ਦੁਆਰਾ ਰਾਸਟਰੀ ਪੱਧਰ ਉੱਤੇ ਇਸਤਰੀਆਂ ਦੀ ਅਜ਼ਾਦੀ ਲਈ ਕੋਈ ਵਿਸ਼ੇਸ਼ ਮੁਹਿਮ ਨਹੀਂ ਚਲਾਈ ਜਾਂਦੀ। ਇਹ ਜੱਥੇਬੰਦੀਆਂ ਤਲਾਕ ਜਾਂ ਪਤੀ ਨਾਲ ਝਗੜੇ ਆਦਿ ਦੇ ਮਾਮਲਿਆਂ ਵਿੱਚ ਜ਼ਰੂਰ ਪਤੀ ਦੇ ਘਰ ਉੱਤੇ 'ਹਾਏ ਹਾਏ' ਕਰਕੇ ਆਪਣਾ ਪੱਲਾ ਝਾੜ ਲੈਂਦੇ ਹਨ।

**ਵਰਤਾਂ ਤੋਂ ਮਜ਼ਬੂਰ :** ਸੋਮਵਾਰ ਵਰਤ ਤੋਂ ਕਰਵਾਚੌਥ ਤੱਕ ਸਾਰੇ ਵਰਤ ਇਸਤਰੀਆਂ ਦੇ ਲਈ ਹੀ ਬਣੇ ਹਨ। ਵਿਆਹ ਤੋਂ ਪਹਿਲਾਂ ਚੰਗਾ ਪਤੀ ਮਿਲਣ ਦੀ ਇੱਛਾ ਦੇ ਲਈ 16 ਸੋਮਵਾਰ ਦਾ ਵਰਤ ਅਤੇ ਵਿਆਹ ਦੇ ਬਾਅਦ ਪਤੀ ਦੀ ਲੰਬੀ ਉਮਰ ਦੇ ਲਈ ਕਰਵਾਚੌਥ ਅਤੇ ਵਟਸਾਵਿਤਰੀ ਆਦਿ ਵਰਤ।

ਸਵਾਲ ਇਹ ਨਹੀਂ ਹੈ ਕਿ ਉਹ ਵਰਤ ਕਿਉਂ ਰੱਖਦੀਆਂ ਹਨ, ਸਗੋਂ ਇਹ ਹੈ ਕਿ ਵਰਤ ਰੱਖਣ ਦੇ ਲਈ ਉਨ੍ਹਾਂ ਨੂੰ ਕੌਣ ਮਜ਼ਬੂਰ ਕਰਦਾ ਹੈ? ਕੀ ਸਿਰਫ ਲੜਕੀਆਂ ਨੂੰ ਹੀ ਚੰਗੇ ਪਤੀ ਦੀ ਜ਼ਰੂਰਤ ਹੁੰਦੀ ਹੈ? ਲੜਕੇ ਚੰਗੀ ਪਤਨੀ ਮਿਲਣ ਦੇ ਲਈ ਜਾਂ ਉਹਨਾਂ ਦੀ ਲੰਬੀ ਉਮਰ ਦੇ ਲਈ ਵਰਤ ਕਿਉਂ ਨਹੀਂ ਰੱਖਦੇ? ਹਾਲਾਂਕਿ ਵਰਤ ਆਦਿ ਪੰਡਤਾਂ ਦੁਆਰਾ ਬਣਾਏ ਗਏ ਢਕੋਸਲੇ ਹੀ ਹਨ, ਇਹਨਾਂ ਨਾਲ ਕਿਸੇ ਨੂੰ ਕੁੱਝ ਪ੍ਰਾਪਤ ਨਹੀਂ ਹੁੰਦਾ। ਪਰੰਤੂ ਤਦ ਵੀ ਇਸਤਰੀਆਂ ਨੂੰ ਹੀ ਕਿਉਂ ਇਹਨਾਂ ਨੂੰ ਰੱਖਣ ਦੇ ਲਈ ਮਜ਼ਬੂਰ ਕੀਤਾ ਜਾਂਦਾ ਹੈ? ਲੜਕੀ ਭਾਵੇਂ ਕਿੰਨੀ ਹੀ ਗੁਣੀ ਅਤੇ ਪੜ੍ਹੀਲਿਖੀ ਕਿਉਂ ਨਾ ਹੋਵੇ, ਜੇਕਰ ਵਿਆਹ ਵਿੱਚ ਥੋੜ੍ਹੀ ਦੇਰੀ ਹੋਣ ਲੱਗੇ ਤਾਂ ਪੰਡੇ ਪੁਜਾਰੀਆਂ ਤੋਂ ਸਲਾਹ ਲੈਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਇਹਨਾਂ ਦੇ ਉਪਾਵਾਂ ਨਾਲ ਲੜਕੀ ਦਾ ਭਲਾ ਹੋਵੇ ਜਾਂ ਨਾ ਹੋਵੇ, ਪਰੰਤੂ ਪੰਡਿਆਂ ਦਾ ਭਲਾ ਜ਼ਰੂਰ ਹੋ ਜਾਂਦਾ ਹੈ।

**ਮੁੰਡਿਆਂ ਦੇ ਲਈ ਹੀ ਬਣੇ ਹਨ ਸਾਰੇ ਆਸ਼ੀਰਵਾਦ :** ਲੜਕੀਆਂ ਦੇ ਲਈ ਬਣੇ ਸਾਰੇ ਆਸ਼ੀਰਵਾਦ ਜਿਵੇਂ ਕਿ ਸਦਾ ਸੁਹਾਗਣ ਰਹੋ, ਦੂਧੋ-ਨਹਾਓ ਪੂਤੋ ਫਲੋ.... ਵੀ ਸਿਰਫ ਲੜਕਿਆਂ ਦੇ ਲਈ ਹੀ ਬਣੇ ਹਨ। ਇਹ ਆਸ਼ੀਰਵਾਦ ਸਿਰਫ ਆਦਮੀਆਂ ਦੀ ਲੰਬੀ ਉਮਰ, ਉਨ੍ਹਾਂ ਦੀ ਰੱਖਿਆ ਦੇ ਲਈ ਦਿੱਤੇ ਜਾਂਦੇ ਹਨ। ਆਦਮੀ ਦੇ ਬਿਨਾਂ ਇਸਤਰੀ ਦੀ ਹੋਂਦ ਦੀ ਸਮਾਜ ਇੱਛਾ ਵੀ ਨਹੀਂ ਕਰਨਾ ਚਾਹੁੰਦਾ, ਜਦਕਿ ਠੀਕ ਅਰਥਾਂ ਵਿੱਚ ਦੇਖਿਆ ਜਾਵੇ ਤਾਂ ਆਦਮੀ ਇਸਤਰੀ ਦੇ ਬਿਨਾਂ ਅਧੂਰਾ ਹੈ। ਵੱਡੇ ਸ਼ਹਿਰਾਂ ਦਾ ਹੀ ਉਦਾਹਰਣ ਲਿਆ ਜਾਵੇ ਤਾਂ ਇੱਕ ਦੰਮਪਤੀ ਆਪਣੇ ਪਰਿਵਾਰ ਦੇ ਲਈ ਜ਼ਰੂਰੀ ਸਹੂਲਤਾਂ ਤਦੇ ਜੁਟਾ ਸਕਦਾ ਹੈ, ਜਦ ਪਤੀ ਦੇ ਨਾਲ ਪਤਨੀ ਵੀ ਕਮਾਉਣ ਵਾਲੀ ਹੋਵੇ। ਜੇਕਰ ਅਸੀਂ ਲੜਕੀਆਂ ਦੇ ਹਿਤ ਦੇ ਲਈ ਆਸ਼ੀਰਵਾਦ ਨਹੀਂ ਬਣਾ ਸਕਦੇ ਤਾਂ ਵੀ ਆਉਣ ਵਾਲੇ ਸਮੇਂ ਵਿੱਚ ਘੱਟ ਤੋਂ ਘੱਟ ਉਨ੍ਹਾਂ ਨੂੰ ਆਤਮਨਿਰਭਰ ਅਤੇ ਆਤਮ ਸੁਤੰਤਰ ਬਣਾਉਣ ਦੇ ਲਈ ਉਤਸ਼ਾਹ ਤਾਂ ਦੇ ਹੀ ਸਕਦੇ ਹਾਂ।

**ਪਰੰਪਰਾਵਾਂ ਵਿੱਚ ਜਕੜੀ ਇਸਤਰੀ :** ਪਰਦਾ ਪ੍ਰਥਾ, ਸਤੀ ਪ੍ਰਥਾ ਵਰਗੀਆਂ ਕੁਪ੍ਰਥਾਵਾਂ ਵੀ ਇਸਤਰੀਆਂ ਦੇ ਲਈ ਹੀ ਬਣੀਆਂ ਸਨ। ਹਾਲਾਂਕਿ ਹੁਣ ਸਮਾਜ ਵਿੱਚ ਕਾਫੀ ਬਦਲਾਅ ਆ ਗਿਆ ਹੈ, ਪਰੰਤੂ ਫੇਰ ਵੀ ਕਈ ਅਜਿਹੀਆਂ ਪ੍ਰਥਾਵਾਂ ਹਨ ਜੋ ਅੱਜ ਵੀ ਇਸਤਰੀਆਂ ਨੂੰ ਆਪਣਾ ਸ਼ਿਕਾਰ ਬਣਾ ਹੀ ਲੈਂਦੀਆਂ ਹਨ।

ਕਈ ਸਮਾਜ ਅੱਜ ਵੀ ਵਿਧਵਾ ਇਸਤਰੀ ਨੂੰ ਆਪਣਾ ਜੀਵਨ ਸਾਥੀ ਚੁਣਨ ਦੀ ਆਗਿਆ ਨਹੀਂ ਦੇਂਦੇ ਅਤੇ ਨਾ ਹੀ ਉਨ੍ਹਾਂ ਨੂੰ ਕਿਸੇ ਸ਼ੁੱਭ ਕੰਮ ਵਿੱਚ ਸ਼ਾਮਲ ਹੋਣ ਦੀ ਆਗਿਆ ਦੇਂਦੇ ਹਨ।

**ਵਿਆਹ ਦੇ ਫੇਰਿਆਂ ਵਿੱਚ ਆਦਮੀ ਹੀ ਅੱਗੇ :** ਵਿਆਹ ਦੀ ਇੱਕ ਸੱਭ ਤੋਂ ਮਹੱਤਵਪੂਰਨ ਰਸਮ ਫੇਰਿਆਂ ਵਿੱਚ ਵੀ ਆਦਮੀ ਨੂੰ ਹੀ ਪਹਿਲਾਂ ਅੱਗੇ ਚੱਲਣ ਦਾ ਹੱਕ ਦਿੱਤਾ ਗਿਆ ਹੈ। ਜਦ ਇਸਤਰੀਆਂ ਵੀ ਆਦਮੀਆਂ ਦੇ ਨਾਲ ਮੋਢੇ ਨਾਲ ਮੋਢਾ ਮਿਲਾ ਕੇ ਚੱਲਣ ਲੱਗੀਆਂ ਹਨ, ਤਾਂ ਫੇਰਿਆਂ ਵਿੱਚ

ਇਸਤਰੀ ਆਦਮੀ ਤੋਂ ਪਹਿਲਾਂ ਕਿਉਂ ਨਹੀਂ ਚੱਲਦੀ ਜਾਂ ਦੋਵੇਂ ਨਾਲ-ਨਾਲ ਫੇਰੇ ਕਿਉਂ ਨਹੀਂ ਲੈ ਸਕਦੇ? ਹਾਂ, ਜਦ ਇਸਤਰੀ ਦੇ ਅੱਗੇ ਚੱਲਣ ਦੀ ਵਾਰੀ ਆਉਂਦੀ ਵੀ ਹੈ, ਤਾਂ ਉਨ੍ਹਾਂ ਵਚਨਾਂ ਦੇ ਲਈ ਇਹਨਾਂ ਵਿੱਚ ਉਹਨਾਂ ਨੂੰ ਆਦਮੀ ਨੂੰ ਵੱਧ ਮਹੱਤਵ ਦੇਣਾ ਹੈ।

**ਮੰਨਤਾਂ ਵਿੱਚ ਵੀ ਪੁੱਤਰ ਦੀ ਹੀ ਇੱਛਾ** : ਸਾਡੀ ਰੂੜ੍ਹੀਵਾਦੀ ਮਾਨਸਿਕਤਾ, ਜਿਸ ਵਿੱਚ ਇਹੀ ਸਿਖਾਇਆ ਗਿਆ ਹੈ ਕਿ ਪੁੱਤਰ ਹੀ ਵੰਸ਼ ਨੂੰ ਅੱਗੇ ਵਧਾਉਂਦਾ ਹੈ, ਦੇ ਕਾਰਨ ਹੀ ਪੁੱਤਰੀਆਂ ਦੇ ਨਾਲ ਇਹ ਵਿਤਕਰਾ ਹੋ ਰਿਹਾ ਹੈ। ਹਾਲਾਂਕਿ ਇਤਿਹਾਸ ਗਵਾਹ ਹੈ ਕਿ ਲਕਸ਼ਮੀ ਬਾਈ, ਅਹਿਲਿਆ ਬਾਈ, ਪੰਨਾ ਧਾਈ ਅਤੇ ਰਜੀਆ ਸੁਲਤਾਨ ਵਰਗੀਆਂ ਇਸਤਰੀਆਂ ਨੇ ਆਪਣੇ ਆਪ ਨੂੰ ਕਿਧਰੇ ਵੀ ਆਦਮੀਆਂ ਤੋਂ ਘੱਟ ਸਾਬਤ ਨਹੀਂ ਹੋਣ ਦਿੱਤਾ ਹੈ ਅਤੇ ਅੱਜ ਵੀ ਕਿਸੇ ਵੀ ਖੇਤਰ ਵਿੱਚ ਚਾਹੇ ਉਹ ਖੇਡ ਕੁੱਦ ਹੋਵੇ, ਸਿਨੇਮਾ ਹੋਵੇ, ਵਿਗਿਆਨ ਹੋਵੇ, ਕਿਧਰੇ ਵੀ ਇਸਤਰੀਆਂ ਪਿੱਛੇ ਨਹੀਂ ਹਨ। ਇਸਤਰੀਆਂ ਅੱਜ ਪੁਲਾੜ ਵਿੱਚ ਪਹੁੰਚ ਗਈਆਂ ਹਨ, ਪਰੰਤੂ ਫੇਰ ਵੀ ਸਾਡਾ ਸਮਾਜ ਅੱਜ ਵੀ ਪੁੱਤਰ ਪ੍ਰਾਪਤੀ ਦੀ ਇੱਛਾ ਪਹਿਲਾਂ ਕਰਦਾ ਹੈ।

ਦੇਵੀ ਦੇਵਤਿਆਂ ਦੀਆਂ ਮੂਰਤੀਆਂ ਤੋਂ ਪੁੱਤਰ ਪ੍ਰਾਪਤੀ ਦੇ ਲਈ ਮੰਨਤ ਮੰਨਣ ਨਾਲ ਕੁੱਝ ਪ੍ਰਾਪਤ ਨਹੀਂ ਹੁੰਦਾ। ਜੇਕਰ ਪੱਥਰ ਦੀਆਂ ਇਹਨਾਂ ਮੂਰਤੀਆਂ ਵਿੱਚ ਏਨੀ ਹੀ ਸ਼ਕਤੀ ਹੁੰਦੀ ਤਾਂ ਹਰ ਕੋਈ ਆਪਣੀ ਮੁਰਾਦ ਪੂਰੀ ਕਰਵਾ ਲੈਂਦਾ। ਪਰ ਇੱਥੇ ਪ੍ਰਸ਼ਨ ਇਹ ਹੈ ਕਿ ਪੁੱਤਰ ਪ੍ਰਾਪਤੀ ਦੇ ਲਈ ਇਸਤਰੀਆਂ ਇਹਨਾਂ ਮੂਰਤੀਆਂ ਸਾਹਮਣੇ ਕਿਉਂ ਹਾੜੇ ਕੱਢਣ, ਆਦਮੀ ਕਿਉਂ ਨਹੀਂ? ਆਦਮੀ ਇਸ ਲਈ ਨਹੀਂ ਕਿ ਉਹ ਆਦਮੀ ਹਨ ਅਤੇ ਇਸਤਰੀਆਂ ਇਸ ਲਈ ਕਿ ਉਹ ਇਸਤਰੀਆਂ ਹਨ ਅਤੇ ਪਾਬੰਦੀਆਂ ਨਾਲ ਜਕੜੀਆਂ ਹਨ।

**ਮੰਦਰਾਂ ਵਿੱਚ ਜਾਣ ਨੂੰ ਮਜ਼ਬੂਰ** : ਇਸਤਰੀਆਂ ਨੂੰ ਪਰਿਵਾਰਕ ਜ਼ਿੰਦਗੀ ਜਿਉਣ ਦੇ ਨਾਲ-ਨਾਲ ਭਗਤੀ ਉੱਤੇ ਵੀ ਜ਼ੋਰ ਦੇਣ ਨੂੰ ਕਿਹਾ ਜਾਂਦਾ ਹੈ। ਅਜਿਹਾ ਨਹੀਂ ਹੈ ਕਿ ਆਦਮੀ ਪੂਜਾ ਨਹੀਂ ਕਰਦੇ। ਮੰਦਰਾਂ ਵਿੱਚ ਨਹੀਂ ਜਾਂਦੇ ਜਾਂ ਪ੍ਰਵਚਨਾਂ ਵਿੱਚ ਨਹੀਂ ਬੈਠਦੇ ਪਰ ਉਹ ਇਹਨਾਂ ਸਭਨਾਂ ਦੇ ਲਈ ਮਜ਼ਬੂਰ ਨਹੀਂ ਹਨ। ਮਜ਼ਬੂਰੀ ਇਸਤਰੀਆਂ ਦੇ ਨਾਲ ਵੀ ਨਹੀਂ ਹੈ, ਫਿਰ ਵੀ ਪਰੰਪਰਾਵਾਂ ਅਤੇ ਰੀਤੀਰਿਵਾਜ਼ਾਂ ਦੇ ਨਾਂ ਉੱਤੇ ਉਹਨਾਂ ਨੂੰ ਇਹਨਾਂ ਸਭ ਵਿੱਚ ਬੰਨ੍ਹ ਹੀ ਦਿੱਤਾ ਜਾਂਦਾ ਹੈ। ਜੇਕਰ ਸੱਸ ਸਤਿਸੰਗ ਜਾਂਦੀ ਹੈ ਤਾਂ ਬਹੂ ਨੂੰ ਉਸ ਪਰੰਪਰਾ ਅਤੇ ਨਿਯਮ ਨੂੰ ਨਿਭਾਉਣ ਦੇ ਲਈ ਜਾਣਾ ਪੈਂਦਾ ਹੈ।

ਮੰਦਰਾਂ ਵਿੱਚ ਜਾਣਾ ਅਤੇ ਪ੍ਰਵਚਨਾਂ ਵਿੱਚ ਬੈਠਣਾ ਇਸਤਰੀਆਂ ਦੇ ਜੀਵਨ ਦਾ ਹਿੱਸਾ ਹੈ। ਘਰ ਵਿੱਚ ਰਹਿਣ ਵਾਲੀਆਂ ਇਸਤਰੀਆਂ ਜੇਕਰ ਘਰ ਤੋਂ ਬਾਹਰ ਨਿਕਲਣਾ ਚਾਹੁੰਣ ਤਾਂ ਪ੍ਰਵਚਨ ਦੇ ਨਾਂ ਉੱਤੇ ਉਹਨਾਂ ਨੂੰ ਆਸਾਨੀ ਨਾਲ ਬਾਹਰ ਜਾਣ ਦੀ ਆਗਿਆ ਮਿਲ ਜਾਂਦੀ ਹੈ।

**ਸੰਪੂਰਨ ਸਾਖ਼ਰਤਾ ਹੀ ਬਦਲ ਸਕਦੀ ਹੈ ਹਾਲਤ** : ਇਹ ਸਮਝਣ ਦਾ ਵਕਤ ਆ ਗਿਆ ਹੈ ਕਿ ਸਾਖਰ ਇਸਤਰੀ ਘਰ ਹੀ ਨਹੀਂ, ਸਗੋਂ ਸਮਾਜ ਨੂੰ ਵੀ ਸੰਵਾਰ ਸਕਦੀ ਹੈ। ਮਸ਼ਹੂਰ ਲੇਖਕਾ ਚਿਤਰਾ ਮੁਦਗਲ ਜੀ ਦੇ ਅਨੁਸਾਰ, ਇਹ ਸਾਰੇ ਰੀਤੀਰਿਵਾਜ਼ ਅਤੇ ਪਰੰਪਰਾਵਾਂ ਢਕੋਂਸਲਿਆਂ ਅਤੇ ਪਖੰਡ ਨਾਲ ਭਰੇ ਹੋਏ ਹਨ। ਜਿਹੜਾ ਮਨ ਨਾਲ ਸਵੀਕਾਰ ਕੀਤਾ ਜਾਵੇ, ਉਹੀ ਰਿਵਾਜ਼ ਹੈ ਅਤੇ ਉਹੀ ਪਰੰਪਰਾ ਹੈ। ਇਸਤਰੀ ਦੀ ਆਪਣੀ ਮਰਜ਼ੀ ਹੋਣੀ ਚਾਹੀਦੀ ਹੈ ਕਿ ਉਹ ਇਹਨਾਂ ਪਰੰਪਰਾਵਾਂ ਦਾ ਪਾਲਨ ਕਰੇ ਜਾਂ ਨਹੀਂ। ਕੀ ਸਿਰਫ ਇੱਕ ਦਿਨ ਕਰਵਾਚੌਥ ਦਾ ਵਰਤ ਰੱਖ ਲੈਣ ਉਤੇ ਹੀ ਪਤੀ ਦੀ ਲੰਬੀ ਉਮਰ ਦੀ ਇੱਛਾ ਕੀਤੀ ਜਾ ਸਕਦੀ ਹੈ? ਕੀ ਇਸਤਰੀਆਂ ਹਰ ਦਿਨ ਆਪਣੇ ਪਤੀ ਦੀ ਲੰਬੀ ਉਮਰ ਨਹੀਂ ਚਾਹੁੰਦੀਆਂ ਹਨ। ਜੇਕਰ ਹਾਂ, ਤਾਂ ਇਸਤਰੀ ਦੇ ਲਈ ਹਰ ਦਿਨ ਕਰਵਾਚੌਥ ਦੇ ਸਮਾਨ ਹੀ ਹੈ। ਜਿੱਥੇ ਤੱਕ ਇਹਨਾਂ ਪਰੰਪਰਾਵਾਂ ਦੇ ਟੁੱਟਣ ਦੀ ਗੱਲ ਹੈ, ਹੁਣ ਇਹ ਹੌਲੀ ਹੌਲੀ ਪਿੱਛੇ ਛੁੱਟ ਰਿਹਾ ਹੈ। ਸਾਖ਼ਰਤਾ ਦੇ ਕਾਰਨ ਇਸਤਰੀਆਂ ਆਪਣੇ ਆਪ ਨੂੰ ਬਦਲ ਰਹੀਆਂ ਹਨ। ਹਾਂ, ਇਸ ਵਿੱਚ ਕੁੱਝ ਸਮਾਂ ਤਾਂ ਲੱਗੇਗਾ ਹੀ, ਕਿਉਂਕਿ ਪਰੰਪਰਾਵਾਂ ਅਤੇ ਰੀਤੀਰਿਵਾਜ਼ਾਂ ਨੂੰ ਇੱਕਦਮ ਨਹੀਂ ਬਦਲਿਆ ਜਾ ਸਕਦਾ। ਇਹ ਪਰੰਪਰਾਵਾਂ ਇਸਤਰੀਆਂ ਦੇ ਲਈ ਅਨੁਸ਼ਾਸਨ ਵਾਂਗ ਹਨ ਜਿਹਨਾਂ ਤੋਂ ਬਾਹਰ ਆਉਣ ਵਿੱਚ ਸਮਾਂ ਲੱਗੇਗਾ।

## ਜੇ ਪ੍ਰਿਥਵੀ ਘੁੰਮਣਾ ਬੰਦ ਕਰ ਜਾਵੇ ਤਾਂ

ਸਾਡੀ ਧਰਤੀ ਆਪਣੇ ਧੁਰੇ ਦੇ ਦੁਆਲੇ 1670 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਘੁੰਮ ਰਹੀ ਹੈ। ਅੱਠ ਘੰਟੇ ਦੀ ਨੀਂਦ ਬਾਅਦ ਅਸੀਂ ਲੱਗਭੱਗ 13360 ਕਿਲੋਮੀਟਰ ਦੀ ਦੂਰੀ ਤਹਿ ਕਰ ਚੁੱਕੇ ਹੁੰਦੇ ਹਾਂ। ਭਾਵੇਂ ਇਹ ਨੇੜੇ ਭਵਿੱਖ ਵਿੱਚ ਕਦੇ ਵੀ ਸੰਭਵ ਨਹੀਂ ਹੋਵੇਗਾ ਪਰ ਜੇ ਧਰਤੀ ਇੱਕੋ ਲਖਤ ਘੁੰਮਣਾ ਬੰਦ ਕਰ ਦੇਵੇ ਤਾਂ ਇੰਝ ਵਾਪਰੇਗਾ।

1. ਧਰਤੀ ਉਪਰਲਾ ਵਾਯੂਮੰਡਲ ਉਸੇ ਤਰ੍ਹਾਂ ਗਤੀ ਕਰਦਾ ਰਹੇਗਾ ਕਿਉਂਕਿ ਧਰਤੀ ਇਕੱਲੀ ਹੀ ਘੁੰਮ ਨਹੀਂ ਰਹੀ ਸਗੋਂ ਇਸਦੇ ਨਾਲ ਇਸਦਾ ਵਾਯੂਮੰਡਲ ਵੀ ਘੁੰਮ ਰਿਹਾ ਹੈ। ਇਸਦਾ ਮਤਲਬ ਧਰਤੀ ਉਪਰ ਹਵਾ 1670 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਨਾਲ ਚੱਲੇਗੀ। ਜਿਸਦਾ ਸਿੱਧਾ ਜਿਹਾ ਮਤਲਬ ਧਰਤੀ ਦੀ ਸਾਰੀ ਬਨਸਪਤੀ ਤੇ ਦਰੱਖਤ ਇੱਕ ਦੂਜੇ ਨਾਲ ਟਕਰਾ ਕੇ ਨਸ਼ਟ ਹੋ ਜਾਣਗੇ ਸਮੁੰਦਰੀ ਲਹਿਰਾਂ ਇਸੇ ਰਫਤਾਰ ਨਾਲ ਕਿਨਾਰਿਆਂ ਵੱਲ ਆਉਣਗੀਆਂ ਤੇ ਰਹਿੰਦੀ ਕਸਰ ਇਹਨਾਂ ਨੇ ਕੱਢ ਦੇਣੀ ਹੈ। ਸਮੁੱਚੇ ਮਕਾਨ, ਸਮੁੰਦਰੀ ਜਹਾਜ, ਹਵਾਈ ਜਹਾਜ ਨਸ਼ਟ ਹੋ ਜਾਣਗੇ। ਬੰਦੇ ਇੱਕ ਦੂਜੇ ਨਾਲ ਟਕਰਾ ਕੇ ਮਰ ਮੁੱਕ ਜਾਣਗੇ।

2. ਧਰਤੀ ਤੇ ਛੇ ਮਹੀਨੇ ਦਾ ਦਿਨ ਤੇ ਛੇ ਮਹੀਨੇ ਦੀ ਰਾਤ ਹੋਣੀ ਸ਼ੁਰੂ ਹੋ ਜਾਵੇਗੀ।

3. ਓਜੋਨ ਦੀ ਪਰਤ ਨਸ਼ਟ ਹੋਣ ਨਾਲ ਪ੍ਰਾਵੈਂਗਣੀ ਕਿਰਨਾਂ ਧਰਤੀ ਦੇ ਵਾਤਾਵਰਣ ਨੂੰ ਨਸ਼ਟ ਕਰ ਦੇਣਗੀਆਂ। ਭਾਂਵੇ ਅਰਬਾਂ ਸਾਲਾਂ ਤੱਕ ਧਰਤੀ ਦੇ ਘੁੰਮਣ ਤੇ ਰੁਕਣ ਦਾ ਅਜਿਹਾ ਵਰਤਾਰਾ ਨਹੀਂ ਵਾਪਰੇਗਾ।

### ਮਨੁੱਖੀ ਆਬਾਦੀ ਦੀ ਗਿਣਤੀ-ਮਿਣਤੀ

ਪਹਿਲੀ ਸਦੀ ਦੇ ਸ਼ੁਰੂਆਤੀ ਦਿਨਾਂ ਵਿੱਚ ਧਰਤੀ 'ਤੇ ਸਿਰਫ 20 ਕਰੋੜ ਲੋਕ ਹੀ ਰਹਿੰਦੇ ਸਨ।

1804 ਵਿੱਚ ਇਹ ਜਨਸੰਖਿਆ ਵੱਧ ਕੇ ਇੱਕ ਅਰਬ ਹੋ ਗਈ

1927 ਵਿੱਚ ਆਬਾਦੀ ਦੋ ਅਰਬ ਹੋ ਗਈ

1960 ਵਿੱਚ ਇਹ ਜਨਸੰਖਿਆ 3 ਅਰਬ ਹੋ ਗਈ

1975 ਵਿੱਚ ਲੋਕਾਂ ਦੀ ਗਿਣਤੀ 4 ਅਰਬ ਸੀ

1999 ਵਿੱਚ ਇਹ ਆਬਾਦੀ 6 ਅਰਬ ਹੋ ਗਈ

2011 ਵਿੱਚ ਹੋਈ ਮਰਦਮ ਸੁਮਾਰੀ ਅਨੁਸਾਰ ਇਹ ਅੰਕੜਾ 7 ਅਰਬ ਨੂੰ ਛੂਹ ਗਿਆ।

ਇਸ ਤਰ੍ਹਾਂ ਭਾਰਤ ਦੀ ਆਬਾਦੀ 1931 ਵਿੱਚ ਸਿਰਫ 33 ਕਰੋੜ ਸੀ ਜੋ ਭਗਤ ਸਿੰਘ ਦੀ ਘੋੜੀ ਕਿ "33 ਕਰੋੜ ਤੇਰੇ ਬਰਾਤੀ ਵੇ ਲਾੜਿਆ" ਵਿੱਚ ਜਿਕਰ ਆਉਂਦਾ ਹੈ ਜੋ ਅੱਜ ਇੱਕ ਅਰਬ ਵੀਹ ਕਰੋੜ ਨੂੰ ਪੁੱਜ ਗਈ ਹੈ। ਪੰਜਾਬ ਦੀ ਆਬਾਦੀ ਦਾ ਅੰਦਾਜ਼ਾ ਤੁਸੀਂ ਖੁਦ ਲਾ ਸਕਦੇ ਹੋ।

**-ਮੇਘ ਰਾਜ ਮਿੱਤਰ**



# ਜਾਦੂ ਦੇ ਟਰਿੱਕ

**ਸਰਜੀਤ ਤਲਵਾਰ**

## ਦਰਸ਼ਕ ਦਾ ਤਾਸ਼ ਦਾ ਪੱਤਾ ਬੁੱਝਣਾ

ਟਰਿੱਕ ਮਾਸਟਰ ਦਰਸ਼ਕ ਨੂੰ ਤਾਸ਼ ਵਿਚੋਂ ਪੱਤਾ ਖਿੱਚਕੇ ਪਛਾਨਣ ਲਈ ਆਖਦਾ ਹੈ। ਮੁੜ ਉਹ ਪੱਤਾ ਵਾਪਸ ਪੈਕ ਵਿਚ ਰਖਵਾਕੇ ਤਾਸ਼ ਨੂੰ ਚੰਗੀ ਤਰ੍ਹਾਂ ਕਈ ਵਾਰੀ ਕੱਟ ਮਾਰ ਲੈਂਦਾ ਹੈ। ਦਰਸ਼ਕ ਵੀ ਕਈ ਕੱਟ ਮਾਰਦਾ ਹੈ। ਉਲਟੇ ਪਾਸਿਉਂ ਵੇਖ ਕੇ ਹੀ ਦਰਸ਼ਕ ਦਾ ਪੱਤਾ ਲੱਭਕੇ ਟਰਿੱਕ ਮਾਸਟਰ ਅਚੰਭਾ ਪੈਦਾ ਕਰ ਦਿੰਦਾ ਹੈ।

**ਲੋੜੀਂਦਾ ਸਾਮਾਨ** : ਤਾਸ਼ ਦੇ ਉਲਟੇ ਪਾਸੇ ਬਣੀ ਸੀਨਰੀ ਜਾਂ ਤਸਵੀਰ ਆਦਿ ਦੇ ਮੂੰਹ ਇਕੋ ਪਾਸੇ ਨੂੰ ਕਰਕੇ ਜੋੜ ਲਵੋ।

**ਪ੍ਰਦਰਸ਼ਨ** : ਦਰਸ਼ਕ ਨੂੰ ਤਾਸ਼ ਵਿਚੋਂ ਪੱਤਾ ਖਿਚਵਾ ਕੇ ਪਛਾਣ ਲਈ ਆਖਦਾ ਟਰਿੱਕ ਮਾਸਟਰ ਕਹਿੰਦਾ ਹੈ, "ਇਹ ਤਾਂ ਹੈ ਈ ਬਹੁਤ ਸੌਖਾ - ਤੇਰਾ ਪੱਤਾ ਬੁੱਝਣਾ - ਪਰ ਮਿਹਨਤ ਅਭਿਆਸ ਕਰਨਾ ਪੈਂਦਾ ਹੈ।" ਦਰਸ਼ਕ ਪੱਤਾ ਵੇਖਕੇ ਵਾਪਸ ਪੈਕ ਵਿਚ ਆਪਣੀ ਮਰਜੀ ਨਾਲ ਰੱਖ ਦਿੰਦਾ ਹੈ ਜਿਥੇ ਉਹ ਚਾਹੁੰਦਾ ਹੈ। ਫੇਰ ਤਸੱਲੀ ਹੋਣ ਤੱਕ 10-15 ਵਾਰੀ ਤਾਸ਼ ਨੂੰ ਕੱਟ ਵੀ ਮਾਰਦਾ ਹੈ ਪੱਤੇ ਵੀ ਮਿਲਾਉਂਦਾ ਹੈ। ਟਰਿੱਕ ਮਾਸਟਰ ਤਾਸ਼ ਫੜਕੇ ਮੱਥੇ ਨਾਲ ਲਾਉਂਦਾ ਹੈ - ਹੱਥਾਂ ਨਾਲ ਕੰਨ ਫੜਦਾ ਹੈ - ਅੱਖਾਂ ਬੰਦ ਕਰਕੇ ਸੋਚਦਾ ਹੈ - ਫੇਰ ਇਕ-ਇਕ ਕਰਕੇ ਸਾਰੇ ਪੱਤਿਆਂ ਨੂੰ ਉਲਟੇ ਪਾਸਿਉਂ ਹੀ ਵੇਖਦਾ ਹੈ ਬਹੁਤ ਗੰਭੀਰ ਜਾਂਦਾ ਹੈ ਜਿਵੇਂ ਫੇਲ੍ਹ ਹੋਵੇ, ਦੁਬਾਰਾ ਫੇਰ ਪੱਤੇ ਫਰੋਲਦਾ ਹੈ, ਦਰਸ਼ਕ ਦਾ ਪੱਤਾ ਬਾਹਰ ਕੱਢਕੇ ਵਿਖਾ ਦਿੰਦਾ ਹੈ। ਦਰਸ਼ਕ ਹੈਰਾਨ ਰਹਿ ਜਾਂਦੇ ਹਨ।



ਇਸ ਟਰਿੱਕ ਦਾ ਭੇਦ ਹੈ ਕਿ ਪੈਕ ਦੇ ਪਿਛਲੇ ਪਾਸੇ ਪ੍ਰਿੰਟ ਸੀਨਰੀ ਸਾਰੇ ਪੱਤੇ ਇਕੋ ਪਾਸੇ ਜੋੜੇ ਹੁੰਦੇ ਹਨ ਜਦੋਂ ਦਰਸ਼ਕ ਪੱਤਾ ਵੇਖਕੇ ਵਾਪਸ ਰੱਖਦਾ ਹੈ ਤਾਂ ਟਰਿੱਕ ਮਾਸਟਰ ਸੀਨਰੀ ਦਾ ਪਾਸਾ ਉਲਟਾ ਲੈਂਦਾ ਹੈ। ਇਸ ਤਰ੍ਹਾਂ ਦਰਸ਼ਕ ਦੇ ਪੱਤੇ ਦਾ ਮੂੰਹ ਬਾਕੀ ਸਾਰੇ ਪੱਤਿਆਂ ਦੇ ਉਲਟ ਹੋ ਜਾਂਦਾ ਹੈ। ਜਿਸ ਤੋਂ ਟਰਿੱਕ ਮਾਸਟਰ ਪਛਾਣ ਕਰ ਲੈਂਦਾ ਹੈ।

## ਪਹਿਲਾਂ ਤੋਂ ਹੀ ਆਡਰ ਦੇਣਾ

ਜਾਦੂਗਰ ਹੋਟਲ ਦੇ ਵੇਟਰ ਨੂੰ ਬੁਲਾਉਂਦਾ ਹੈ ਅਤੇ ਉਸਨੂੰ ਕੋਈ ਚੀਜ਼ ਲਿਆਉਣ ਦੇ ਲਈ ਆਖਦਾ ਹੈ ਉਹ ਇਸ ਚੀਜ਼ ਨੂੰ ਕੱਪੜੇ ਦੇ ਨਾਲ ਢੱਕ ਕੇ ਲੈ ਕੇ ਆਉਂਦਾ ਹੈ ਜਾਦੂਗਰ ਉਸ ਤੋਂ ਉਹ ਕੱਪੜੇ ਨਾਲ ਢੱਕ ਪਲੇਟ ਪਕੜ ਲੈਂਦਾ ਹੈ। ਫਿਰ ਉਹ ਆਪਣੇ ਸਾਥੀ ਨੂੰ ਆਖਦਾ ਹੈ ਕਿ ਉਹ ਵੱਖ-ਵੱਖ ਦਰਸ਼ਕਾਂ ਨੂੰ ਪੁੱਛੇ ਕਿ ਉਹ ਕੀ-ਕੀ ਖਾਣਾ ਪਸੰਦ ਕਰਦੇ ਹਨ। ਜਾਦੂਗਰ ਦੇ ਕਹਿਣ ਤੇ ਸਹਿਯੋਗੀ ਸਾਰੇ ਦਰਸ਼ਕਾਂ ਤੋਂ ਪੁੱਛਦਾ ਜਾਂਦਾ ਹੈ ਅਤੇ ਲਿਖਦਾ ਜਾਂਦਾ ਹੈ। ਇਸ ਤੋਂ ਬਾਅਦ ਉਹ ਲਿਖੀਆਂ ਹੋਈਆਂ ਪਰਚੀਆਂ ਨੂੰ ਇਕ ਡੱਬੇ ਦੇ ਵਿੱਚ ਪਾ ਦਿੰਦਾ ਹੈ। ਫਿਰ ਇਕ ਦਰਸ਼ਕ ਨੂੰ ਸਟੇਜ਼ ਦੇ ਉੱਪਰ ਸੱਦਿਆ ਜਾਂਦਾ ਹੈ ਅਤੇ ਉਹ ਡੱਬੀ ਦੇ ਵਿਚੋਂ ਇਕ ਪਰਚੀ ਬਾਹਰ ਕੱਢਦਾ ਹੈ। ਉਸ ਦੇ ਉੱਪਰ ਸੇਬ ਲਿਖਿਆ ਹੁੰਦਾ ਹੈ ਜਾਦੂਗਰ ਵੇਟਰ ਦੁਆਰਾ ਲਿਆਂਦੀ ਪਲੇਟ ਦੇ ਉੱਪਰੋਂ ਕੱਪੜਾ ਉਠਾ ਦਿੰਦਾ ਹੈ ਉਸ ਦੇ ਵਿਚ ਵੀ ਸੇਬ ਹੀ ਪਿਆ ਹੁੰਦਾ ਹੈ ਸਾਰੇ ਦਰਸ਼ਕ ਇਹ ਦੇਖ ਕੇ ਹੈਰਾਨ ਰਹਿ ਜਾਂਦੇ ਹਨ ਕਿ ਉਹ ਹੋਇਆ ਤਾਂ ਹੋਇਆ ਕਿਵੇਂ।

**ਜਾਦੂ ਦਾ ਸਾਮਾਨ** : ਸੇਬ, ਪਰਚੀਆਂ, ਡੱਬਾ, ਕੁਝ ਸਹਿਯੋਗੀ।

**ਜਾਦੂ ਦੀ ਤਿਆਰੀ** : ਪਰੈਕਟਿਸ

**ਜਾਦੂ ਦਾ ਪ੍ਰਦਰਸ਼ਨ** : ਸਭ ਤੋਂ ਪਹਿਲਾਂ ਤੁਸੀਂ ਸਟੇਜ਼ ਦੇ ਉੱਪਰ ਵੇਟਰ ਨੂੰ ਬੁਲਾਓ ਅਤੇ ਉਸ ਦੇ ਵਿਚ ਕੰਨ ਵਿਚ ਸੇਬ ਪਲੇਟ ਦੇ ਵਿਚ ਕੱਪੜੇ ਨਾਲ ਢੱਕ ਕੇ ਲੈ ਆਉਣ ਦੇ ਲਈ ਆਖੋ। ਜਦੋਂ ਉਹ ਸੇਬ ਪਲੇਟ ਦੇ ਵਿਚ ਕੱਪੜੇ ਨਾਲ ਢੱਕ ਕੇ ਲੈ ਆਵੇ ਤਾਂ ਤੁਸੀਂ ਉਹ ਪਲੇਟ ਫੜ ਕੇ ਮੇਜ਼ ਦੇ ਉੱਪਰ ਰੱਖ ਲਵੋ। ਹੁਣ ਆਪਣੇ ਸਹਿਯੋਗੀ ਨੂੰ ਦਰਸ਼ਕਾਂ ਨੂੰ ਆਡਰ ਲਿਖ ਕੇ ਲਿਆਉਣ ਲਈ ਆਖੋ ਕਿ ਉਹ ਖਾਣਾ ਚਾਹੁੰਦੇ ਹਨ। ਇਥੇ ਤੁਹਾਡਾ ਸਹਿਯੋਗੀ ਇਕ ਕੰਮ ਇਹ ਕਰੇਗਾ ਕਿ ਉਹ ਹਰੇਕ ਪਰਚੀ ਦੇ ਉੱਪਰ ਦਰਸ਼ਕਾਂ ਦਾ ਆਡਰ ਕਿਉਂ ਨਾ ਦੇਣ। ਉਹ ਸਹਿਯੋਗੀ ਇਨ੍ਹਾਂ ਪਰਚੀਆਂ ਨੂੰ ਮੋੜ ਕੇ ਡੱਬੇ ਦੇ ਵਿਚ ਪਾ ਦਿੰਦਾ ਹੈ। ਤੁਸੀਂ ਕਿਸੇ ਵੀ ਦਰਸ਼ਕ ਨੂੰ ਸਟੇਜ਼ ਉੱਪਰ ਬੁਲਾਓ ਅਤੇ ਡੱਬੇ ਦੇ ਵਿਚੋਂ ਪਰਚੀ ਬਾਹਰ ਕੱਢਣ ਦੇ ਲਈ ਆਖੋ। ਇਹ ਇਕ ਪਰਚੀ ਦੀ ਚੋਣ ਕਰਦਾ ਹੈ ਉਸ ਨੂੰ ਖੋਲਦਾ ਹੈ ਅਤੇ ਉਸ ਉੱਪਰ ਸੇਬ ਲਿਖਿਆ ਹੁੰਦਾ ਹੈ ਤੁਸੀਂ ਪਲੇਟ ਦੇ ਉੱਪਰੋਂ ਕੱਪੜਾ ਹਟਾ ਦਿਓ ਅਤੇ ਉਸ ਉੱਪਰ ਵੀ ਸੇਬ ਹੀ ਹੋਵੇਗਾ। ਇਹ ਸੇਬ ਸਟੇਜ਼ ਉੱਪਰ ਆਏ ਦਰਸ਼ਕ ਨੂੰ ਖਾਣ ਦੇ ਲਈ ਦੇ ਦੇਵੋ।

ਸਾਰੇ ਦਰਸ਼ਕ ਸੋਚਣ ਤੇ ਮਜਬੂਰ ਹੋ ਜਾਣਗੇ ਕਿ ਇਹ ਕਿਵੇਂ ਹੋ ਗਿਆ। ਸਾਰੇ ਦਰਸ਼ਕ ਤੁਹਾਡੀ ਭਵਿੱਖ ਨੂੰ ਜਾਨਣ ਦੀ ਸ਼ਕਤੀ ਤੋਂ ਪ੍ਰਭਾਵਿਤ ਹੋਏ ਬਿਨਾਂ ਨਹੀਂ ਰਹਿ ਸਕਣਗੇ।

## ਮਿਸਰ ਵਾਸੀਆਂ ਦੀ ਗੁਪਤ ਭਾਸ਼ਾ - ਹੇਇਰੋਗਲਿੱਫ

ਟਰਿੱਕ ਮਾਸਟਰ ਦਰਸ਼ਕਾਂ ਨੂੰ ਬੋਰਡ ਉੱਪਰ ਇੱਕ ਚਿੱਤਰ ਬਣਾਕੇ ਵਿਖਾਉਂਦਾ ਹੈ ਦੋ ਚੱਕਰ ਇਕ ਛੋਟਾ ਤੇ ਇਕ ਵੱਡਾ, ਦੋਵਾਂ ਦੇ ਵਿਚਕਾਰ ਦੀ ਖਿੱਚੀ ਗਈ ਰੇਖਾ। ਦਰਸ਼ਕਾਂ ਨੇ ਇਹ ਬਣਾਉਣਾ ਹੁੰਦਾ ਹੈ।

**ਲੋੜੀਂਦਾ ਸਾਮਾਨ** : ਬਲੈਕ ਬੋਰਡ ਅਤੇ ਚਾਕ

**ਪੂਰਵ ਤਿਆਰੀ** : ਕੋਈ ਨਹੀਂ

**ਪ੍ਰਦਰਸ਼ਨ** : ਟਰਿੱਕ ਮਾਸਟਰ ਦੱਸਦਾ ਹੈ ਕਿ ਹਾਇਰੋਗਲਿੱਫ ਆਖਦੇ ਕਿਸਨੂੰ ਨੇ। ਇਹ ਕੋਈ ਚਿੰਨ੍ਹ ਜਾਂ ਚਿੱਤਰ ਹੁੰਦਾ ਹੈ। ਇਹ ਆਮ ਤੌਰ ਤੇ ਮਿਸਰ ਦੇ ਪਿਰਾਮਿਡਾਂ ਵਿਚ ਉੱਕਰੇ ਮਿਲਦੇ ਹਨ। ਮਿਸਰੀ ਲੋਕ ਇਹਨਾਂ ਨੂੰ ਪਵਿੱਤਰ ਮੰਨਦੇ ਹਨ। ਇਹ ਉਹਨਾਂ ਦੀ ਇਕ ਗੁੱਪਤ ਭਾਸ਼ਾ ਹੁੰਦੀ ਸੀ। ਜਿਸਦੇ ਰਾਹੀਂ ਉਹਨਾਂ ਨੇ ਆਪਣੀ ਸੱਭਿਅਤਾ ਬਾਰੇ ਜਾਣਕਾਰੀ ਲੁਕੋ ਰੱਖੀ ਸੀ। ਵੇਖਣ ਨੂੰ ਇਹ ਉਲੀਕਣੇ ਬਹੁਤ ਸੌਖੇ ਲੱਗਦੇ ਹਨ ਪਰ ਸ਼ਰਤਾਂ ਅਨੁਸਾਰ ਇਹਨਾਂ ਨੂੰ ਉਲੀਕਣਾ ਆਮ ਵਿਅਕਤੀ ਲਈ ਮੁਸ਼ਕਲ ਹੁੰਦਾ ਹੈ। ਮਿਸਰੀਆਂ ਦੀ ਇਸ ਗੁਪਤ ਭਾਸ਼ਾ ਨੂੰ ਸੰਨ 1822 ਵਿਚ ਫਰਾਂਸੀਸੀ ਪੁਰਾਤੱਤਵ ਵਿਗਿਆਨੀ ਜੇ. ਐਫ. ਚੈਂਪੋਲੀਅਨ ਨੇ ਪੜ੍ਹ ਲਿਆ ਸੀ। ਜਿਸ ਨਾਲ ਇਹ ਜਾਨਵਰਾਂ, ਪੰਛੀਆਂ, ਮਰਦਾਂ, ਔਰਤਾਂ ਦੇ ਚਿੰਨ੍ਹਾਂ ਵਾਲੀ ਭਾਸ਼ਾ ਦਾ ਭੇਦ ਖੁੱਲ੍ਹ ਗਿਆ।

"ਆਹ ਚਿੱਤਰ ਵੇਖੋ, ਇਹ ਵੀ ਇਕ ਬਹੁਤ ਹੀ ਸਾਧਾਰਨ

ਕਿਸਮ ਦਾ ਹਾਇਰੋਗਾਲਿਫ ਹੀ ਹੈ, ਤੁਸੀਂ ਇਹ ਬੋਰਡ ਉੱਪਰ ਉਲੀਕਣਾ ਹੈ ਸ਼ਰਤਾਂ ਇਹ ਹਨ:

ਪਹਿਲੀ ਸ਼ਰਤ ਇਹ ਹੈ ਕਿ ਤੁਸੀਂ ਬਲੈਕ ਬੋਰਡ ਤੋਂ ਚਾਕ ਉੱਪਰ ਨਹੀਂ ਉਠਾਉਣਾ।

ਦੂਜੀ ਸ਼ਰਤ ਇਹ ਹੈ ਕਿ ਇਕ ਲਾਈਨ ਦੇ ਉੱਪਰ ਦੂਜੀ ਵਾਰੀ ਲਾਈਨ ਨਹੀਂ ਖਿੱਚਣੀ ਅਤੇ ਨਾ ਹੀ ਪਹਿਲਾਂ ਖਿੱਚੀ ਲਾਈਨ ਨੂੰ ਕੱਟਣਾ ਹੈ।"

ਦਰਸ਼ਕ ਕੋਸ਼ਿਸ਼ ਕਰਦੇ ਹਨ ਪਰ ਕਾਮਯਾਬ ਨਹੀਂ ਹੁੰਦੇ ਇਸਨੂੰ ਬਣਾਉਣ ਵਿਚ। ਤੁਸੀਂ ਇਕ ਵਾਰੀ ਉਹਨਾਂ ਸਾਹਮਣੇ ਬਣਾਕੇ ਵਿਖਾ ਵੀ ਦਿੰਦੇ ਹੋ। ਫੇਰ ਵੀ ਉਹ ਨਹੀਂ ਬਣਾ ਸਕਦੇ। ਚਿੱਤਰ ਅਨੁਸਾਰ ਅਭਿਆਸ ਕਰਕੇ ਸਿੱਖਿਆ ਜਾ ਸਕਦਾ ਹੈ ਇਸਨੂੰ ਕੋਸ਼ਿਸ਼ ਕਰੋ।

**ਹਾਇਰੋਗਲਿਫ** - ਯੂਨਾਨੀ ਭਾਸ਼ਾ ਦਾ ਸ਼ਬਦ ਹੈ – ਹਾਇਰੋ ਦਾ ਅਰਥ ਹੈ ਪਵਿੱਤਰ ਅਤੇ ਗਲਿਫ ਦਾ ਅਰਥ ਹੈ ਉੱਕਰਿਆ ਹੋਇਆ – ਭਾਵ ਪਵਿੱਤਰ ਉੱਕਰਿਆ ਹੋਇਆ ਚਿੰਨ੍ਹ।

## ਸਮੋਹਿਤ ਲੜਕੀ ਦੱਸੇ-ਰੁਮਾਲ ਦਾ ਰੰਗ

ਜਾਦੂਗਰ ਸਟੇਜ਼ ਦੇ ਉੱਪਰ ਇਕ ਲੜਕੀ ਨੂੰ ਸੱਦਦਾ ਹੈ ਅਤੇ ਉਸ ਨੂੰ ਹਿਪਨੋਟਾਇਜ਼ ਕਰਕੇ ਕੁਰਸੀ ਤੇ ਬਿਠਾ ਦਿੰਦਾ ਹੈ। ਜਾਦੂਗਰ ਉਸ ਲੜਕੀ ਦੀਆਂ ਅੱਖਾਂ ਉੱਪਰ ਪੱਟੀ ਵੀ ਬੰਨ੍ਹ ਦਿੰਦਾ ਹੈ। ਇਸ ਤੋਂ ਬਾਅਦ ਇਕ ਲੜਕਾ ਡੱਬਾ ਲੈ ਕੇ ਸਟੇਜ਼ ਦੇ ਉੱਪਰ ਆਉਂਦਾ ਹੈ ਅਤੇ ਬਹੁਤ ਸਾਰੇ ਰੁਮਾਲ ਜੋ ਅਲੱਗ-ਅਲੱਗ ਰੰਗ ਦੇ ਹੁੰਦੇ ਹਨ ਨੂੰ ਡੱਬੇ ਵਿਚ ਇਕ-ਇਕ ਕਰਕੇ ਪਾ ਦਿੰਦਾ ਹੈ। ਅਤੇ ਆਪ ਦੂਰ ਜਾ ਕੇ ਖੜ੍ਹਾ ਹੋ ਜਾਂਦਾ ਹੈ। ਜਾਦੂਗਰ ਰੁਮਾਲ ਕੱਢਦਾ ਹੈ ਲੜਕੀ ਨੂੰ ਪੁੱਛਦਾ ਹੈ ਕਿ ਕਿਸ ਰੰਗ ਦਾ ਰੁਮਾਲ ਹੈ ਤਾਂ ਸਮੋਹਿਤ ਲੜਕੀ ਰੁਮਾਲ ਦਾ ਰੰਗ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਦੱਸ ਦਿੰਦੀ ਹੈ। ਸਾਰੇ ਦਰਸ਼ਕ ਜਾਦੂਗਰ ਦੇ ਜਾਦੂ ਦੇ ਪ੍ਰਭਾਵ ਤੋਂ ਬਹੁਤ ਪ੍ਰਭਾਵਿਤ ਹੁੰਦੇ ਹਨ।



**ਜਾਦੂ ਦਾ ਸਾਮਾਨ** : ਗੱਤੇ ਦਾ ਡੱਬਾ, ਰੁਮਾਲ (ਅਲੱਗ-ਅਲੱਗ ਰੰਗ ਦੇ), ਇਕ ਕਾਲੇ ਰੰਗ ਦੀ ਪੱਟੀ ਅੱਖਾਂ ਤੇ ਬੰਨ੍ਹਣ ਦੇ ਲਈ, ਇਕ ਮੁੜਵੀਂ ਪਿੰਨ ਨਾਲ ਬੰਨ੍ਹਿਆ ਹੋਇਆ ਕਾਲਾ ਮਜ਼ਬੂਤ ਧਾਗਾ।

**ਜਾਦੂ ਦੀ ਤਿਆਰੀ** : ਸਭ ਕੁਝ ਮੇਜ਼ ਦੇ ਉੱਪਰ ਰੱਖੋ। ਲੜਕੀ ਨੂੰ ਦਰਸ਼ਕ ਬਣਾ ਕੇ ਦਰਸ਼ਕਾਂ ਦੇ ਵਿਚ ਬੈਠਾ ਦਿਓ। ਲੜਕੀ ਅਤੇ ਸਹਿਯੋਗੀ ਲੜਕੇ ਨੂੰ ਹੇਠ ਲਿਖੀ ਤਾਲਿਕਾ ਯਾਦ ਕਰ ਲੈਣੀ ਚਾਹੀਦੀ ਹੈ :

| | | |
|---|---|---|
| ਲਾਲ | – | ਇਕ ਵਾਰ |
| ਪੀਲਾ | – | ਦੋ ਵਾਰ |
| ਹਰਾ | – | ਤਿੰਨ ਵਾਰ |
| ਨੀਲਾ | – | ਚਾਰ ਵਾਰ |
| ਕਾਲਾ | – | ਪੰਜ ਵਾਰ |
| ਚਿੱਟਾ | – | ਛੇ ਵਾਰ |

**ਜਾਦੂ ਦਾ ਪ੍ਰਦਰਸ਼ਨ** : ਸਭ ਤੋਂ ਪਹਿਲਾਂ ਤੁਸੀਂ ਇਧਰ-ਉਧਰ ਦੀਆਂ ਗੱਲਾਂ ਮਾਰਨੀਆਂ ਸ਼ੁਰੂ ਕਰੋ। ਦਰਸ਼ਕਾਂ ਨੂੰ ਗੱਲਾਂ ਦੇ ਵਿਚ ਹੀ ਆਪਣੇ ਖੇਲ ਦੇ ਬਾਰੇ ਦੇ ਵਿਚ ਦੱਸ ਦਿਓ। ਇਕ ਲੜਕੀ ਨੂੰ ਸਟੇਜ਼ ਉੱਪਰ ਸੱਦੋ। ਉਸਨੂੰ ਹਿਪਨੋਟਾਇਜ਼ ਕਰਨ ਦਾ ਬਹਾਨਾ ਕਰੋ। ਹੁਣ ਉਹ ਲੜਕੀ ਆਪਣੀਆਂ ਅੱਖਾਂ ਬੰਦ ਕਰ ਲਵੇਗੀ। ਤੁਸੀਂ ਉਸਨੂੰ ਸਟੇਜ਼ ਤੇ ਪਈ ਕੁਰਸੀ ਤੇ ਬਿਠਾ ਦਿਓ ਅਤੇ ਨਾਲ ਹੀ ਮੇਜ਼ ਦੇ ਉੱਪਰੋਂ ਇਕ ਕਾਲੀ ਪੱਟੀ ਚੁੱਕ ਕੇ ਉਸ ਦੀਆਂ ਅੱਖਾਂ ਦੇ ਉੱਪਰ ਬੰਨ੍ਹ ਦਿਓ। ਹੁਣ ਤੁਹਾਡਾ ਦੂਸਰਾ ਸਾਥੀ ਸਟੇਜ਼ ਦੇ ਪਿੱਛੇ ਇਕ ਗੱਤੇ ਦਾ ਡੱਬਾ ਲੈ ਕੇ ਆਵੇਗਾ ਅਤੇ ਉਸ ਦੇ ਵਿਚ ਦਰਸ਼ਕਾਂ ਦੇ ਸਾਹਮਣੇ ਅਲੱਗ-ਅਲੱਗ ਰੰਗ ਦੇ ਰੁਮਾਲ ਪਾਵੇਗਾ। ਉਹ ਜਾ ਕੇ ਦੂਰ ਖੜ੍ਹਾ ਹੋ ਜਾਵੇਗਾ ਪਰ ਜਾਂਦਾ ਹੋਇਆ ਕੁਰਸੀ ਤੇ ਬੈਠੀ ਲੜਕੀ ਦੇ ਕੱਪੜਿਆਂ ਵਿਚ ਇਕ ਧਾਗੇ ਨਾਲ ਬੰਨ੍ਹੀ ਮੁੜਵੀਂ ਪਿੰਨ ਸੁੱਟ ਜਾਵੇਗਾ। ਲੜਕੀ ਉਸ ਪਿੰਨ ਨੂੰ ਆਪਣੇ ਹੱਥ ਵਿਚ ਪਕੜ ਲੈਂਦੀ ਹੈ ਜਾਂ ਉਸਨੂੰ ਆਪਣੀ ਬਾਂਹ ਵਾਲੇ ਕੱਪੜੇ ਵਿਚ ਅਟਕਾ ਲੈਂਦੀ ਹੈ।

ਤੁਸੀਂ ਕਿਸੇ ਵੀ ਦਰਸ਼ਕ ਨੂੰ ਸਟੇਜ਼ ਦੇ ਉੱਪਰ ਸੱਦੋ ਅਤੇ ਡੱਬੇ ਦੇ ਵਿਚੋਂ ਰੁਮਾਲ ਕੱਢਣ ਦੇ ਲਈ ਆਖੋ ਉਹ ਇਕ-ਇਕ ਕਰਕੇ ਰੁਮਾਲ ਕੱਢੇਗਾ ਜਿਨ੍ਹਾਂ ਨੂੰ ਤੁਹਾਡਾ ਸਹਿਯੋਗੀ ਲੜਕਾ ਜੋ ਕਾਫੀ ਦੂਰ ਖੜ੍ਹਾ ਹੈ। ਦੇਖ ਲਵੇਗਾ ਅਤੇ ਪਹਿਲਾਂ ਤੋਂ ਨਿਸ਼ਚਿਤ ਰੰਗ ਕੋਡ (ਤਾਲਿਕਾ ਦੇਖੋ) ਦੇ ਅਨੁਸਾਰ ਧਾਗਾ ਉਨ੍ਹੇ ਵਾਰ ਹੀ ਖਿੱਚੇਗਾ। ਜਿਸ ਨੂੰ ਲੜਕੀ ਤੁਰੰਤ ਮਹਿਸੂਸ ਕਰੇਗੀ ਅਤੇ ਰੰਗ ਦੱਸ ਦੇਵੇਗੀ। ਇਸੇ ਤਰ੍ਹਾਂ ਸਾਰੇ ਰੁਮਾਲਾਂ ਦੇ ਰੰਗ ਦੱਸੇ ਜਾ ਸਕਦੇ ਹਨ।

ਸਾਰੇ ਦਰਸ਼ਕ ਤੁਹਾਡੀ ਪ੍ਰਸੰਸਾ ਕਰਦੇ ਹਨ।

## ਰੁਮਾਲਾਂ ਦਾ ਰੰਗ ਬਦਲਣ ਵਾਲਾ ਚਮਤਕਾਰੀ ਡੱਬਾ

ਟਰਿੱਕ ਮਾਸਟਰ ਗੱਤੇ ਦਾ ਇਕ ਡੱਬਾ ਲੈ ਕੇ ਸਟੇਜ ਤੇ ਆਉਂਦਾ ਹੈ। ਉਸਨੂੰ ਖੋਲ੍ਹਕੇ ਦਰਸ਼ਕਾਂ ਨੂੰ ਦਿਖਾਉਂਦਾ ਹੈ ਕਿ ਡੱਬਾ ਪੂਰੀ ਤਰ੍ਹਾਂ ਖਾਲੀ ਹੈ। ਫੇਰ ਉਹ ਡੱਬੇ ਵਿਚ ਇਕ ਰੰਗ ਦਾ ਰੁਮਾਲ ਪਾਉਂਦਾ ਹੈ ਜਦੋਂ ਵਾਪਸ ਰੁਮਾਲ ਕੱਢਦਾ ਹੈ ਤਾਂ ਉਸਦਾ ਰੰਗ ਬਦਲ ਜਾਂਦਾ ਹੈ। ਦਰਸ਼ਕ ਇਹ ਵੇਖਕੇ ਸੋਚਦੇ ਰਹਿ ਜਾਂਦੇ ਹਨ।

**ਲੋੜੀਂਦਾ ਸਾਮਾਨ** : ਚਾਰ, ਪੰਜ ਵੱਖ-ਵੱਖ ਰੰਗਾਂ ਦੇ ਰੁਮਾਲ ਅਤੇ ਇਕ ਗੱਤੇ ਦਾ ਵਿਸ਼ੇਸ਼ ਤਿਆਰ ਕੀਤਾ ਡੱਬਾ।

**ਪੂਰਵ ਤਿਆਰੀ** : ਇਕ ਮੋਟੇ ਗੱਤੇ ਦਾ ਡੱਬਾ ਬਣਾਉ ਇਹ ਡੱਬਾ ਟੀਨ ਜਾਂ ਪਲਾਈ ਦਾ ਵੀ ਬਣਾਇਆ ਜਾ ਸਕਦਾ ਹੈ ਇਸ ਡੱਬੇ ਦੇ ਅੰਦਰਲੇ ਦੋਵੇਂ ਕੋਨੇ ਮਿਲਾਕੇ ਇਕ ਵੱਖਰਾ ਰਖਣਾ ਬਣਾ ਦੇਵੋ। ਇਸ ਰਖਣੇ ਦੇ ਵਿਚ ਪਹਿਲਾਂ ਹੀ ਕੋਈ ਰੰਗਦਾਰ ਰੁਮਾਲ ਲੁਕੋ ਕੇ ਰੱਖ ਲਵੋ। ਦੂਜਾ ਰੱਖਣਾ ਖਾਲੀ ਛੱਡ ਦੇਵੋ।

**ਪ੍ਰਦਰਸ਼ਨ** : ਟਰਿੱਕ ਮਾਸਟਰ ਡੱਬੇ ਨੂੰ ਪੂਰਾ ਘੁੰਮਾ ਫਿਰਾਕੇ ਖਾਲੀ ਵਿਖਾਉਂਦਾ ਹੈ ਫੇਰ ਉਹ ਪੂਰਾ ਯਕੀਨ ਕਰਵਾ ਦੇਣ ਤੋਂ ਬਾਅਦ ਆਪਣੀ ਜ਼ੇਬ੍ਹ ਵਿਚੋਂ ਇਕ ਸਫੈਦ ਰੰਗ ਦਾ ਰੁਮਾਲ ਕੱਢਕੇ ਇਸ ਡੱਬੇ ਵਿਚ ਪਾ ਦਿੰਦਾ ਹੈ। ਕਈ ਮੰਤਰ ਪੜ੍ਹਨ ਦਾ ਨਾਟਕ ਕਰਦਾ ਹੈ, ਅਤੇ ਫੇਰ ਸਫੈਦ ਰੁਮਾਲ ਦੀ ਥਾਂ ਤੇ ਰੰਗਦਾਰ ਰੁਮਾਲ ਕੱਢਕੇ ਵਿਖਾਉਂਦਾ ਹੈ। ਦਰਸ਼ਕ ਵਾਹ-ਵਾਹ ਕਰ ਉੱਠਦੇ ਹਨ। ਫੇਰ ਪੈਦਾ ਕੀਤਾ ਰੰਗਦਾਰ ਰੁਮਾਲ ਡੱਬੇ ਵਿਚ ਪਾ ਕੇ ਹੋਰ ਰੰਗ ਦਾ ਰੁਮਾਲ ਪੈਦਾ ਕਰ ਦਿੱਤਾ ਜਾਂਦਾ ਹੈ।

ਇਸਦਾ ਭੇਦ ਡੱਬੇ ਦੇ ਦੋ ਪਹਿਲਾਂ ਹੀ ਬਣਾਏ ਖਾਨਿਆਂ ਦੇ ਵਿਚ ਹੈ ਜਿਹਨਾਂ ਵਿਚੋਂ ਇਕ ਵਿਚ ਰੁਮਾਲ ਰੱਖੇ ਹੁੰਦੇ ਹਨ ਅਤੇ ਦੂਜਾ ਖਾਲੀ ਹੁੰਦਾ ਹੈ।

# ਤਰਕਭਾਰਤੀ ਪ੍ਰਕਾਸ਼ਨ ਦੁਆਰਾ ਪ੍ਰਕਾਸ਼ਿਤ ਪੁਸਤਕਾਂ

ਹੁਣ ਤੁਸੀਂ ਕੋਈ ਵੀ ਪੁਸਤਕ ਫ਼ੋਨ ਕਰਕੇ ਡਾਕ ਰਾਹੀਂ ਵੀ ਮੰਗਵਾ ਸਕਦੇ ਹੋ, ਸਾਡਾ ਫ਼ੋਨ ਨੰਬਰ ਹੈ : 01679-241744, 233244

## ਮਹੱਤਵਪੂਰਣ ਕਿਤਾਬਾਂ ਜੋ ਤੁਹਾਡੇ ਜੀਵਨ ਨੂੰ ਨਵੀਂ ਸੇਧ ਦੇ ਸਕਦੀਆਂ ਹਨ



- ਨੌਜਵਾਨਾਂ ਦੀਆਂ ਮਾਨਸਿਕ ਸਮੱਸਿਆਵਾਂ 40.00
- ...ਤੇ ਦੇਵ ਪੁਰਸ ਹਾਰ ਗਏ 100.00
- ਦੇਵ ਦੈਂਤ ਤੇ ਰੂਹਾਂ 100.00
- ਬਾਬਾ ਰਾਮਦੇਵ ਤਰਕ ਦੀ ਕਸੌਟੀ 'ਤੇ 40.00
- ਔਰਤਾਂ ਅਤੇ ਮਾਨਸਿਕ ਰੋਗ 50.00

### ਬੱਚਿਆਂ ਦੇ ਮਾਹਿਰ ਡਾ. ਹਰਸ਼ਿੰਦਰ ਕੌਰ ਜੀ ਦੀਆਂ ਲਿਖਿਆਂ ਕਿਤਾਬਾਂ



- ਬੱਚਿਆਂ ਬਾਰੇ ਗਿਆਨ, ਵਿਗਿਆਨ ਤੇ ਮਨਸਵਿਗਿਆਨ 140.00
- ਬਾਲ ਮਨਾਂ ਵਿੱਚ ਝਾਤ 120.00
- ਸਾਡੇ ਬੱਚੇ ਸਾਡੇ ਚਿਰਾਗ਼ 80.00
- ਬੱਚਿਆਂ ਦੀਆਂ ਮਨੋਵਿਗਿਆਨਿਕ ਸਮੱਸਿਆਵਾਂ ਤੇ ਇਲਾਜ 140.00



- ਮਨੋ ਵਿਸ਼ਲੇਸ਼ਣ 120.00
- ਬੱਚੇ ਅਸਫ਼ਲ ਕਿਵੇਂ ਹੁੰਦੇ ਹਨ ? 80.00
- ਤਰਕਸ਼ੀਲ ਹੋਕਾ 80.00
- ਹਿਪਨੋਟਿਜ਼ਮ ਕਿਵੇਂ ਸਿੱਖੀਏ 60.00
- ਜੀਵਨ ਦੀਆਂ ਗਣਿਤਕ ਉਲਝਣਾਂ 70.00



- ਬੱਚਿਆਂ ਦਾ ਮਨੋਵਿਗਿਆਨਿਕ ਵਿਸ਼ਲੇਸ਼ਣ 140.00
- ਸ਼ੁਗਰ ਰੋਗ 30.00
- ਬਲੱਡ ਪ੍ਰੈਸ਼ਰ ਨੂੰ ਕਾਬੂ ਹੇਠ ਰੱਖੋ 30.00
- ਸ਼ੂਗਰ ਰੋਗ ਅਸਾਨ ਹੈ ਜ਼ਿੰਦਗੀ 100.00



- ਵਸਤੂ ਸ਼ਾਸਤਰ ਕੋਰਾ ਝੂਠ 40.00
- ਰਜਨੀਸ਼ ਬੇਨਕਾਬ 30.00
- ਸ਼ੰਕਾ ਨਵਿਰਤੀ 80.00
- ਕਣ ਕਣ ਵਿੱਚ ਵਿਗਿਆਨ 40.00
- ਤਰਕਸ਼ੀਲ ਦਿਮਾਗੀ ਕਸਰਤਾਂ 50.00



- ਤੰਦਰੁਸਤ ਕਿਵੇਂ ਰਹੀਏ 80.00
- ਬਾਤਾਂ ਵਲੈਤ ਦੀਆਂ 80.00
- ਰਿਸ਼ਤਿਆਂ ਦਾ ਕਾਤਲ 40.00
- ਸਿਹਤ ਅਤੇ ਵਹਿਮ 100.00

### ਪ੍ਰਸਿੱਧ ਵਿਗਿਆਨੀ ਡਾ. ਜਤਿੰਦਰਪਾਲ ਸਿੰਘ ਜੀ ਦੀਆਂ ਲਿਖੀਆਂ ਕਿਤਾਬਾਂ



- ਮਨੁੱਖ ਮਹਾਂਬਲੀ ਕਿਵੇਂ ਬਣਿਆ 140.00
- ਪ੍ਰਸਿੱਧ ਵਿਗਿਆਨਕ ਖੋਜਾਂ 80.00
- ਮਹਾਨ ਵਿਗਿਆਨੀ 80.00
- ਵਿਗਿਆਨ ਦੀ ਅਦਭੁੱਤ ਦੁਨੀਆਂ 80.00
- ਮਨੁੱਖੀ ਸਰੀਰ ਦੇ ਰਹੱਸ 100.00



- ਦਫ਼ਤਰੀ ਵਰਤੋਂ ਕੰਪਿਊਟਰ ਕਿਵੇਂ ਸਿੱਖੀਏ/ 120/-
- ਆਓ ਕੰਪਿਊਟਰ ਡਿਜ਼ਾਇਨਿੰਗ ਸਿੱਖੀਏ/80/-
- ਕੰਪਿਊਟਰ ਸੰਬੰਧੀ ਸਵਾਲ-ਜਵਾਬ/80/-



- ਵਿਗਿਆਨ ਦੇ ਚਮਤਕਾਰ 80.00
- ਸਾਡਾ ਦੋਸਤ ਵਿਗਿਆਨ 80.00
- ਪੁਲਾੜ ਯਾਤਰਾ 120.00
- ਮਨੁੱਖ ਦੀ ਉਤਪਤੀ 140.00
- ਜੀਵ ਦੀ ਉਤਪਤੀ 250.00



- ਆਓ ਕੰਪਿਊਟਰ ਸਿੱਖੀਏ 80.00
- ਕੰਪਿਊਟਰ ਬਾਰੇ ਮੁੱਢਲੀ ਜਾਣਕਾਰੀ 80.00
- ਸੂਚਨਾ ਦਾ ਅਧਿਕਾਰ ਕਾਨੂੰਨ 2005 30.00

**ਸਾਡੇ ਪ੍ਰਕਾਸ਼ਨ ਦਾ ਪੂਰਾ ਸੂਚੀ ਪੱਤਰ ਮੰਗਵਾਉਣ ਲਈ ਜਾਂ ਘਰ ਬੈਠੇ ਹੀ ਫ਼ੋਨ 'ਤੇ ਕੋਈ ਵੀ ਕਿਤਾਬ ਮੰਗਵਾਉਣ ਲਈ ਸੰਪਰਕ ਕਰੋ:**

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲਜ ਰੋਡ, ਬਰਨਾਲਾ-148101, ਫੋਨ : 01679-241744, 233244 ਫੈਕਸ : 01679- 241744
**ਈਮੇਲ:** tarksheel@gmail.com, Website: www.thepunjabi.com


ਜਨਰਲ ਨਾਲਿਜ
80.00


ਪੰਜਾਬ ਵਸੀਕਾ ਨਵੀਸੀ
250.00


ਕਚਹਿਰੀ ਸ਼ਬਦ-ਕੋਸ਼
150.00


ਜਨਰਲ ਨਾਲਿਜ
100.00


ਪ੍ਰਾਪਰਟੀ ਕਾਰੋਬਾਰ ਤੋਂ ਖੁਸ਼ਹਾਲੀ
200.00


ਦਿਮਾਗੀ ਵਿਕਾਸ ਕਿਵੇਂ ਕਰੀਏ
60.00


ਅੰਕਾਂ ਦਾ ਜਾਦੂ
60.00


ਵਿਗਿਆਨਕ ਜਾਦੂਗਰ
60.00


ਤਰਕਸ਼ੀਲ ਜਾਦੂਗਰ
60.00


ਸਟੇਜ ਦੇ ਜਾਦੂ
60.00


ਮਾਂ ਬਣਨ ਤੋਂ ਪਹਿਲਾਂ ਅਤੇ ਬਾਅਦ ਦਾ ਸਫ਼ਰ
100.00


ਗਰਮ ਮਸਾਲਿਆਂ ਰਾਹੀਂ ਰੋਗਾਂ ਦਾ ਇਲਾਜ
100.00


ਜਿਓਤਿਸ਼ ਦਾ ਐਕਸਰੇ /ਸੁਰੀਜਤ ਦੌਂਧਰ
100.00


ਦਿਲ ਦੀ ਵਿਗੜ ਰਹੀ ਸਿਹਤ
100.00


ਅਚਾਰ, ਮੁਰੱਬੇ ਅਤੇ ਚਟਣੀਆਂ ਤਿਆਰ ਕਰੋ
100.00


ਸੁੰਦਰਤਾ ਬਣਾਈ ਰੱਖਣ ਦੇ ਢੰਗ
100.00


ਨਾਨ-ਵੈਜ ਤਿਆਰ ਕਰਨ ਦੇ ਢੰਗ
100.00


ਨਸ਼ੇ ਛੱਡਣ ਦੇ ਢੰਗ
100.00


**ਦ ਸੈਕੰਡ ਸੈਕਸ**
400.00


**ਬੈਟਰ ਹੱਫ ਦੀ ਦੁਰਦਸ਼ਾ**
80.00


**ਸਿੱਖ ਵੀਰਾਂ ਨਾਲ ਗੱਲਾਂ**
60.00

## ਜ਼ਮੀਨ ਦੀ ਪੈਮਾਇਸ਼ ਅਤੇ ਫੁੱਟਕਲ ਜਾਣਕਾਰੀ



**ਆਰ. ਕੇ. ਭਾਰਦਵਾਜ਼, ਮੁੱਲ : 150/-**

ਇਹ ਪੁਸਤਕ ਤੁਹਾਨੂੰ ਜ਼ਮੀਨ ਦੀ ਪੈਮਾਇਸ਼, ਮਾਪ ਦੀਆਂ ਇਕਾਈਆਂ, ਜ਼ਮੀਨ ਦੀ ਪੈਮਾਇਸ਼ ਦੇ ਸੰਦ ਅਤੇ ਉਨ੍ਹਾਂ ਦੀ ਵਰਤੋਂ ਜ਼ਮੀਨ, ਜਗ੍ਹਾ ਦਾ ਹਿੱਸਾ ਅਤੇ ਖੇਤਰਫ਼ਲ ਕੱਢਣਾ, ਜਮ੍ਹਾਂਬੰਦੀ, ਗਿਰਦਾਵਰੀ, ਇੰਤਕਾਲ ਤੋਂ ਇਲਾਵਾ ਰਿਕਾਰਡ, ਦਰਖ਼ਾਸਤਾਂ ਸਮੇਤ ਹੋਰ ਫੁਟਕਲ ਜਾਣਕਾਰੀ ਮੁਹੱਈਆ ਕਰਾਉਂਦੀ ਹੈ।

## ਪ੍ਰਸਿੱਧ ਕੁਟੇਸ਼ਨਾਂ



**ਸੰਗ੍ਰਹਿ ਕਰਤਾ - ਸਰਦਾਰਾ ਸਿੰਘ ਗਿੱਲ ਕੱਟੂ, ਮੁੱਲ : 140/-**

ਮਹਾਨ ਲੋਕਾਂ ਦੇ ਮਹਾਨ ਵਿਚਾਰ ਪੜ੍ਹਕੇ ਹੀ ਹਰ ਵਿਅਕਤੀ ਜ਼ਿੰਦਗੀ ਵਿੱਚ ਨਵੀਂ ਸੇਧ ਲੈ ਸਕਦਾ ਹੈ। ਵੱਡ ਆਕਾਰੀ ਇਸ ਪੁਸਤਕ ਵਿੱਚ ਵੱਖ-ਵੱਖ ਵਿਸ਼ਿਆਂ ਉਤੇ ਲੱਗਭੱਗ ਸੰਸਾਰ ਪ੍ਰਸਿੱਧ 2500 ਵਿਦਵਾਨਾਂ ਦੇ ਵਿਚਾਰ ਦਰਜ ਹਨ।

## ਆਮ ਰੋਗਾਂ ਦਾ ਸਸਤਾ ਘਰੇਲੂ ਇਲਾਜ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ - 100/-**

ਰੋਗ ਅਤੇ ਸਰੀਰ ਦਾ ਬਹੁਤ ਪੁਰਾਣਾ ਰਿਸ਼ਤਾ ਹੈ। ਉਪਰੋਕਤ ਪੁਸਤਕ ਵਿੱਚ ਅਸੀਂ ਉਹ ਨੁਸਖ਼ੇ ਦਰਜ਼ ਕੀਤੇ ਹਨ ਜਿਨ੍ਹਾਂ ਲਈ ਲੋੜੀਂਦੀ ਸਮੱਗਰੀ ਸਾਨੂੰ ਸਸਤੀ ਅਤੇ ਸੌਖ ਨਾਲ ਮਿਲ ਸਕਦੀ ਹੈ। ਇਸ ਪੁਸਤਕ ਰਾਹੀਂ ਤੁਸੀਂ ਫ਼ਲ, ਸਬਜ਼ੀਆਂ, ਦਾਲਾਂ, ਮਸਾਲਿਆਂ ਅਤੇ ਜੜ੍ਹੀ-ਬੂਟੀਆਂ ਨਾਲ ਬਿਮਾਰੀਆਂ ਦੇ ਸਫ਼ਲ ਇਲਾਜ ਕਰਨ ਦੇ ਢੰਗ ਤਰੀਕੇ ਲੱਭ ਸਕਦੇ ਹੋ।

## ਜ਼ਾਇਕੇਦਾਰ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ



**ਸੰਗ੍ਰਹਿ ਕਰਤਾ - ਸਰਜੀਤ ਤਲਵਾਰ, ਮੁੱਲ : 100/-**

ਭੋਜਨ ਬਣਾਉਣਾ ਇੱਕ ਕਲਾ ਹੈ। ਇਸ ਪੁਸਤਕ ਰਾਹੀਂ ਤੁਸੀਂ 170 ਤਰ੍ਹਾਂ ਦੀਆਂ ਮਿਠਾਈਆਂ, ਸਬਜ਼ੀਆਂ ਅਤੇ ਹੋਰ ਸਵਾਦਿਸ਼ਟ ਪਕਵਾਨ ਤਿਆਰ ਕਰਨ ਦੇ ਢੰਗ ਤਰੀਕੇ ਸਿੱਖ ਸਕਦੇ ਹੋ। ਮਾਈਕ੍ਰੋਵੇਵ ਦੀ ਵਰਤੋਂ ਕਿਵੇਂ, ਖਾਣ-ਪੀਣ ਦੀਆਂ ਚੀਜ਼ਾਂ ਦੀ ਸੰਭਾਲ ਦੇ ਢੰਗ-ਤਰੀਕੇ ਵੀ ਤੁਸੀਂ ਇਸ ਕਿਤਾਬ ਵਿੱਚੋਂ ਪੜ੍ਹਕੇ ਅਪਣਾ ਸਕਦੇ ਹੋ।

## ਭਵਨ ਨਿਰਮਾਣ ਕਿਵੇਂ ਕਰੀਏ ?



**ਇੰਜ. ਰਾਜ ਕੁਮਾਰ ਅਗ-ਰਵਾਲ, ਮੁੱਲ : 120/-**

ਸੁੰਦਰ, ਮਜ਼ਬੂਤ ਅਤੇ ਭੂਚਾਲ ਨਿਰੋਧਕ ਘਰ ਕਿਵੇਂ ਤਿਆਰ ਕਰੀਏ, ਘਰ 'ਤੇ ਆਉਣ ਵਾਲੇ ਖਰਚ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ, ਘਰ ਨੂੰ ਸ਼ੋਰੇ ਤੋਂ ਕਿਵੇਂ ਬਚਾਈਏ, ਸਰੀਆ ਕਿਹੋ ਜਿਹਾ ਵਰਤੀਏ, ਸੀਮਿੰਟ ਕਿਵੇਂ ਦਾ ਹੋਵੇ ਅਤੇ ਲੱਕੜ ਦੀ ਚੋਣ ਕਿਵੇਂ ਕਰੀਏ ਆਦਿ ਜਾਣਕਾ-ਰੀਆਂ ਨਾਲ ਭਰਪੂਰ ਇਹ ਪੁਸਤਕ ਬਹੁਤ ਹੀ ਮਹੱਤਵਪੂਰਨ ਹੈ। ਆਈ. ਟੀ. ਆਈਆਂ ਵਿੱਚ ਪੜ੍ਹਦੇ ਵਿਦਿਆਰਥ ਜਾਂ ਜੋ ਕੋਈ ਹੋਰ ਵੀ ਵਿਅਕਤੀ ਨਵਾਂ ਘਰ ਬਣਾਉਣਾ ਚਾਹੁੰਦਾ ਹੈ ਉਹ ਇਸ ਕਿਤਾਬ ਤੋਂ ਫਾਇਦਾ ਉਠਾ ਸਕਦਾ ਹੈ।

# ਹਿੰਦੂ ਵਿਆਹਾਂ ਦਾ ਵਪਾਰੀਕਰਨ

**ਮੂਲ ਲੇਖਕ ਸ੍ਰੀ ਪ੍ਰਕਾਸ਼ ਸ੍ਰੀ ਵਾਸਤਵ ਅਨੁਵਾਦਕ : ਪਵਨ ਕੁਮਾਰ ਰੱਤੋਂ**

ਪੁਰੋਹਿਤਾਂ ਦਾ ਲਾਲਚ ਇਸ ਕਦਰ ਆਪਣੀ ਹੱਦ ਲੰਘ ਚੁੱਕਾ ਹੈ ਕਿ ਹੁਣ ਉਹ ਵਿਆਹ ਵਿਧਾਨ ਨੂੰ ਵੀ ਨਕਾਰਨ ਉੱਤੇ ਉਤਾਰੂ ਹੋ ਗਏ ਹਨ। ਉਹ ਪੈਸਿਆਂ ਵਾਸਤੇ ਪਰੰਪਰਾ ਦਾ ਮਖੌਲ ਉੱਡਾ ਰਹੇ ਹਨ।

ਵਿਆਹ ਨਾ ਪਵਿੱਤਰ ਬੰਧਨ ਹੈ, ਨਾ ਸੱਤ ਜਨਮਾਂ ਦਾ ਸਫ਼ਰ ਹੈ। ਹਾਂ, ਇਹ ਅਜਿਹਾ ਸੰਬੰਧ ਜ਼ਰੂਰ ਹੈ ਜਿਸ ਦਾ ਉਦੇਸ਼ ਇਸਤਰੀ ਪੁਰਸ਼ ਦੇ ਸ਼ਰੀਰਕ ਸੰਬੰਧਾਂ ਦੇ ਨਾਲ ਜਨਮੇ ਜਾਇਜ਼ ਬੱਚਿਆਂ ਦੀ ਪਰਵਰਿਸ਼ ਕਰਨਾ ਹੈ ਤਾਂ ਜੋ ਉਹ ਜੁੰਮੇਵਾਰ ਨਾਗਰਿਕ ਬਣ ਸਕਣ। ਵਿਆਹ ਖੇਲ ਜਾਂ ਤਮਾਸ਼ਾ ਨਹੀਂ ਹੈ, ਪਰੰਤੂ ਧਾਰਮਕ ਨਗਰੀ ਕਹੀ ਜਾਣ ਵਾਲੀ ਕਾਸ਼ੀ ਵਿੱਚ ਜ਼ਰੂਰ ਇਹ ਤਮਾਸ਼ਾ ਬਣ ਕੇ ਰਹਿ ਗਿਆ ਹੈ।

ਕੁੱਝ ਸਾਲਾਂ ਤੋਂ ਕਾਸ਼ੀ ਵਿੱਚ ਵਿਦੇਸ਼ੀਆਂ ਨੂੰ ਹਿੰਦੂ ਰੀਤੀਰਿਵਾਜ਼ਾਂ ਨਾਲ ਵਿਆਹ ਕਰਨ ਦਾ ਖੇਲ ਖੇਡਣ ਵਿੱਚ ਬੜਾ ਮਜਾ ਆ ਰਿਹਾ ਹੈ। ਪਹਿਲਾਂ ਤੋਂ ਸ਼ਾਦੀਸ਼ੁਦਾ ਵਿਦੇਸ਼ੀ ਜੋੜਾ ਕੁੱਝ ਮਹੀਨੇ ਕਾਸ਼ੀ ਵਿੱਚ ਪ੍ਰਵਾਸ ਕਰਦਾ ਹੈ। ਇਹਨਾਂ ਦਾ ਪ੍ਰਵਾਸ ਗੰਗਾ ਨਾਲ ਜੁੜੇ ਮਕਾਨਾਂ ਲੌਜ (ਛੋਟਾ ਮਕਾਨ, ਰਾਤ ਲਈ ਠਹਿਰਨਾ) ਵਿੱਚ ਰਹਿੰਦਾ ਹੈ। ਉਥੇ ਉਨ੍ਹਾਂ ਨੂੰ ਆਸਾਨੀ ਨਾਲ ਅਜਿਹੇ ਪੁਰੋਹਿਤ ਮਿਲ ਜਾਂਦੇ ਹਨ ਜਿਹੜੇ ਪੈਸਿਆਂ ਦੇ ਲਾਲਚ ਵਿੱਚ ਕੁੱਝ ਵੀ ਕਰਨ ਨੂੰ ਤਿਆਰ ਰਹਿੰਦੇ ਹਨ।



ਜਾਤਪਾਤ ਉੱਤੇ ਨੱਕ ਭਰਵੱਟੇ ਸੁੰਗੋੜਨ ਵਾਲੇ ਇਹਨਾਂ ਪੁਰੋਹਿਤਾਂ ਨੂੰ ਤੱਕ ਕੁੱਝ ਵੀ ਇਤਰਾਜਯੋਗ ਨਹੀਂ ਲੱਗਦਾ ਜਦ ਮਨਭਾਉਂਦੀ ਦੱਛਣਾ ਪਾ ਕੇ ਵਿਦੇਸ਼ੀ ਈਸਾਈ ਜੋੜਿਆਂ ਦਾ ਵਿਆਹ ਹਿੰਦੂ ਵਿਧੀਵਿਧਾਨ ਨਾਲ ਕਰਾਉਂਦੇ ਹਨ। ਤੱਦ ਨਾ ਇਹਨਾਂ ਨੂੰ ਰੱਬ ਦਾ ਡਰ ਲੱਗਦਾ ਹੈ ਨਾ ਹੀ ਸਮਾਜ ਦਾ। ਸਮਾਜ ਦਾ ਇਸ ਲਈ ਲੱਗਦਾ ਹੈ ਕਿ ਸਮਾਜ ਵਿੱਚ ਫੈਲੀ ਧਾਰਮਕ ਮੂਰਖਤਾ ਇਹਨਾਂ ਦੀ ਦੇਣ ਹੁੰਦੀ ਹੈ। ਬੇਅਕਲ ਸਮਾਜ ਨੂੰ ਅੱਜ ਵੀ ਇਹਨਾਂ ਦੇ ਰਾਹ ਦਸੇਰਿਆਂ ਦੀ ਲੋੜ ਪੈਂਦੀ ਹੈ।

ਵਿਆਹ ਸ਼ਾਦੀ ਦੀ ਕੁੰਡਲੀ ਮਿਲਾਣ ਤੋਂ ਲੈ ਕੇ ਸ਼ੁੱਭ ਅਸ਼ੁੱਭ ਮਹੂਰਤ ਤੱਕ ਦੇ ਲਈ ਬੇਅਕਲ ਸਮਾਜ ਇਹਨਾਂ ਦੇ ਭਰੋਸੇ ਰਹਿੰਦਾ ਹੈ। ਇਹਨਾਂ ਪੁਰੋਹਿਤਾਂ ਦਾ ਹਰ ਹੁਕਮ ਪੱਥਰ ਦੀ ਲਕੀਰ ਮੰਨ ਕੇ ਸਾਡਾ ਸਮਾਜ ਨਿਸ਼ਚਿੰਤ ਹੋ ਜਾਂਦਾ ਹੈ। ਉਸ ਹੁਕਮ ਨੂੰ ਨਾ ਮੰਨਣ ਦਾ ਮਤਲਬ ਤੁਹਾਡੇ ਨਾਲ ਅਨਹੋਣੀ ਹੋ ਸਕਦੀ ਹੈ। ਇਸੇ ਡਰ ਦਾ ਲਾਭ ਇਹ ਪੁਰੋਹਿਤ ਉਠਾ ਕੇ ਤਰ੍ਹਾਂ-ਤਰ੍ਹਾਂ ਦੇ ਪੂਜਾਪਾਠ ਕਰਾਉਂਦੇ ਹਨ। ਉਹਨਾਂ ਤੋਂ ਦੱਛਣਾ ਦੇ ਤੌਰ ਉੱਤੇ ਧਨ ਠੱਗ ਕੇ ਆਪਣੀ ਰੋਜ਼ੀ-ਰੋਟੀ ਚਲਾਉਂਦੇ ਹਨ।

ਅਗਨੀ ਦੇ ਸਾਹਮਣੇ ਬੈਠਣ ਤੋਂ ਪਹਿਲਾਂ ਇਸਤਰੀ ਪੁਰਖ ਵਿੱਚ ਸਰੀਰਕ ਸੰਬੰਧ ਬਣਿਆ ਹੋਵੇ, ਤਾਂ ਵੀ ਅਜਿਹੇ ਜੋੜੇ ਅਣਵਿਆਹੇ ਮੰਨੇ ਜਾਂਦੇ ਹਨ। ਗਰਭਵਤੀ ਇਸਤਰੀ ਦਾ ਵਿਆਹ ਅਣਵਿਆਹਿਆ ਹੈ। ਇਸ ਦੇ ਮੱਦੇਨਜ਼ਰ ਸਿਰਫ ਮੋਟੀ ਦੱਛਣਾ ਦੇ ਲਈ ਅਜਿਹੇ ਵਿਆਹ ਕਰਾਉਣਾ, ਪੁਰੋਹਿਤਾਂ ਦਾ ਹੱਦ ਤੋਂ ਪਰ੍ਹੇ ਦਾ ਲਾਲਚ ਹੈ। ਦੂਜੇ ਸ਼ਬਦਾਂ ਵਿੱਚ ਆਖੀਏ ਤਾਂ ਪੁਰੋਹਿਤ ਰੁਪਿਆਂ ਦੇ ਲਾਲਚ ਵਿੱਚ ਇਹ ਖੇਲ ਖਿਲਵਾਉਂਦਾ ਹੈ। ਸਿਰਫ ਪੁਰੋਹਿਤ ਹੀ ਨਹੀਂ, ਜੇਕਰ ਉਹ ਵਿਦੇਸ਼ੀ ਲੰਬੇ ਸਮੇਂ ਤੋਂ ਕਿਸੇ ਮੁਹੱਲੇ ਵਿੱਚ ਰਹਿ ਰਿਹਾ ਹੋਵੇ ਤਾਂ ਸਪੱਸ਼ਟ ਹੈ ਕੁੱਝ ਸਥਾਨਕ ਲੋਕਾਂ ਨਾਲ ਵਾਕਿਫ ਹੋ ਜਾਂਦਾ ਹੈ। ਉਸ ਦੇ ਜ਼ਰੀਏ ਕੰਨਿਆਂਦਾਨ, ਬਰਾਤੀ ਘਰਾਤੀ ਬੈਂਡਬਾਜਾ, ਪਟਾਖੇ, ਸ਼ਾਮਯਾਨੇ ਦੇ ਨਾਲ-ਨਾਲ ਮਜ਼ੇਦਾਰ ਭੋਜਨ ਦਾ ਵੀ ਪ੍ਰਬੰਧ ਹੁੰਦਾ ਹੈ। ਮੁਫਤ ਵਿੱਚ ਤਰ ਮਾਲ ਖਾਣ ਨੂੰ ਮਿਲੇ, ਤਾਂ ਸਾਡੀ ਹਾਲਤ ਇੱਲ੍ਹ ਕਾਵਾਂ ਤੋਂ ਵੀ ਭੈੜੀ ਹੋ ਜਾਂਦੀ ਹੈ। ਮੁਹੱਲਿਆਂ ਨੂੰ ਖ਼ਬਰ ਲੱਗੀ, ਲੱਗ ਗਈ ਭੀੜ, ਬਣ ਗਏ ਬਰਾਤੀ ਕੁੱਝ ਇਸਤਰੀਆਂ ਬਰਾਤੀ। ਬਣ ਕੇ ਵਿਦੇਸ਼ੀ ਇਸਤਰੀ ਨੂੰ ਸਜਾਉਣ ਸੰਵਾਰਨ ਦਾ ਕੰਮ ਕਰਦੀਆਂ ਹਨ। ਖ਼ੁਸ਼ੀ ਵਾਲੇ ਗੀਤ ਗਾਉਂਦੀਆਂ ਹਨ। ਰਸਤੇ ਵਿੱਚ ਨੱਚਣ ਗਾਣ ਦੀ ਖੇਡ ਦੇ ਨਾਲ, ਵਿਦੇਸ਼ ਵਰ ਘੋੜੇ ਤੋਂ ਤਰ ਮਾਲ ਦਾ ਲਾਲਚ ਦੇ ਕੇ ਸਥਾਨਕ ਲੋਕਾਂ ਨੂੰ ਮਦਾਰੀ ਦੇ ਬਾਂਦਰਾਂ ਵਾਂਗ ਸੜਕਾਂ ਉੱਤੇ ਨਚਾਉਂਦਾ ਹੈ। ਉਹ ਦੇਖਦਾ ਹੈ ਕਿ ਕਿਵੇਂ ਪੈਸੇ ਅਤੇ ਭੋਜਨ ਦੇ ਲਾਲਚ ਵਿੱਚ ਇੱਥੋਂ ਦੀ ਕੁੱਝ ਜਨਤਾ ਅਤੇ ਪੁਰੋਹਿਤ, ਆਪਣੀ ਪਰੰਪਰਾ ਦਾ ਮਜਾਕ ਉਡਾਉਂਦੇ ਹਨ।

ਅਜਿਹੇ ਹੀ ਵਿਆਹ ਦਾ ਖੇਲ ਅਪ੍ਰਵਾਸੀ ਤਲਾਕਸ਼ੁਦਾ ਉਦਯੋਗ ਪਤੀ ਅਰੁਣ ਨਾਇਰ ਅਤੇ ਬਾਲਬੱਚੇ ਵਾਲੀ ਤਲਾਕਸ਼ੁਦਾ ਹੀਰੋਇਨ ਲਿਜ ਹਰਲੇ ਨੇ ਰਾਜਸਥਾਨ ਵਿੱਚ ਖੇਲਿਆ। ਹੈਰਾਨੀ ਤੱਦ ਹੋਈ ਜਦ ਸਾਰੀ ਹਾਲਤ ਜਾਣਨ ਦੇ ਬਾਅਦ ਵੀ ਪੁਰੋਹਿਤਾਂ ਨੇ ਇਹਨਾਂ ਦੋਹਾਂ ਦਾ ਵਿਆਹ ਬੜੇ ਧੂੰਮਧਾਮ ਨਾਲ, ਵੈਦਿਕ-ਰੀਤੀਰਿਵਾਜ ਨਾਲ ਕਰਾਇਆ ਅਤੇ ਆਪਣੇ ਘਰ ਭਰੇ। ਪੈਸਿਆਂ ਦੇ ਲਾਲਚੀ ਪੁਰੋਹਿਤਾਂ ਨੂੰ ਤੱਦ ਨਾ ਸ਼ਾਸਤਰਾਂ ਦਾ ਖਿਆਲ ਆਉਂਦਾ ਹੈ ਨਾ ਕੁੰਡਲੀਆਂ ਦਾ ਜਿਸ ਲੈ ਕੇ ਉਹ ਵਿਆਹਯੋਗ ਮਿਲਾਉਂਦੇ ਹਨ, ਸ਼ੁੱਭ ਅਸ਼ੁੱਭ ਮਹੂਰਤ ਤੈਅ ਕਰਦੇ ਹਨ।

ਪੱਛਮ ਦੇ ਲਈ ਵਿਆਹ ਤਾਂ ਭੋਗ ਵਿਲਾਸ ਦਾ ਜ਼ਰੀਆ ਹੈ। ਸਿਰਫ ਮੌਜ-ਮਸਤੀ ਦੇ ਲਈ ਉਹ ਹਿੰਦੂ ਰੀਤੀਰਿਵਾਜ ਨਾਲ ਵਿਆਹ ਕਰਦੇ ਹਨ। ਵਿਆਹ ਨਾਲ ਜੁੜੀਆਂ ਸਮਾਜਿਕ ਅਤੇ ਪਰਿਵਾਰਕ ਜੁੰਮੇਵਾਰੀਆਂ ਅਤੇ ਸਦਾਚਾਰਾਂ ਦੀ ਉਨ੍ਹਾਂ ਦੀ ਨਜ਼ਰ ਵਿੱਚ ਕੋਈ ਮਹੱਤਤਾ ਨਹੀਂ ਹੁੰਦੀ। ਉਹ ਸਾਡਾ ਮਖੌਲ ਕਰਦੇ ਹਨ। ਪਰੰਤੂ ਥੋੜ੍ਹੇ ਜਿਹੇ ਲਾਲਚ ਦੇ ਲਈ ਅਸੀਂ ਆਪਣਾ ਮਜ਼ਾਕ ਕਰਾਉਂਦੇ ਹਾਂ।

ਪੈਸੇ ਦੇ ਅੱਗੇ ਕਿਵੇਂ ਪੁਰੋਹਿਤ ਆਪਣਾ ਸੱਭ ਕੁੱਝ ਕਿਨਾਰੇ ਛੱਡ ਦੇਂਦੇ ਹਨ ਅਤੇ ਦਲਿਤਾਂ ਦੇ ਜੀਂਸ ਪਹਿਨ ਕੇ ਮੰਦਰ ਵਿੱਚ ਦਾਖ਼ਲ ਹੋਣ ਉੱਤੇ ਪੁਰੋਹਿਤਾਂ ਨੂੰ ਇਤਰਾਜ ਹੁੰਦਾ ਹੈ। 10 ਸਾਲ ਤੋਂ ਉਪਰ ਦੀ ਇਸਤਰੀ ਨੂੰ ਅਪਵਿੱਤਰ ਕਹਿ ਕੇ ਮੰਦਰ ਵਿੱਚ ਪ੍ਰਵੇਸ਼ ਨਹੀਂ ਕਰਨ ਦੇਂਦੇ ਕਿਉਂਕਿ ਉਨ੍ਹਾਂ ਦਾ ਧਰਮ ਭ੍ਰਿਸ਼ਟ ਹੁੰਦਾ ਹੈ।

ਸਵਾਲ ਹੈ ਕਿ ਕੀ ਫਜ਼ੂਲ ਵਿਆਹ ਕਰਾਉਂਦੇ ਸਮੇਂ ਉਨ੍ਹਾਂ

ਦਾ ਧਰਮ ਭ੍ਰਿਸ਼ਟ ਨਹੀਂ ਹੁੰਦਾ? ਤਦ ਨੈਤਿਕਤਾ ਦਾ ਖਿਆਲ ਨਹੀਂ ਆਉਂਦਾ? ਵਿਆਹ ਤੋਂ ਪਹਿਲਾਂ ਯੌਨ ਸੰਬੰਧਾਂ ਦੀ ਵਕਾਲਤ ਕਰਨ ਵਾਲੀ ਹੀਰੋਇਨ ਖੁਸ਼ਬੂ ਅਨੈਤਿਕ ਕਿਉਂ ਲੱਗਦੀ ਹੈ, ਜਦਕਿ ਅਜਿਹੇ ਵਿਆਹਾਂ ਵਿੱਚ ਰੋਕਾਂ ਸ਼ਤ-ਪ੍ਰਤੀਸ਼ਤ ਟੁੱਟੀਆਂ ਰਹਿੰਦੀਆਂ ਹਨ। ਮੀਡੀਆ ਅਜਿਹੇ ਵਿਆਹ ਨੂੰ ਖੂਬ ਉਛਾਲਦਾ ਹੈ। ਅਖ਼ਬਾਰਾਂ ਵਿੱਚ ਅਜਿਹੇ ਵਿਆਹਾਂ ਦੀ ਚਰਚਾ ਫੋਟੋ ਦੇ ਨਾਲ ਕੀਤੀ ਜਾਂਦੀ ਹੈ। ਬੇਅਕਲ ਲੋਕਾਂ ਨੂੰ ਲੱਗਦਾ ਹੈ ਕਿ ਸਾਡੀ ਵਿਆਹ ਪੱਧਤੀ ਰਿਵਾਜ਼ ਬਹੁਤ ਹੀ ਉੱਚ ਕੋਟੀ ਦੀ ਹੈ, ਤਦੇ ਤਾਂ ਵਿਦੇਸ਼ੀ ਹਿੰਦੂ ਰੀਤੀਰਿਵਾਜ਼ਾਂ ਨਾਲ ਵਿਆਹ ਕਰਦੇ ਹਨ। ਕੁੱਝ ਤਾਂ ਇਹ ਮੰਨ ਕੇ ਚੱਲਦੇ ਹਨ ਕਿ ਅਗਨੀ ਦੇ ਸੱਤ ਫੇਰੇ ਲੈ ਕੇ ਕੀਤੇ ਗਏ ਵਿਆਹ ਵਿੱਚ ਤਲਾਕ ਨਹੀਂ ਹੁੰਦਾ। ਅਰੁਣ ਨਾਇਕ ਅਤੇ ਲਿਜ ਹਰਲੇ ਦਾ ਤਲਾਕ ਹੋ ਗਿਆ। ਕਿੱਥੇ ਗਈ ਅਗਨੀ ਦੀ ਤਾਕਤ, ਵੈਦਿਕ ਮੰਤਰਾਂ ਦਾ ਪ੍ਰਭਾਵ ਜਿਸ ਦਾ ਝੂਠਾ ਪਖੰਡ ਭਰ ਕੇ ਅਸੀਂ ਵਿਸ਼ਵਗੁਰੂ ਬਣਦੇ ਹਾਂ?

ਗਊ ਦੀ ਪੂੰਛ ਫੜ੍ਹ ਕੇ ਵੈਤਰਣੀ ਪਾਰ ਕਰਾਉਣ ਵਾਲੇ ਪੁਰੋਹਿਤ ਦੇ ਲਈ ਧਰਮ ਕਮਾਉਣ ਦਾ ਜ਼ਰੀਆ ਹੈ। 'ਵਾਟਰ' ਫਿਲਮ ਦਾ ਵਿਰੋਧ ਕਰਨ ਵਾਲੇ ਪੰਡੇ ਪੁਰੋਹਿਤਾਂ ਨੂੰ ਆਪਣੀ ਵਿਆਹ ਵਿਧਾਨ ਦਾ ਮਜ਼ਾਕ ਉੱਡਵਾਉਣ ਵਿੱਚ ਕੋਈ ਤਕਲੀਫ਼ ਜਾਂ ਪਰੇਸ਼ਾਨੀ ਨਹੀਂ ਹੁੰਦੀ। ਕਾਰਨ ਸਾਫ਼ ਹੈ, ਇਸ ਨਾਲ ਉਨ੍ਹਾਂ ਨੂੰ ਕਮਾਣਖਾਣ ਨੂੰ ਮਿਲਦਾ ਹੈ। 'ਵਾਟਰ' ਫਿਲਮ ਬਣਨ ਅਤੇ ਚੱਲਣ ਨਾਲ ਤਾਂ ਜ਼ਰੂਰ ਹੀ ਉਹਨਾਂ ਦੀ ਭਰੋਸੇਯੋਗਤਾ ਘੱਟਦੀ ਫਿਰ ਉਹ ਕਮਾਂਦੇ ਖਾਂਦੇ ਕਿਵੇਂ?

ਅੱਜ ਦੇ ਯੁੱਗ ਵਿੱਚ ਕੋਈ ਵੀ ਵਿਆਹਾਂ ਦੀ ਪੱਧਤੀ ਇਸਤਰੀ ਪੁਰਖ ਦੇ ਸੰਬੰਧਾਂ ਵਿੱਚ ਸਥਾਈਤਵ ਦੀ ਗਾਰੰਟੀ ਨਹੀਂ ਦੇਂਦੀ ਹੈ। ਇਹ ਦੋਹਾਂ ਦੀ ਸਮਝ ਉੱਤੇ ਨਿਰਭਰ ਕਰਦਾ ਹੈ ਕਿ ਉਹ ਇਕੱਠੇ ਰਹਿਣ ਜਾਂ ਨਹੀਂ। ਘਰ ਦੀ ਦਹਿਲੀਜ਼ ਨਾ ਲੰਘ ਕੇ ਘੁੰਡ ਵਿੱਚ ਰਹਿਕੇ ਜੀਵਨ ਬਤੀਤ ਕਰ ਦੇਣ ਵਾਲੇ ਇਸਤਰੀਆਂ ਨੇ ਜਦ ਘੁੰਡ ਚੁੱਕ ਕੇ ਦੁਨੀਆਂ ਦੇਖੀ, ਤਦ-ਤਦ ਉਹਨਾਂ ਨੂੰ ਆਦਮੀ ਦਾ ਬਨਾਵਟੀ ਰੂਪ ਦਿਖਾਈ ਦਿੱਤਾ।

ਅੱਜ ਆਰਥਿਕ ਰੂਪ ਤੋਂ ਆਪਣੇ ਹੀ ਸਹਾਰੇ ਰਹਿਣ ਵਾਲੀਆਂ ਇਸਤਰੀਆਂ ਦੇ ਲਈ ਵੈਦਿਕ ਮੰਤਰਾਂ ਦੇ ਕੋਈ ਮਾਅਨੇ ਨਹੀਂ, ਜੇਕਰ ਪਤੀ ਦਾ ਆਚਰਣ ਮਰਿਆਦਾ ਦੇ ਘੇਰੇ ਵਿੱਚ ਨਹੀਂ ਹੈ। ਸਾਡੀ ਵਿਆਹ ਪੱਧਤੀ/ਰਿਵਾਜ ਦੂਜਿਆਂ ਤੋਂ ਸ਼੍ਰੇਸ਼ਠ ਹੈ ਇਸ ਲਈ ਵਿਦੇਸ਼ੀ ਇਸ ਵੱਲ ਖਿੱਚ ਹੋ ਰਹੇ ਹਨ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਆਪਣੀ ਲੋਭ ਰੁਚੀ ਨੂੰ ਕੁਤਰਕਾਂ ਨਾਲ ਢੱਕ ਰਹੇ ਹਨ।

ਸਵਾਲ ਇਹ ਨਹੀਂ ਕਿ ਅਜਿਹੇ ਲੋਕਾਂ ਦੀ ਹਿੰਦੂ ਰੀਤੀਰਿਵਾਜਾਂ ਨਾਲ ਸ਼ਾਦੀ ਨਾ ਹੋਵੇ? ਸਵਾਲ ਇਹ ਹੈ ਕਿ ਇਹੀ ਸੋਚ ਜਦ ਹਿੰਦੂ ਸਮਾਜ ਦੇ ਵਰਗ ਵਿਵਸਥਾ ਉੱਤੇ ਵੀ ਬਿਨਾ ਭੇਦਭਾਵ ਦੇ ਲਾਗੂ ਕਰਨ ਦੀ ਗੱਲ ਆਉਂਦੀ ਹੈ ਤਦ ਕਿਉਂ ਪੁਰੋਹਿਤ ਮੂੰਹ ਟੇਢਾ ਕਰਨ ਲੱਗਦੇ ਹਨ? ਕੀ ਅਜਿਹਾ ਕਰਨ ਨਾਲ ਉਹਨਾਂ ਦੀ ਪੁਰੋਹਿਤੀ ਖ਼ਤਰੇ ਵਿੱਚ ਪੈ ਜਾਂਦੀ ਹੈ? ਸ਼ਾਇਦ ਅਜਿਹਾ ਹੀ ਹੈ। ਉਹਨਾਂ ਨੂੰ ਡਰ ਲੱਗਦਾ ਹੈ ਕਿ ਲੋਕ ਮਨਮਾਨੇ ਢੰਗ ਨਾਲ ਵਿਆਹ ਸ਼ਾਦੀ ਕਰਨ ਲੱਗਣਗੇ ਤਾਂ ਉਹਨਾਂ ਨੂੰ ਕੌਣ ਪੁੱਛੇਗਾ? ਉਹ ਤਾਂ ਮੰਗਲੀਕ ਮੰਗਲੀਕਣ, ਸ਼ੁੱਭ ਅਸ਼ੁੱਭ ਕੁੰਡਲੀ ਮਿਲਾਣ ਆਦਿ ਦੇ ਨਾਂ ਉੱਤੇ ਡਰ ਵਿਖਾ ਕੇ ਧਨ ਇਕੱਠਾ ਕਰਦੇ ਹਨ ਦੋ ਵੱਖ-ਵੱਖ ਜਾਤਾਂ ਦੇ ਵਿਆਹ ਦੇ ਲਈ ਛੇਤੀ ਕੋਈ ਪੁਰੋਹਿਤ ਤਿਆਰ ਨਹੀਂ ਹੁੰਦਾ। ਉਹੀ ਜਦ ਜਜਮਾਨ ਮਿੰਨਤਾ ਕਰਦਾ ਹੈ ਤਦ ਤੁਰੰਤ ਕੋਈ ਨਾ ਕੋਈ ਰਸਤਾ ਦੱਸ ਕੇ ਆਪਣੀ ਤਥਾਕਥਿਤ ਸ਼੍ਰੇਠਤਾ ਦਾ ਭੱਦਾ ਪ੍ਰਦਰਸ਼ਨ ਕਰਦਾ ਹੈ। ਜਜਮਾਨ ਵੀ ਖੁਸ਼ ਹੋ ਕੇ ਮਨਮਾਫਿਕ ਦੱਛਣਾ ਦੇ ਕੇ ਪੁਰੋਹਿਤ ਦੀ ਪੈਰਾਂ ਦੀ ਧੂੜ ਲੈ ਕੇ ਆਪਣੇ ਆਪ ਨੂੰ ਪ੍ਰਸ਼ੰਸ਼ਾ ਦੇ ਯੋਗ ਜਾਂ ਕਿਸਮਤ ਵਾਲਾ ਸਮਝਦਾ ਹੈ। ਰਸਤਾ ਹੋਵੇ ਜਾਂ ਨਾ ਹੋਵੇ, ਪੁਰੋਹਿਤ ਨੂੰ ਮੋਟੀ ਦੱਛਣਾ ਚਾਹੀਦੀ ਹੈ। ਦੱਛਣਾ ਮਿਲੇ ਤਾਂ ਉਹ ਹਰੇਕ ਰਸਤਾ ਘੜ ਲੈਂਦਾ ਹੈ।

ਸਦੀਆਂ ਤੋਂ ਅਸੀਂ ਇਹੀ ਕਰਦੇ ਆ ਰਹੇ ਹਾਂ। ਲਾਲਚ ਵਿੱਚ ਪੈ ਕੇ ਦੇਸ਼ ਨੂੰ ਗੁਲਾਮ ਬਣਾਉਣ ਵਿੱਚ ਮਦਦ ਕੀਤੀ। ਲੋਭਲਾਲਚ ਵਿੱਚ ਪੈ ਕੇ ਦੇਸ਼ ਨੂੰ ਵੇਚਿਆ ਅਤੇ ਦੋ ਹਜ਼ਾਰ ਸਾਲ ਗੁਲਾਮ ਰਹੇ, ਹੁਣ ਵਿਆਹ ਪੱਧਤ ਵੇਚ ਰਹੇ ਹਾਂ। ਸਾਨੂੰ ਸ਼ਰਮ ਨਹੀਂ ਆਉਂਦੀ। ਆਵੇਗੀ ਵੀ ਕਿਵੇਂ? ਜਿੱਥੇ ਵਿਆਹ ਦੇ ਨਾਂ ਉੱਤੇ ਦੁਲਹਨ ਧਿਰ ਤੋਂ ਰੁਪਿਆ ਲਿਆ ਜਾਂਦਾ ਹੋਵੇ, ਅਜਿਹਾ ਬੇਸ਼ਰਮ ਸਮਾਜ ਭਲਾ ਕਿਉਂ ਸ਼ਰਮਾਇਗਾ।

ਸ਼ਰਮ ਤਾਂ ਉਹਨਾਂ ਨੂੰ ਆਉਂਦੀ ਹੈ ਜਿਨ੍ਹਾਂ ਦਾ ਜ਼ਮੀਰ (ਮਨ, ਆਤਮਾ, ਅੰਤਹਕਰਣ) ਜਿਉਂਦੀ ਹੈ, ਜੋ ਇਹ ਸਭ ਦੇਖ ਕੇ ਗੰਗਾ ਵਿੱਚ ਡੁੱਬ ਜਾਣਾ ਚਾਹੁੰਦੇ ਹਨ। ਪਰ ਉਹ ਅਜਿਹਾ ਵੀ ਨਹੀਂ ਕਰ ਸਕਦੇ ਕਿਉਂਕਿ ਗੰਗਾ ਏਨੀ ਪ੍ਰਦੂਸ਼ਿਤ ਹੋ ਚੁੱਕੀ ਹੈ ਕਿ ਡੁੱਬਣ ਦੇ ਲਈ ਉਹਨਾਂ ਨੂੰ ਕਈ ਵਾਰ ਸੋਚਣਾ ਪੈਂਦਾ ਹੈ। ਇਸ ਦਾ ਸਿਹਰਾ ਜਾਂ ਜੱਸ ਵੀ ਪੰਡੇਪੁਰੋਹਿਤਾਂ ਅਤੇ ਸਥਾਨਿਕ ਲੋਕਾਂ ਨੂੰ ਜਾਂਦਾ ਹੈ, ਜਿਹਨਾਂ ਨੇ ਆਪਣੇ ਸਥਾਪਿਤ ਜਾਂ ਆਪਣੇ ਛਿਪੇ ਹੋਏ ਲਾਲਚਾਂ ਦੇ ਲਈ ਗੰਗਾ ਨੂੰ ਵੀ ਵੇਚ ਦਿੱਤਾ ਹੈ। ਗੰਗਾ ਸੜੇ-ਗਲੇ ਸਾਨੂੰ ਕੀ? ਅਸੀਂ ਤਾਂ ਧਰਮ ਦੇ ਨਾਂ ਉੱਤੇ ਫੁੱਲਮਾਲਾ, ਕਚਰਾ ਸਭ ਹੜਾਵਾਂਗੇ ਰੋੜਾਂਗੇ। ਪੰਡੇਪੁਜਾਰੀ ਇਸ ਲਈ ਚੁੱਪ ਸਹਿਮਤੀ ਦੇਂਦੇ ਹਨ ਕਿ ਇਸੀ ਬਹਾਨੇ ਉਨ੍ਹਾਂ ਦੀ ਰੋਜ਼ੀ ਰੋਟੀ ਚੱਲਦੀ ਹੈ।

**ਧੰਨਵਾਦ ਸਹਿਤ ਮੈਗਜ਼ੀਨ : 'ਸਰਿਤਾ' ਫਰਵਰੀ (ਦੂਜਾ) 2012**

# ਧੁੰਦ

ਹੇ ਮੇਰੇ ਦੇਸ਼ ਦੇ ਦੱਬੇ
ਕੁੱਚਲੇ ਤੇ ਲਤਾੜੇ ਹੋਏ ਲੋਕੋ
ਤੁਹਾਡੇ ਮਨਾਂ 'ਤੇ
ਅਗਿਆਨਤਾ ਕਾਰਨ
ਚਿਰਾਂ ਤੋਂ
ਵਹਿਮਾਂ ਦੀ ਧੁੰਦ
ਜੰਮੀ ਹੋਈ ਹੈ
ਇਸ ਧੁੰਦ ਨੂੰ
ਹਟਾਣ ਦੀ ਖ਼ਾਤਰ
ਤੁਸੀਂ ਕਦੇ ਅਨਪੜ੍ਹ ਸਾਧਾਂ ਦੇ
ਡੇਰਿਆਂ ਦੇ ਚੱਕਰ ਲਗਾਂਦੇ ਹੋ
ਕਦੇ ਜੋਤਸ਼ੀਆਂ ਨੂੰ
ਹੱਥ ਵਿਖਾਂਦੇ ਹੋ
ਤੇ ਕਦੇ ਆਪੇ ਬਣੇ ਗੁਰੂਆਂ ਤੋਂ
ਨਾਮ ਦਾਨ ਲੈਂਦੇ ਹੋ
ਝੱਲਿਓ, ਇਹ ਧੁੰਦ ਤਾਂ ਹੀ
ਹਟ ਸਕਦੀ ਹੈ
ਜੇਕਰ ਤੁਹਾਡੇ ਕੋਲ
ਅੱਖਰ ਗਿਆਨ ਦਾ ਸੂਰਜ ਹੋਵੇ
ਇਹ ਸੂਰਜ ਤੁਹਾਡੇ ਮਨਾਂ ਵਿੱਚ
ਪ੍ਰਕਾਸ਼ ਹੀ ਪ੍ਰਕਾਸ਼ ਕਰ ਦੇਵੇਗਾ
ਇਸ ਪ੍ਰਕਾਸ਼ ਨਾਲ ਤੁਸੀਂ
ਸਹੀ, ਗਲਤ ਦੀ
ਪਛਾਣ ਕਰ ਸਕੋਗੇ
ਤੇ ਅਨਪੜ੍ਹ ਸਾਧਾਂ, ਜੋਤਸ਼ੀਆਂ
ਤੇ ਆਪੇ ਬਣੇ ਗੁਰੂਆਂ ਵੱਲੋਂ
ਕੀਤੀ ਜਾਂਦੀ ਲੁੱਟ ਤੋਂ ਬਚ ਸਕੋਗੇ।

**– ਮਹਿੰਦਰ ਸਿੰਘ ਮਾਨ**
ਮੋਬਾ : 99158-03554

# ਘਰ ਵਿਚ ਕੱਪੜੇ ਕੱਟਣ ਵਾਲਾ ਭੂਤ-ਪ੍ਰੇਤ ਨਹੀਂ, ਚੁੜੇਲ ਸੀ

ਜਿੰਦੀ ਪੇਂਟਰ ਤਰਕਸ਼ੀਲ
ਮੋਬਾ: 98156-81834

27 ਸਾਲ ਦੇ ਨੌਜੁਆਨ 'ਬਹਾਦਰ ਸਿੰਘ' ਦੇ ਘਰ ਵਿੱਚ ਕਿਸੇ ਗੈਬੀ 'ਭੂਤ-ਪ੍ਰੇਤ' ਨੇ ਲੱਗਭਗ ਦੋ ਸਾਲ ਤੋਂ ਬੜੀ ਦਹਿਸ਼ਤ ਫੈਲਾਅ ਰੱਖੀ ਸੀ। ਬਹਾਦਰ ਦੇ ਮਾਤਾ-ਪਿਤਾ ਉਸਦਾ ਵਿਆਹ ਕਰਨ ਤੋਂ ਬਾਅਦ ਵਾਪਸ ਇੰਗਲੈਂਡ ਚਲੇ ਗਏ ਸੀ। ਕੁਝ ਦਿਨਾਂ ਬਾਅਦ ਜਦੋਂ ਉਨ੍ਹਾਂ ਨੂੰ ਇਹ ਖ਼ਬਰ ਮਿਲੀ ਕਿ ਕੋਈ 'ਭੂਤ' ਉਨ੍ਹਾਂ ਦੇ ਘਰ ਵਿੱਚ ਆ ਵੜਿਆ ਹੈ ਜੋ ਘਰ ਦਾ ਬਹੁਤ ਨੁਕਸਾਨ ਕਰ ਰਿਹਾ ਹੈ ਤਾਂ ਉਹ ਭੂਤ ਵੱਲੋਂ ਕੀਤੀਆਂ ਜਾਂਦੀਆਂ ਲਗਾਤਾਰ ਘਟਨਾਵਾਂ ਬਾਰੇ ਸੁਣ ਕੇ, ਘਰ ਅਤੇ ਬੱਚਿਆਂ ਦੀ ਦੇਖਭਾਲ ਵਾਸਤੇ ਵਾਪਸ ਮੁੜ ਆਏ ਸੀ। ਇਹ ਗੈਬੀ ਭੂਤ-ਪ੍ਰੇਤ ਘਰਦਿਆਂ ਤੋਂ ਚੋਰੀ-ਛੁਪੇ ਨੁਕਸਾਨਦਾਇਕ ਘਟਨਾਵਾਂ ਨੂੰ ਬੜੀ ਸਾਵਧਾਨੀ ਨਾਲ ਬੇਫਿਕਰ ਹੋ ਕੇ ਕਰਿਆ ਕਰਦਾ ਸੀ। ਇਹ ਭੂਤ ਬੜਾ ਖ਼ਤਰਨਾਕ ਸੀ, ਘਰ ਵਿਚ ਵਧੀਆ ਤੇ ਮਹਿੰਗੇ ਭਾਅ ਦੇ ਕੱਪੜਿਆਂ ਨੂੰ ਕੱਟ ਕੇ ਗਾਇਬ ਹੋ ਜਾਂਦਾ ਸੀ। ਕੱਪੜੇ ਏਨੇ ਬੁਰੀ ਤਰ੍ਹਾਂ ਕੱਟੇ ਹੁੰਦੇ ਸੀ ਕਿ ਦੇਖਣ ਨੂੰ ਢੇਰ-ਕੂੜਾ ਜਾਪਦੇ ਸੀ। ਭੂਤ ਕੱਪੜੇ ਕੱਟਣ ਤੋਂ ਬਿਨਾਂ ਹੋਰ ਵੀ ਬਹੁਤ ਸਾਰੀਆਂ ਭੇਦ ਭਰੀਆਂ ਨੁਕਸਾਨਦਾਇਕ ਘਟਨਾਵਾਂ ਕਰਦਾ ਸੀ। ਘਰਦੇ ਰੋਣ-ਪਿੱਟਣ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਸੀ ਕਰ ਸਕਦੇ। ਭੂਤ ਗੈਬੀ ਹੋਣ ਕਰਕੇ ਕਿਤੇ ਦਿਖਾਈ ਨਾ ਦਿੰਦਾ। ਉਨ੍ਹਾਂ ਨੂੰ ਕੁਝ ਸਮਝ ਨਹੀਂ ਸੀ ਆ ਰਹੀ ਕਿ ਉਹ ਕੀ ਕਰਨ। ਭਾਵੇਂ ਉਨ੍ਹਾਂ ਨੇ ਇਸ ਭੂਤ ਤੋਂ ਛੁਟਕਾਰਾ ਪਾਉਣ ਲਈ ਬਹੁਤ ਸਾਰੇ ਚੇਲਿਆਂ-ਸਿਆਣਿਆਂ, ਤੰਤਰਿਕਾਂ-ਬਾਬਿਆਂ ਅਤੇ ਸਾਧੂਆਂ-ਸੰਤਾਂ ਨਾਲ ਸੰਪਰਕ ਕੀਤਾ। ਜੋ ਵੀ ਉਨ੍ਹਾਂ ਨੇ ਉਪਾਅ ਦੱਸੇ ਸਭ ਕੀਤੇ, ਫਿਰ ਵੀ 'ਭੂਤ' ਘਟਨਾਵਾਂ ਕਰਨ ਤੋਂ ਨਾ ਹਟਿਆ। ਇਹ ਪਾਖੰਡੀ ਬਹੁਤ ਸਾਰੀ ਧੰਨ ਦੌਲਤ ਲੁੱਟਣ ਤੋਂ ਬਾਅਦ ਵੀ ਭੂਤ ਦਾ ਕੁਝ ਨਾ ਵਿਗਾੜ ਸਕੇ। ਭੂਤ ਲਗਾਤਾਰ ਆਪਣੀਆਂ ਹਰਕਤਾਂ ਵਿਚ ਮਗਨ ਸੀ।

ਇਕ ਦਿਨ ਜਦੋਂ ਰਾਤ ਨੂੰ ਘਰਦੇ ਸੁੱਤੇ ਪਏ ਸੀ ਤਾਂ ਭੂਤ ਨੇ ਉਨ੍ਹਾਂ ਨੂੰ ਡਰਾਉਣੀਆਂ-ਡਰਾਉਣੀਆਂ ਆਵਾਜ਼ਾਂ ਕੱਢ ਕੇ ਡਰਾਇਆ ਸੀ। ਡਰ ਕਾਰਨ ਉਹ ਚੰਗੀ ਤਰ੍ਹਾਂ ਸੌਂ ਵੀ ਨਹੀਂ ਸੀ ਸਕੇ। ਜਦੋਂ ਉਹ ਸਵੇਰੇ ਉਠੇ ਤਾਂ ਭੂਤ ਨੇ ਬਿਸਤਰੇ ਦੀਆਂ ਦਰੀਆਂ-ਖੇਸੀਆਂ ਤੇ ਸ਼ੌਲ ਕੱਟ ਦਿੱਤੇ ਸੀ। ਬਹਾਦਰ ਦੀ ਪਤਨੀ 'ਰਾਜ ਰਾਣੀ' ਦੇ ਵੀ ਦੋ ਸੂਟ ਭੂਤ ਨੇ ਕੱਟ ਦਿੱਤੇ ਸੀ। ਜੋ ਉਹ ਵਿਆਹ ਸਮੇਂ ਆਪਣੇ ਪੇਕੇ ਘਰੋਂ ਲਿਆਈ ਸੀ। ਉਸਨੇ ਤਾਂ ਅਜੇ ਇਨ੍ਹਾਂ ਨੂੰ ਪਹਿਨ ਕੇ ਵੀ ਨਹੀਂ ਸੀ ਦੇਖਿਆ। ਇੱਕ ਦਿਨ ਭੂਤ ਨੇ ਬਹਾਦਰ ਦਾ ਮੋਬਾਇਲ ਸ਼ੋਕੇਸ਼ ਵਿਚੋਂ ਗੁੰਮ ਕਰ ਦਿੱਤਾ। ਇੱਕ ਹਫਤੇ ਬਾਅਦ ਇਹ ਮੋਬਾਇਲ ਅਚਾਨਕ ਹੀ ਘਰ ਦੀ ਛੱਤ ਉੱਪਰੋਂ ਟੁੱਟੀ ਭੱਜੀ ਹਾਲਤ ਵਿਚ ਮਿਲ ਗਿਆ, ਪਰ ਇਸ ਵਿਚੋਂ ਬੈਟਰੀ ਗੁੰਮ ਸੀ। ਬਹਾਦਰ ਦੀ ਭੈਣ 'ਕੰਮੋ' ਦੇ ਸੱਤ ਸੂਟ 'ਭੂਤ' ਨੇ ਕੱਟ ਦਿੱਤੇ ਸੀ ਜੋ ਹੁਣ ਬਿਲਕੁਲ ਵੀ ਪਹਿਨਣਯੋਗ ਨਹੀਂ ਸੀ। ਕੰਮੋ ਜਦੋਂ ਬੀ. ਏ. ਦੀ ਜਮਾਤ ਵਿਚ ਪੜ੍ਹਦੀ ਸੀ ਤਾਂ ਭੂਤ ਉਸ ਦੀਆਂ ਕਾਪੀਆਂ-ਕਿਤਾਬਾਂ ਨੂੰ ਪਾੜ ਕੇ ਤਹਿਸ਼-ਨਹਿਸ਼ ਕਰ ਦਿੰਦਾ। ਜਦੋਂ ਕੰਮੋ ਵਿਆਹ ਕਰਾ ਕੇ ਆਪਣੇ ਸਹੁਰੇ ਘਰ ਚਲੇ ਗਈ ਤਾਂ ਉਥੇ ਜਾ ਕੇ ਭੂਤ ਨੇ ਉਸਦਾ ਕੋਈ ਨੁਕਸਾਨ ਨਾ ਕੀਤਾ, ਜਦੋਂ ਉਹ ਆਪਣੇ ਪੇਕੇ ਘਰ ਮਿਲਣ ਆਈ ਤਾਂ ਬੰਦ ਟੇਚੀ 'ਚੋਂ ਉਸਦੇ ਕਈ ਸੂਟ ਫਿਰ ਕੱਟੇ ਜਾ ਚੁੱਕੇ ਸੀ।

ਹੁਣ ਭੂਤ ਨੇ ਘਰ ਵਿਚ ਅਜੀਬ ਹੀ ਘਟਨਾ ਕਰਨੀ ਸ਼ੁਰੂ ਕਰ ਦਿੱਤੀ, ਉਹ ਬਾਹਰ ਵਿਹੜੇ ਵਿਚ ਬਣੇ ਹੋਏ ਚੁੱਲ੍ਹੇ-ਚੌਂਕੇ ਕੋਲ ਸੁਆਹ ਨੂੰ ਖਿਲਾਰ ਕੇ ਅਜੀਬ ਜਿਹੀਆਂ ਊਟ-ਪਟਾਂਗ ਅਕ੍ਰਿਤੀਆਂ ਬਣਾ ਦਿੰਦਾ ਤੇ ਉਸ ਉਪਰ ਗੁੰਨ੍ਹੇ ਹੋਏ ਆਟੇ ਨਾਲ ਚਮੁਖੀਆ ਦੀਵਾ ਜਾਂ ਕੋਈ ਗੋਲ-ਮਟੋਲ ਡਰਾਉਣੀ ਜਿਹੀ ਸ਼ਕਲ ਦੀ ਹੋਰ ਅਕ੍ਰਿਤੀ ਬਣਾ ਕੇ ਰੱਖ ਦਿੰਦਾ। ਹਰ ਰੋਜ਼ ਇਹ ਨਵੀਂ ਘਟਨਾ ਹੁੰਦੀ ਦੇਖ ਕੇ ਘਰਦੇ ਡਰ ਨਾਲ ਡੌਰ-ਭੌਰ ਜਿਹੇ ਹੋ ਜਾਂਦੇ ਤੇ ਉਹ ਇਧਰ-ਉੱਧਰ ਹੁੰਦੇ ਤਾਂ ਇਹ ਅਕ੍ਰਿਤੀਆਂ ਆਪਣੇ-ਆਪ ਅਲੋਪ ਹੋ ਜਾਂਦੀਆਂ ਡਰ ਕਾਰਨ ਹੁਣ 'ਰਾਜ ਰਾਣੀ' ਨੇ ਚੁੱਲ੍ਹੇ-ਚੌਂਕੇ ਉੱਤੇ ਦਾਲ-ਰੋਟੀ ਬਣਾਉਣੀ ਬੰਦ ਕਰ ਦਿੱਤੀ ਤੇ ਰਸੋਈ ਅੰਦਰ ਰੱਖੇ ਹੋਏ ਗੈਸ ਚੁੱਲ੍ਹੇ ਦਾ ਹੀ ਪ੍ਰਯੋਗ ਕਰਨ ਲੱਗੇ। ਇੱਕ ਵਾਰ ਜਦੋਂ ਘਰ ਵਿੱਚ ਕੁਝ ਰਿਸ਼ਤੇਦਾਰ ਆਏ ਹੋਏ ਸੀ ਤਾਂ ਉਨ੍ਹਾਂ ਦੀ ਮੌਜੂਦਗੀ ਵਿੱਚ ਹੀ ਭੂਤ ਨੇ ਗੁੰਨ੍ਹੇ ਹੋਏ ਆਟੇ ਦੀ ਇੱਕ ਡਰਾਉਣੀ ਅਕ੍ਰਿਤੀ ਗੈਬੀ ਢੰਗ ਨਾਲ ਪੇਸ਼ ਕਰ ਦਿੱਤੀ, ਇਹ ਦੇਖ ਕੇ ਸਾਰੇ ਡਰ ਗਏ। ਇੱਕ ਦਿਨ ਬਹਾਦਰ ਦਾ ਬਟੂਆ ਸਿਰਹਾਣੇ ਥੱਲਿਓਂ ਗਾਇਬ ਹੋ ਗਿਆ ਤੇ ਕੁਝ ਦੇਰ ਬਾਅਦ ਇਹ ਕੂੜੇ ਦੇ ਟੋਕਰੇ ਵਿਚੋਂ ਫਟਿਆ ਹੋਇਆ ਮਿਲਿਆ। ਉਸ ਵਿਚੋਂ ਰੁਪਏ ਤੇ ਜ਼ਰੂਰੀ ਕਾਗਜ਼ ਗਾਇਬ ਸੀ। ਬਹਾਦਰ ਦੇ ਵਿਆਹ ਦੀਆਂ ਕੁਝ ਫੋਟੋਆਂ ਵੀ ਭੂਤ ਨੇ ਐਲਬਮ ਵਿਚੋਂ ਕੱਢ ਕੇ ਗਾਇਬ ਕਰ ਦਿੱਤੀਆਂ ਸੀ।

ਭੂਤ ਦਰਵਾਜ਼ਿਆਂ ਨੂੰ ਲੱਗੇ ਹੋਏ ਜਿੰਦਰਿਆਂ ਦੀਆਂ ਚਾਬੀਆਂ, ਸਾਹਮਣੇ ਟੰਗੀਆਂ ਹੋਈਆਂ ਕਿੱਲੀ ਤੋਂ ਗੁੰਮ ਕਰ ਦਿੰਦਾ। ਚਾਬੀਆਂ ਇਧਰੋਂ-ਉਧਰੋਂ ਨਾ ਲੱਭਣ ਤੋਂ ਬਾਅਦ ਮਜ਼ਬੂਰਨ ਜਿੰਦਰੇ ਆਰੀ ਨਾਲ ਕੱਟਣੇ ਪੈਂਦੇ ਤੇ ਉਨ੍ਹਾਂ ਦੀ ਥਾਂ ਨਵੇਂ ਜਿੰਦਰੇ ਲਗਾ ਦਿੱਤੇ, ਭੂਤ ਫਿਰ ਇਨ੍ਹਾਂ ਦੀਆਂ ਚਾਬੀਆਂ ਵੀ ਗੁੰਮ ਕਰ ਦਿੰਦਾ। ਜਿੰਦਰਾ ਲੱਗੀ ਅਲਮਾਰੀ ਵਿਚੋਂ ਸੋਨੇ ਦੀ ਚੇਨੀ ਵੀ ਗੁੰਮ ਹੋ ਗਈ। ਬਹਾਦਰ ਦੀ ਮਾਂ ਦੇ ਪਰਸ ਵਿਚੋਂ ਭੂਤ ਨੇ ਦਸ ਹਜ਼ਾਰ ਰੁਪਏ ਵੀ ਕੱਢ ਲਏ ਸੀ। ਭੂਤ ਲਗਾਤਾਰ ਘਰ ਦਾ ਨੁਕਸਾਨ ਕਰੀ ਜਾ ਰਿਹਾ ਸੀ। ਇਹ ਸੀ ਭੂਤ ਦੀ ਅਸਲੀ ਕਰਤੂਤ। ਇਸ ਗੈਬੀ ਭੂਤ ਨੂੰ ਨੱਥ ਪਾਉਣ ਲਈ, ਕਿਸੇ ਨੇ ਘਰਦਿਆਂ ਨੂੰ 'ਤਰਕਸ਼ੀਲ ਸੁਸਾਇਟੀ' ਵਾਲਿਆਂ ਨਾਲ ਸੰਪਰਕ ਕਰਨ ਲਈ ਆਖਿਆ। ਉਨ੍ਹਾਂ ਨੇ ਤਰਕਸ਼ੀਲ ਸੁਸਾਇਟੀ ਦੇ ਸੰਸਥਾਪਕ ਸ੍ਰੀ ਮੇਘ ਰਾਜ ਮਿੱਤਰ ਜੀ ਨਾਲ ਸੰਪਰਕ ਕੀਤਾ। ਭੂਤ ਵਲੋਂ ਕੀਤੀਆਂ ਜਾਂਦੀਆਂ ਇਹ ਘਟਨਾਵਾਂ ਮੇਰੇ ਪਿੰਡ 'ਬਿਰਕ' ਦੇ ਨਜ਼ਦੀਕ ਕਿਸੇ ਪਿੰਡ ਵਿਚ ਹੋਣ ਕਰਕੇ, ਮਿੱਤਰ ਸਾਹਿਬ ਨੇ ਇਨ੍ਹਾਂ ਘਟਨਾਵਾਂ ਨੂੰ ਹੱਲ ਕਰਨ ਲਈ, ਮੇਰੇ ਸਹਿਮਤ ਹੋਣ 'ਤੇ ਉਨ੍ਹਾਂ ਨੂੰ ਮੇਰਾ ਮੋਬਾਇਲ ਨੰਬਰ ਦੇ ਦਿੱਤਾ। ਕੁਝ ਹੀ ਸਮੇਂ ਬਾਅਦ 11-5-2014 ਨੂੰ ਬਹਾਦਰ ਸਿੰਘ ਨੇ ਮੇਰੇ ਨਾਲ ਮੋਬਾਇਲ ਰਾਹੀਂ ਸੰਪਰਕ ਕੀਤਾ ਤੇ ਦੱਸਿਆ ਕਿ ਕਿਵੇਂ ਇੱਕ ਖਤਰਨਾਕ ਗੈਬੀ ਭੂਤ-ਪ੍ਰੇਤ ਨੇ ਉਨ੍ਹਾਂ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਿਆ। ਉਸਨੇ ਬੇਨਤੀ ਕੀਤੀ ਕਿ ਮੈਂ ਜਲਦੀ ਹੀ ਇਹ ਘਟਨਾਵਾਂ ਕਰਨ ਵਾਲੇ ਭੂਤ ਨੂੰ ਘਰੋਂ ਬਾਹਰ ਕੱਢ ਦੇਵਾਂ ਤਾਂ ਉਹ ਮੇਰਾ ਬਹੁਤ ਧੰਨਵਾਦੀ ਹੋਵੇਗਾ। ਮੈਂ ਉਸ ਕੋਲੋਂ ਉਸਦਾ ਪਿੰਡ ਅਤੇ ਘਰ ਦਾ ਪੂਰਾ ਪਤਾ ਇੱਕ ਕਾਗਜ਼ ਉੱਪਰ ਲਿਖ ਲਿਆ। ਉਸ ਦਾ ਪਿੰਡ ਮੇਰੇ ਪਿੰਡ 'ਬਿਰਕ' ਤੋਂ ਲਗਭਗ 25 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਸੀ।

ਅਗਲੇ ਹੀ ਦਿਨ ਮੈਂ ਆਪਣੇ ਸਾਰੇ ਜ਼ਰੂਰੀ ਕੰਮ ਛੱਡ ਕੇ ਸਭ ਤੋਂ ਪਹਿਲਾਂ ਇਸ ਸਮੱਸਿਆ ਨੂੰ ਹੱਲ ਕਰਨ ਦਾ ਫੈਸਲਾ ਕੀਤਾ। ਸਵੇਰੇ 9 ਵਜੇ ਮੈਂ ਆਪਣੇ ਜਾਦੂ ਦੇ ਸਮਾਨ ਵਾਲੇ ਬੈਗ ਵਿਚ ਤਰਕਸ਼ੀਲਾਂ ਤੇ ਵਿਗਿਆਨਕਾਂ ਦੀਆਂ ਕੁਝ ਕਿਤਾਬਾਂ ਪਾਈਆਂ ਤੇ ਮੋਟਰਸਾਈਕਲ ਰਾਹੀਂ ਜਾਣ ਲਈ ਤਿਆਰ ਹੋ ਗਿਆ। ਜਾਂਦਾ ਹੋਇਆ ਮੈਂ ਆਪਣੇ ਪਿੰਡੋਂ ਹੀ ਕਿਸੇ ਸਾਥੀ ਨੂੰ ਨਾਲ ਲੈ ਕੇ ਗੈਬੀ ਭੂਤ-ਪ੍ਰੇਤ ਵਾਲੇ ਘਰ ਨੂੰ ਚੱਲ ਪਿਆ, ਬਹਾਦਰ ਮੈਨੂੰ ਵਾਰ-ਵਾਰ ਫੋਨ ਕਰਕੇ ਪੁੱਛ ਰਿਹਾ ਸੀ ਕਿ ਹੋਰ ਕਿੰਨੀ ਦੇਰ ਤੱਕ ਪਹੁੰਚੋਂਗੇ। ਲੰਮਾ ਸਫ਼ਰ ਹੋਣ ਕਰਕੇ ਸਾਨੂੰ ਪਹੁੰਚਣ ਲਈ ਲੱਗਭਗ ਇੱਕ ਘੰਟਾ ਲੱਗਿਆ। ਬਹਾਦਰ ਸਿੰਘ ਅਤੇ ਉਸਦੇ ਘਰ



ਦੇ ਕੁਝ ਹੋਰ ਮੈਂਬਰ ਘਰੋਂ ਬਾਹਰ ਰਸਤੇ ਵਿਚ ਖੜ੍ਹੇ ਪਹਿਲਾਂ ਹੀ ਬੇਸਬਰੀ ਨਾਲ ਸਾਡੇ ਆਉਣ ਦਾ ਇੰਤਜ਼ਾਰ ਕਰ ਰਹੇ ਸੀ। ਉਨ੍ਹਾਂ ਨੇ ਬੜੀ ਖੁਸ਼ੀ ਨਾਲ ਸਾਡਾ ਸੁਆਗਤ ਕੀਤਾ। ਘਰ ਦੇ ਅੰਦਰ ਬਰਾਂਡੇ ਵਿਚ ਪਹਿਲਾਂ ਹੀ ਚੱਲ ਰਹੇ ਪੱਖੇ ਦੇ ਹੇਠਾਂ ਦੋ ਮੰਜੇ ਤੇ ਕੁਝ ਕੁਰਸੀਆਂ ਸਾਡੇ ਬੈਠਣ ਲਈ ਸਜਾ ਰੱਖੀਆਂ ਸੀ। ਸਾਡੀ ਭੁੱਖ-ਪਿਆਸ ਦਾ ਖਿਆਲ ਰੱਖਦਿਆਂ ਉਨ੍ਹਾਂ ਨੇ ਜਲਦੀ ਹੀ ਚਾਹ-ਪਾਣੀ ਅਤੇ ਕੁਝ ਖਾਣ ਲਈ ਇੰਤਜ਼ਾਮ ਕਰ ਦਿੱਤਾ। ਮੈਂ ਘਰ ਦਾ ਆਲਾ-ਦੁਆਲਾ ਦੇਖ ਕੇ ਮੁਆਇਨਾ ਕੀਤਾ। ਇਹ ਘਰ ਜੱਟਾਂ-ਜ਼ਿਮੀਂਦਾਰਾਂ ਦਾ ਸੀ, ਖੁੱਲ੍ਹਾ ਵਿਹੜਾ ਅਤੇ ਕਈ ਕਮਰਿਆਂ-ਬਰਾਂਡਿਆਂ ਨਾਲ ਸਜਿਆ ਹੋਇਆ ਇਹ ਘਰ ਕਿਸੇ ਮਹਿਲ ਤੋਂ ਘੱਟ ਨਹੀਂ ਸੀ ਜਾਪਦਾ।

ਜਿੱਥੇ ਧਨ-ਦੌਲਤ ਦੀ ਕੋਈ ਕਮੀ ਨਹੀਂ ਸੀ। ਸੁੱਖ ਪ੍ਰਾਪਤ ਕਰਨ ਵਾਲੀ ਹਰ ਚੀਜ਼ ਇਸ ਘਰ ਵਿਚ ਹੱਦੋਂ ਵੱਧ ਮੌਜੂਦ ਸੀ। ਘਰ ਤੋਂ ਘਰ ਤੋਂ ਥੋੜ੍ਹੀ ਜਿਹੀ ਦੂਰ ਉਨ੍ਹਾਂ ਦੀ ਹਵੇਲੀ ਸੀ। ਜਿੱਥੇ ਮੱਝਾਂ-ਡੰਗਰ ਬੰਨ੍ਹੇ ਹੁੰਦੇ ਸੀ। ਘਰ ਵਿਚ ਕੁਲ ਚਾਰ ਜੀਅ ਰਹਿੰਦੇ ਸਨ। ਬਹਾਦਰ ਸਿੰਘ ਤੇ ਉਸਦੀ ਪਤਨੀ 'ਰਾਜਰਾਣੀ' ਅਤੇ ਬਹਾਦਰ ਸਿੰਘ ਦੇ ਬਜ਼ੁਰਗ ਮਾਤਾ-ਪਿਤਾ, ਬਹਾਦਰ ਦੀ ਇੱਕ ਭੈਣ ਸੀ 'ਕੰਮੋ', ਜੋ ਵਿਆਹ ਕਰਾ ਕੇ ਛੇ ਮਹੀਨੇ ਤੋਂ ਆਪਣੇ ਸਹੁਰੇ ਘਰ ਚਲੇ ਗਈ ਸੀ।

ਸਾਨੂੰ ਘਰਦਿਆਂ ਨੇ ਬੜੇ ਦੁਖੀ ਮਨ ਨਾਲ ਦੱਸਿਆ ਕਿ ਕਿਵੇਂ ਉਹ ਉਸ ਘਰ ਵਿਚਲੇ ਗੈਬੀ ਭੂਤ ਦੀਆਂ ਹਰਕਤਾਂ ਤੋਂ ਤੰਗ ਆ ਚੁੱਕੇ ਹਨ। ਬਹਾਦਰ ਦੇ ਮਾਤਾ-ਪਿਤਾ ਨੇ ਇੱਕ ਕਮਰੇ ਵਿਚੋਂ ਉਹੀ ਕੱਪੜਿਆਂ ਦੀ ਭਾਰੀ ਪੰਡ ਚੁੱਕ ਲਿਆਏ ਜੋ ਭੂਤ ਨੇ ਆਪਣੀ ਮਾੜੀ ਕਰਤੂਤ ਨਾਲ ਕੱਟ ਕੇ ਢੇਰ-ਕੂੜਾ ਬਣਾ ਦਿੱਤੇ ਸੀ। ਪੰਡ ਖੋਲ੍ਹਕੇ ਉਨ੍ਹਾਂ ਨੇ ਸਾਡੇ ਅਗਲੇ ਮੰਜੇ ਉੱਤੇ ਢੇਰੀ ਕਰ ਦਿੱਤੀ ਤੇ ਇੱਕ-ਇੱਕ ਕਰਕੇ ਕੱਟ ਦੇ ਨਿਸ਼ਾਨ ਦਿਖਾਉਣ ਲੱਗੇ। ਸੱਚਮੁੱਚ ਹੀ ਇਹ ਕੱਪੜੇ ਬਹੁਤ ਵਧੀਆ ਤੇ ਕੀਮਤੀ ਸੀ ਜੋ ਬੁਰੀ ਤਰ੍ਹਾਂ ਕੱਟੇ ਹੋਏ ਸੀ। ਏਨੇ ਨੂੰ ਬਹਾਦਰ ਵੀ ਇੱਕ ਝੋਲਾ ਜਿਹਾ ਚੁੱਕ ਲਿਆਇਆ, ਜਿਸ ਵਿਚ ਆਰੀ ਨਾਲ ਕੱਟੇ ਹੋਏ 13-14 ਜਿੰਦਰੇ ਸੀ, ਕਿਉਂਕਿ ਭੂਤ ਨੇ ਇਨ੍ਹਾਂ ਦੀਆਂ ਚਾਬੀਆਂ ਕਿੱਲੀ ਉੱਤੋਂ ਟੰਗੀਆਂ ਹੋਈਆਂ ਗੁੰਮ ਕਰ ਦਿੱਤੀਆਂ ਸੀ। ਭੂਤ ਵੱਲੋਂ ਕੀਤੀਆਂ ਇਹ ਨੁਕਸਾਨਦਾਇਕ ਘਟਨਾਵਾਂ ਦੇਖ ਕੇ ਸਾਨੂੰ ਯਕੀਨ ਹੋ ਗਿਆ ਕਿ ਸੱਚਮੁੱਚ ਹੀ ਇਹ ਭੂਤ ਨੇ ਇਸ ਘਰ ਵਿਚ ਬਹੁਤ ਅੱਤ ਚੁੱਕੀ ਹੋਈ ਆ। ਘਰਦਿਆਂ ਨੇ ਦੱਸਿਆ ਕਿ ਇਹ ਭੂਤ ਕਿਸੇ ਨੂੰ ਦਿਖਾਈ ਨਹੀਂ ਦਿੰਦਾ। ਭਾਵੇਂ ਮੈਂ ਘਰ ਵੜਦਿਆਂ ਹੀ ਉਸ ਗੈਬੀ ਭੂਤ ਦੀ ਸਨਾਖ਼ਤ (ਭਾਲ਼) ਕਰ ਲਈ ਸੀ, ਪਰ ਫਿਰ ਵੀ ਆਪਣੀ ਭਾਲ ਨੂੰ ਯਕੀਨ ਵਿਚ ਬਦਲਣਾ ਜ਼ਰੂਰੀ ਸੀ। ਭੂਤ ਕੌਣ ਹੈ, ਕਿੱਥੇ ਹੈ ਅਤੇ ਕੀ ਕਰ ਰਿਹਾ ਹੈ ਬਾਰੇ ਮੈਂ ਆਪਣਾ ਧਿਆਨ ਪੂਰੀ ਤਰ੍ਹਾਂ ਉਸ ਉੱਤੇ ਹੀ ਕੇਂਦਰਿਤ ਕਰ ਰੱਖਿਆ ਸੀ। ਭੂਤ ਮੇਰੇ ਆਲ਼ੇ-ਦੁਆਲੇ ਘੁੰਮਦਾ-ਫਿਰਦਾ ਹੋਇਆ ਮੈਨੂੰ ਸਾਫ਼ ਦਿਖਾਈ ਦੇ ਰਿਹਾ ਸੀ। ਮੈਂ ਭੂਤ ਨਾਲ ਘਰਦਿਆਂ ਤੋਂ ਅਲੱਗ, ਗੁਪਤ ਤੌਰ 'ਤੇ ਇਹ ਜਾਨਣਾ ਚਾਹੁੰਦਾ ਸੀ ਕਿ ਉਹ ਨੁਕਸਾਨ ਕਿਉਂ ਕਰ ਰਿਹਾ ਹੈ?

ਮੈਂ ਘਰਦਿਆਂ ਨੂੰ ਬੇਨਤੀ ਕੀਤੀ ਕਿ ਤਿੰਨ ਕੁਰਸੀਆਂ ਕਿਸੇ ਅਲੱਗ ਕਮਰੇ ਜਾਂ ਬਰਾਂਡੇ ਵਿਚ ਰੱਖ ਦਿੱਤੀਆਂ ਜਾਣ। ਇੱਕ ਮੇਰੇ ਲਈ, ਦੂਜੀ ਮੇਰੇ ਸਾਥੀ ਲਈ ਤੇ ਤੀਜੀ ਉਸ ਗੈਬੀ ਭੂਤ ਲਈ, ਜੋ ਵਾਰਦਾਤਾਂ ਕਰਦਾ ਸੀ। ਘਰਦਿਆਂ ਦੇ ਸ਼ੱਕ ਤੋਂ ਬਚਣ ਲਈ ਸਭ ਤੋਂ ਪਹਿਲਾਂ ਮੈਂ ਘਰ ਦੇ ਇਕੱਲੇ-ਇਕੱਲੇ ਵਿਅਕਤੀ ਨਾਲ ਗੁਪਤ ਤੌਰ 'ਤੇ ਗੱਲਬਾਤ ਕਰਨੀ ਚਾਹੀ। ਨਾਲ ਹੀ ਇਹ ਚਿਤਾਵਨੀ ਵੀ ਦਿੱਤੀ ਕਿ ਕੋਈ ਦੂਜਾ ਸਾਡੀਆਂ ਗੱਲਾਂ ਨੂੰ ਸੁਣਨ ਦੀ ਕੋਸ਼ਿਸ਼ ਨਾ ਕਰੇ, ਨਹੀਂ ਤਾਂ ਨੁਕਸਾਨਦਾਇਕ ਸਿੱਟੇ ਭੁਗਤਣੇ ਪੈ ਸਕਦੇ ਹਨ। ਜਦੋਂ ਸਾਰਿਆਂ ਨਾਲ ਗੱਲਬਾਤ ਹੋ ਗਈ ਤਾਂ ਹੁਣ ਉਸ ਗੈਬੀ ਭੂਤ-ਪ੍ਰੇਤ ਨਾਲ ਗੱਲਬਾਤ ਕਰਨੀ ਬਾਕੀ ਸੀ।

ਹੁਣ ਉਸਨੂੰ ਅੰਦਰ ਆਉਣ ਦੀ ਇਜਾਜਤ ਦਿੱਤੀ ਗਈ। ਭੂਤ ਮੇਰੀ ਕੁਰਸੀ ਦੇ ਬਿਲਕੁਲ ਸਾਹਮਣੇ ਵਾਲੀ ਕੁਰਸੀ 'ਤੇ ਬੇਫ਼ਿਕਰ ਹੋ ਕੇ ਬੈਠ ਗਿਆ। ਮੈਂ ਅਨਜਾਣ ਜਿਹਾ ਬਣ ਕੇ ਜਾਣ-ਬੁੱਝ ਕੇ ਉਸ ਕੋਲੋਂ ਪੁੱਛਿਆ ਕਿ ਘਰ ਵਿਚ ਘਟਨਾਵਾਂ ਕੌਣ ਕਰਦਾ ਹੈ ਤਾਂ ਉਹ ਸਾਫ਼ ਹੀ ਮੁਕਰ ਗਿਆ ਤੇ ਆਖਣ ਲੱਗਾ "ਮੈਨੂੰ ਕੀ ਪਤਾ, ਮੇਰਾ ਤਾਂ ਆਪ ਭੂਤ ਨੇ ਬਹੁਤ ਨੁਕਸਾਨ ਕੀਤਾ ਹੈ।" ਉਹ ਭੁਲੇਖੇ ਵਿਚ ਸੀ ਕਿ ਸ਼ਾਇਦ ਮੈਨੂੰ ਉਸਦਾ ਪਤਾ ਨਹੀਂ ਲੱਗੇਗਾ। ਉਹ ਮੇਰੇ ਸਾਹਮਣੇ ਬਹੁਤ ਚਲਾਕ ਬਣ ਰਿਹਾ ਸੀ। ਉਹ ਇਹ ਨਹੀਂ ਸੀ ਸਮਝਦਾ ਕਿ 'ਤਰਕਸ਼ੀਲਾਂ' ਸਾਹਮਣੇ ਅਜਿਹੀ ਚਲਾਕੀ 'ਆਪਣੇ ਪੈਰੀਂ ਆਪ ਕੁਲਹਾੜੀ ਮਾਰਨ' ਵਾਂਗ ਹੈ। ਜਦੋਂ ਮੈਂ ਉਸਨੂੰ ਅਸਲੀ ਸਚਾਈ ਦੱਸੀ ਕਿ ਇਹ ਸਾਰੀਆਂ ਘਟਨਾਵਾਂ ਕਰਨ ਦਾ ਜ਼ਿੰਮੇਦਾਰ ਤੂੰ ਹੀ ਹੈ ਤਾਂ ਉਹ ਆਪਣਾ ਇਹ ਖੁੱਲ੍ਹਿਆ ਭੇਦ ਸੁਣ ਕੇ ਇਕ ਦਮ ਹੈਰਾਨ ਪ੍ਰੇਸ਼ਾਨ ਹੋ ਗਿਆ ਤੇ ਆਪਣਾ ਬਚਾਅ ਕਰਨ ਲਈ ਅੱਖਾਂ ਨੀਵੀਂਆਂ ਕਰਕੇ ਰੋਣ ਲੱਗ ਪਿਆ। ਮੈਨੂੰ ਪੂਰਾ ਯਕੀਨ ਸੀ ਕਿ ਘਟਨਾਵਾਂ ਉਹੀ ਕਰ ਰਿਹਾ ਹੈ। ਉਸਨੂੰ ਚੁੱਪ ਕਰਾਉਣ ਤੋਂ ਬਾਅਦ, ਮੈਂ ਉਸਨੂੰ ਇਸ ਗੱਲ ਦੀ ਤਸੱਲੀ ਵੀ ਦਿੱਤੀ ਕਿ ਜੇਕਰ ਦੁਬਾਰਾ ਇਹ ਘਟਨਾਵਾਂ ਨਹੀਂ ਕਰੇਗਾ ਤਾਂ ਉਸ ਬਾਰੇ ਕਿਸੇ ਨੂੰ ਕੁਝ ਵੀ ਦੱਸਿਆ ਨਹੀਂ ਜਾਵੇਗਾ। ਜੇਕਰ ਉਹ ਘਟਨਾਵਾਂ ਕਰਨ ਤੋਂ ਨਾ ਹਟਿਆ ਤਾਂ ਉਸ ਬਾਰੇ ਘਰਦਿਆਂ ਨੂੰ ਦੱਸ ਦਿੱਤਾ ਜਾਵੇਗਾ। ਘਰਦੇ ਸਾਰੇ ਮੈਂਬਰਾਂ ਨੂੰ ਅੰਦਰ ਬੁਲਾ ਕੇ ਮੈਂ ਭੂਤ ਦੇ ਸਾਹਮਣੇ ਦੱਸਿਆ ਕਿ ਅੱਜ ਤੋਂ ਬਾਅਦ ਭੂਤ ਵੱਲੋਂ ਕੋਈ ਘਟਨਾ ਨਹੀਂ ਵਾਪਰੇਗੀ, ਕਿਉਂਕਿ ਉਸ ਨਾਲ ਮੇਰੀ ਆਹਮੋ-ਸਾਹਮਣੀ ਗੱਲਬਾਤ ਹੋ ਚੁੱਕੀ ਹੈ। ਜੇਕਰ ਘਟਨਾ ਵਾਪਰੇ ਤਾਂ ਮੈਨੂੰ ਦੁਬਾਰਾ ਇਸ ਬਾਰੇ ਉਸੀ ਸਮੇਂ ਸੂਚਿਤ ਕਰਨ, ਫਿਰ ਭੂਤ ਆਪਣੇ ਨੁਕਸਾਨ ਦਾ ਆਪ ਜ਼ਿੰਮੇਵਾਰ ਹੋਵੇਗਾ। ਇੰਨਾ ਆਖ ਕੇ ਮੈਂ ਤੇ ਸਾਥੀ ਵਾਪਸ ਆਪਣੇ ਪਿੰਡ ਆ ਗਏ।

ਇੱਕ ਮਹੀਨੇ ਤੱਕ ਤਾਂ ਘਰ ਵਿਚ ਸਭ ਠੀਕ-ਠਾਕ ਰਿਹਾ। ਇੱਕ ਦਿਨ ਸ਼ਾਮ 14-6-2014 ਨੂੰ ਬਹਾਦਰ ਦਾ ਫ਼ੂਨ ਆਇਆ। ਉਸਨੇ ਆਖਿਆ ਕਿ ਗੈਬੀ ਭੂਤ-ਪ੍ਰੇਤ ਨੇ ਦੁਬਾਰਾ ਫਿਰ ਘਟਨਾਵਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ। ਮੈਂ ਪੁੱਛਿਆ, 'ਕੀ ਹੋਇਆ?" ਉਸਨੇ ਆਖਿਆ, "ਚੁੱਲ੍ਹੇ-ਚੌਂਕੇ ਕੋਲ ਆਟੇ ਦੀ ਅਤੇ ਸੁਆਹ ਨਾਲ ਡਰਾਉਣੀ ਜਿਹੀ ਅਕ੍ਰਿਤੀ ਬਣਾ ਕੇ ਰੱਖੀ ਹੋਈ ਹੈ।" ਮੈਂ ਉਸਨੂੰ ਇਸਦਾ ਪੂਰਾ ਧਿਆਨ ਰੱਖਣ ਬਾਰੇ ਆਖਿਆ, "ਤੁਸੀਂ ਇਸ ਘਟਨਾ ਦੇ ਲਾਗੇ-ਸਾਗੇ ਹੀ ਰਿਹੋ ਤਾਂ ਜੋ ਭੂਤ ਇਸ ਨੂੰ ਗਾਇਬ ਨਾ ਕਰ ਸਕੇ ਅਤੇ ਮੈਂ ਜਲਦੀ ਹੀ ਜਾਂਚ-ਪੜਤਾਲ ਲਈ ਆ ਰਿਹਾ ਹਾਂ। ਕਿਸੇ ਤਰ੍ਹਾਂ ਵੀ ਡਰਨ ਦੀ ਕੋਈ ਲੋੜ ਨਹੀਂ।" ਮੈਂ ਆਪਣੇ ਉਸੇ ਸਾਥੀ ਨੂੰ ਨਾਲ ਲੈ ਕੇ ਫਿਰ ਉਥੇ ਪਹੁੰਚ ਗਿਆ। ਜਦੋਂ ਮੈਂ ਇਹ ਡਰਾਉਣੀਆਂ ਅਕ੍ਰਿਤੀਆਂ ਦੇਖੀਆਂ ਤਾਂ ਉਸਦੀ ਛਾਣ-ਬੀਣ ਕੀਤੀ ਤਾਂ ਜੋ ਭੂਤ ਨੂੰ ਰੰਗੇ ਹੱਥੀਂ ਫੜਿਆ ਜਾ ਸਕੇ। ਭੂਤ ਵੀ ਮੇਰੇ ਲਾਗੇ-ਸਾਗੇ ਹੀ ਘੁੰਮੀ ਜਾ ਰਿਹਾ ਸੀ। ਮੇਰੇ ਵੱਲੋਂ ਹੋਣ ਵਾਲੇ ਸ਼ੱਕ ਤੋਂ ਬਚਣ ਲਈ ਉਹ ਕਦੇ ਰਸੋਈ ਵਿਚ ਜਾ ਵੜਦਾ ਤੇ ਕਦੇ ਬਾਥਰੂਮ ਵਿਚ। ਹਨੇਰਾ ਹੋਣ ਕਰਕੇ ਮੈਂ ਵਿਹੜੇ ਵਿਚ ਲਾਈਟ ਵਾਸਤੇ ਹੱਥ ਬੈਟਰੀ ਮੰਗਵਾਈ ਤੇ ਬੈਟਰੀ ਜਗਾ ਕੇ ਅਕ੍ਰਿਤੀ ਵਾਲੀ ਸੁਆਹ ਨੂੰ ਨੇੜਲੇ ਚੁੱਲ੍ਹੇ ਦੀ ਭੱਠੀ ਦੀ ਸੁਆਹ ਨਾਲ ਮਿਲਾ ਕੇ ਦੇਖਿਆ। ਇਹ ਉਹ ਸੁਆਹ ਨਹੀਂ ਸੀ। ਇਹ ਦੇਖ ਕੇ ਮੈਂ ਤੇ ਸਾਥੀ ਹੈਰਾਨ ਸੀ ਕਿ ਭੂਤ ਨੇ ਇਹ ਅਲੱਗ ਸੁਆਹ ਕਿੱਥੋਂ ਲਈ ਹੋਵੇਗੀ, ਆਲਾ-ਦੁਆਲਾ ਹੋਰ ਦੇਖਣ ਤੋਂ ਬਾਅਦ ਮੇਰੀ ਨਜ਼ਰ ਅਚਾਨਕ ਪਿਛਲੇ ਪਾਸੇ ਕੰਧ ਨਾਲ ਬਣੇ ਦੁੱਧ ਕਾੜ੍ਹਨ ਵਾਲੇ ਇੱਕ ਖੁੱਡੇ ਜਿਹੇ ਵੱਲ ਪਈ, ਜਿਸਨੂੰ ਇੱਕ ਛੋਟਾ ਜਿਹਾ ਬੰਦ ਦਰਵਾਜ਼ਾ ਲੱਗਾ ਹੋਇਆ ਸੀ, ਜਦੋਂ ਮੈਂ ਇਸਨੂੰ ਖੋਲ੍ਹ ਕੇ ਦੇਖਿਆ ਤਾਂ ਸਾਫ ਤੌਰ 'ਤੇ ਇਸ ਵਿਚਲੀ ਸੁਆਹ ਤੇ ਉਸ ਉੱਪਰ ਛਪੇ ਹੋਏ ਆਟੇ ਦੀ ਅਕ੍ਰਿਤੀ ਅਤੇ ਕਿਸੇ ਦੇ ਹੱਥਾਂ ਦੇ ਨਿਸ਼ਾਨ ਸਾਫ-ਸਾਫ ਦਿਖਾਈ ਦੇਣ ਲੱਗੇ। ਭੂਤ ਨੇ ਇਹ ਘਟਨਾ ਉਸ ਸਮੇਂ ਕੀਤੀ ਜਦੋਂ ਘਰਦੇ ਹਵੇਲੀ ਮੱਝਾਂ ਚੋਣ ਗਏ ਸੀ।

ਮੈਂ ਫਿਰ ਭੂਤ ਨਾਲ ਗੁਪਤ ਤੌਰ 'ਤੇ ਗੱਲਬਾਤ ਕੀਤੀ। ਉਹ ਫਿਰ ਘਟਨਾਵਾਂ ਕਰਨ ਦੀ ਜ਼ਿੰਮੇਵਾਰੀ ਤੋਂ ਸਾਫ ਹੀ ਮੁਕਰ ਗਿਆ। ਜਦੋਂ ਮੈਂ ਉਸਨੂੰ ਉਸ ਦੇ ਜ਼ਿੰਮੇਵਾਰ ਹੋਣ ਦੀਆਂ ਨਿਸ਼ਾਨੀਆਂ ਸਾਫ਼-ਸਾਫ਼ ਦੱਸੀਆਂ ਤਾਂ ਉਹ ਫਿਰ ਅੱਖਾਂ 'ਚੋਂ ਹੰਝੂ ਕੇਰਦਾ ਹੋਇਆ ਚੁੱਪ-ਚਾਪ ਰੋਣ ਲੱਗਾ। ਉਸਨੂੰ ਘਟਨਾਵਾਂ ਕਰਨ ਦੇ ਸਾਰੇ ਸਬੂਤ ਜਦੋਂ ਦੱਸੇ ਤਾਂ ਉਹ ਮੰਨ ਗਿਆ। ਉਸਨੇ ਬੇਨਤੀ ਕੀਤੀ ਕਿ ਅੱਜ ਇੱਕ ਵਾਰ ਹੋਰ ਉਸਨੂੰ ਮਾਫ਼ ਕਰ ਦਿੱਤਾ ਜਾਵੇ। ਦੁਬਾਰਾ ਉਹ ਕਦੇ ਘਟਨਾਵਾਂ ਨਹੀਂ ਕਰੇਗਾ। ਮੈਂ ਉਸਦੀ ਤਰਸ਼ਯੋਗ ਹਾਲਤ ਦੇਖ ਕੇ ਇੱਕ ਵਾਰ ਹੋਰ ਉਸਨੂੰ ਮਾਫ਼ ਕਰਨ ਦਾ ਮੌਕਾ ਦਿੱਤਾ।

ਜਦ ਭੂਤ ਨੇ ਮੈਨੂੰ ਆਪਣੀ ਮਜ਼ਬੂਰੀ ਦੱਸੀ ਜਿਸ ਕਰਕੇ ਇਹ ਘਟਨਾਵਾਂ ਕਰਿਆ ਕਰਦਾ ਸੀ ਤਾਂ ਮੈਂ ਉਸਨੂੰ ਹੌਂਸਲਾ ਦਿੱਤਾ ਕਿ ਸਭ ਠੀਕ ਹੋ ਜਾਵੇਗਾ। ਸਾਨੂੰ ਵਾਪਸ ਆਪਣੇ ਪਿੰਡ ਪਰਤਣ ਲਈ ਹਨੇਰਾ ਹੋ ਰਿਹਾ ਸੀ। ਜਲਦੀ-ਜਲਦੀ ਮੈਂ ਘਰ ਦੇ ਸਾਰੇ ਮੈਂਬਰਾਂ ਨੂੰ ਇਕੱਠੇ ਕਰਕੇ ਦੱਸਿਆ ਕਿ ਹੁਣ ਬਿਲਕੁਲ ਵੀ ਘਟਨਾ ਨਹੀਂ ਵਾਪਰੇਗੀ, ਜੇਕਰ ਫਿਰ ਅਜਿਹਾ ਹੋਵੇ ਤਾਂ ਮੈਨੂੰ ਜ਼ਰੂਰ ਦੱਸਣਾ, ਕਿਉਂਕਿ ਗੈਬੀ ਭੂਤ-ਪ੍ਰੇਤ ਨੇ ਘਟਨਾਵਾਂ ਲਈ ਮਾਫ਼ੀ ਮੰਗ ਲਈ ਹੈ। ਫਿਰ ਮੈਂ ਭੂਤ ਦੀ ਮਜ਼ਬੂਰੀ ਨੂੰ ਹੱਲ ਕਰਨ ਲਈ ਘਰਦਿਆਂ ਨਾਲ ਕੁੱਝ ਗੱਲਾਂ ਕੀਤੀਆਂ, ਜਿਸਦੇ ਲਈ ਉਨ੍ਹਾਂ ਨੇ ਸਹਿਮਤੀ ਪ੍ਰਗਟਾਈ। ਜਾਣ ਤੋਂ ਪਹਿਲਾਂ ਮੈਂ ਆਪਣੇ ਬੈਗ ਵਿਚਲੇ ਸਮਾਨ ਨਾਲ ਜਾਦੂ ਦੇ ਕੁੱਝ ਟਰਿਕ ਕਰਕੇ ਦਿਖਾਏ ਤੇ ਇਸ ਵਿਚ ਕੀਤੀ ਜਾਂਦੀ ਚਲਾਕੀ ਬਾਰੇ ਉਨ੍ਹਾਂ ਨੂੰ ਦੱਸਿਆ ਤੇ ਵਿਸਥਾਰ ਨਾਲ ਸਮਝਾਇਆ ਕਿ ਕੋਈ ਜਾਦੂ-ਮੰਤਰ ਤੇ ਭੂਤ-ਪ੍ਰੇਤ ਨਹੀਂ ਹੁੰਦੇ। ਅਜਿਹੀਆਂ ਘਟਨਾਵਾਂ ਕਰਨ ਪਿੱਛੇ ਕਿਸੇ ਜੀਵਤ ਪ੍ਰਾਣੀ ਦਾ ਹੀ ਹੱਥ ਹੁੰਦਾ ਹੈ। ਇਹ ਸੁਣਕੇ ਉਹ ਹੈਰਾਨ ਹੋ ਗਏ ਤੇ ਪੁੱਛਣ ਲੱਗੇ "ਉਹ ਕੌਣ ਹੈ?" ਮੈਂ ਆਖਿਆ, "ਇਸਦਾ ਜਵਾਬ ਤੁਹਾਨੂੰ ਦੁਬਾਰਾ ਘਟਨਾ ਵਾਪਰਨ 'ਤੇ ਜ਼ਰੂਰ ਦਿੱਤਾ ਜਾਵੇਗਾ।" ਉਨ੍ਹਾਂ ਨੂੰ ਕੁਝ ਤਰਕਸ਼ੀਲਾਂ ਤੇ ਵਿਗਿਆਨਕਾਂ ਦੀਆਂ ਕਿਤਾਬਾਂ ਮੁੱਲ ਦੇਣ ਤੋਂ ਬਾਅਦ ਅਸੀਂ ਆਪਣੇ ਪਿੰਡ ਵਾਪਸ ਚੱਲ ਪਏ। ਅੱਜ ਲਗਭਗ 7 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਘਰਦੇ ਬੜੀ ਖੁਸ਼ੀ ਨਾਲ ਦੱਸਦੇ ਹਨ ਕਿ "ਹੁਣ ਘਰ ਵਿਚ ਸਭ ਠੀਕ-ਠਾਕ ਹੈ, ਕੋਈ ਘਟਨਾ ਨਹੀਂ ਵਾਪਰਦੀ। ਇਸ ਦੇ ਲਈ ਤੁਹਾਡਾ ਬਹੁਤ-ਬਹੁਤ ਧੰਨਵਾਦ।"

ਘਰ ਵਿਚ ਕੋਈ ਭੂਤ-ਪ੍ਰੇਤ ਅਜਿਹਾ ਨਹੀਂ ਸੀ ਜੋ ਗੈਬੀ ਹੋਵੇ ਤੇ ਘਟਨਾਵਾਂ ਕਰਕੇ ਗਾਇਬ ਹੋ ਜਾਂਦਾ ਹੋਵੇ। ਸਚਾਈ ਇਹ ਸੀ ਕਿ ਬਹਾਦਰ ਦੀ ਪਤਨੀ 'ਰਾਜਰਾਣੀ' ਹੀ ਅਸਲੀ 'ਭੂਤ-ਪ੍ਰੇਤ' ਸੀ ਜੋ ਸਾਰੀਆਂ ਘਟਨਾਵਾਂ ਉਹ ਜਾਣ-ਬੁੱਝ ਕੇ ਚੋਰੀ ਛੁਪੇ ਕਰਿਆ ਕਰਦੀ ਸੀ। ਕਿਉਂਕਿ ਸ਼ੁਰੂ ਤੋਂ ਹੀ ਉਸਨੂੰ ਇਸ ਘਰ ਵਿਚੋਂ ਉਹ ਪਿਆਰ ਤੇ ਹਮਦਰਦੀ ਨਹੀਂ ਸੀ ਮਿਲੀ ਜੋ ਕਿ ਇੱਕ ਸਕੀ ਧੀ ਨੂੰ ਮਿਲਦੀ ਹੈ। ਨੌਕਰਾਣੀਆਂ ਵਾਂਗ ਉਹ ਘਰ ਦਾ ਸਾਰਾ ਕੰਮ ਕਰਿਆ ਕਰਦੀ ਸੀ, ਫਿਰ ਵੀ ਉਸ ਨਾਲ ਨਿੱਕੀ-ਨਿੱਕੀ ਗੱਲ 'ਤੇ ਲੜਾਈ-ਝਗੜਾ ਹੁੰਦਾ ਸੀ। ਇਸ ਲਈ ਉਹ ਤੰਗ-ਪ੍ਰੇਸ਼ਾਨ ਹੋ ਕੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਉਣ ਲਈ ਇਹ ਘਟਨਾਵਾਂ ਕਰਿਆ ਕਰਦੀ ਸੀ। ਪਹਿਲੇ ਦਿਨ ਮੈਂ ਜਦੋਂ ਘਰਦਿਆਂ ਨੂੰ ਪੁੱਛਿਆ ਕਿ ਇਹ ਘਟਨਾਵਾਂ ਕਦੋਂ ਤੋਂ ਵਾਪਰਨੀਆਂ ਸ਼ੁਰੂ ਹੋਈਆਂ ਹਨ। ਤਾਂ ਬਹਾਦਰ ਦੀ ਮਾਂ ਨੇ ਦੱਸਿਆ ਕਿ "ਬਹਾਦਰ ਦੇ ਵਿਆਹ ਤੋਂ ਕੁਝ ਸਮੇਂ ਬਾਅਦ ਹੀ ਭੂਤ ਨੇ ਘਟਨਾਵਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। "ਮੈਂ ਸਮਝ ਗਿਆ ਕਿ 'ਰਾਜਰਾਣੀ' ਹੀ ਇਸ ਘਰ ਵਿਚ ਉਸ ਸਮੇਂ ਆਈ ਸੀ। ਬਹਾਦਰ ਦੀ ਭੈਣ ਕੰਮੋ ਨੂੰ ਮੈਂ ਇਸ ਕਰਕੇ ਭੂਤ ਦੀ ਸ੍ਰੇਣੀ ਵਿਚ ਨਹੀਂ ਰੱਖਿਆ ਕਿ ਜਦ ਉਹ ਵਿਆਹ ਕਰਾ ਕੇ ਆਪਣੇ ਸਹੁਰੇ ਘਰ ਚਲੇ ਗਈ ਤਾਂ ਘਰ ਵਿਚ ਘਟਨਾਵਾਂ ਵਾਪਰਦੀਆਂ ਸਨ ਬਹਾਦਰ ਨੇ ਜਦ ਇਹ ਦੱਸਿਆ ਕਿ ਉਸਦੀ ਪਤਨੀ ਇੱਕ ਮਹੀਨੇ ਵਾਸਤੇ ਪੇਕੇ ਘਰ ਰਹਿਣ ਗਈ ਤਾਂ ਉਸ ਸਮੇਂ ਭੂਤ ਨੇ ਕੋਈ ਘਟਨਾ ਨਹੀਂ ਕੀਤੀ। ਰਾਜ ਰਾਣੀ ਆਪਣੇ ਉੱਪਰੋ ਹੋਣ ਵਾਲੇ ਸ਼ੱਕ ਤੋਂ ਬਚਣ ਲਈ ਕਦੇ-ਕਦੇ ਉਹ ਆਪਣੇ ਅਜਿਹੇ ਸੂਟ ਕੱਟ ਦਿੰਦੀ ਸੀ ਜੋ ਪਹਿਨਣ ਯੋਗ ਨਾ ਹੋਣ। ਕਿਉਂਕਿ ਮੈਂ ਕੱਟੇ ਹੋਏ ਕੱਪੜਿਆਂ ਦੀ ਪੰਡ ਵਿਚ ਰਾਜ ਰਾਣੀ ਦੇ ਉਹ ਕੱਪੜੇ ਦੇਖ ਲਏ ਸੀ ਜੋ ਪੂਰੀ ਤਰ੍ਹਾਂ ਬੇਕਾਰ ਹੋ ਚੁੱਕੇ ਸੀ। ਇਹ ਘਟਨਾਵਾਂ ਉਹ ਉਸ ਸਮੇਂ ਕਰਦੀ ਸੀ ਜਦੋਂ ਘਰ ਵਿਚ ਕੋਈ ਨਾ ਹੋਵੇ ਜਾਂ ਇਧਰ ਉਧਰ ਗਿਆ ਹੋਵੇ। ਇਹ ਕੱਪੜਿਆਂ ਨੂੰ ਕੱਟਣ ਲਈ ਆਪਣੇ ਕੋਲ 'ਬਲੇਡ' ਰੱਖਿਆ ਕਰਦੀ ਸੀ। ਚੁੱਲ੍ਹੇ ਚੌਂਕੇ ਉੱਤੇ ਰੋਟੀ ਬਣਾਉਣ ਸਮੇਂ ਉਹ ਸਾਰਿਆਂ ਕੋਲੋਂ ਛੁਪਾ ਕੇ ਆਟੇ ਅਤੇ ਸੁਆਹ ਨਾਲ ਡਰਾਉਣੀਆਂ ਅਕ੍ਰਿਤੀਆਂ ਬਣਾ ਕੇ ਰੱਖ ਦਿੰਦੀ ਸੀ ਤੇ ਘਰਦੇ ਜਦੋਂ ਦੇਖ ਕੇ ਡਰ ਜਾਂਦੇ ਤਾਂ ਕੁੱਝ ਸਮੇਂ ਬਾਅਦ ਉਹ ਇਨ੍ਹਾਂ ਨੂੰ ਚੋਰੀ ਛੁਪੇ ਗਾਇਬ ਕਰ ਦਿੰਦੀ ਸੀ, ਕਿਉਂਕਿ ਉਹ ਬਾਲਣ ਦੇ ਧੂੰਏ ਤੋਂ ਬਚਣ ਲਈ ਚੁੱਲ੍ਹੇ ਚੌਂਕੇ ਨਾਲੋਂ ਗੈਸ ਚੁੱਲੇ 'ਤੇ ਕੰਮ ਕਰਨਾ ਚੰਗਾ ਸਮਝਦੀ ਸੀ। ਇਨ੍ਹਾਂ ਸਾਰੀਆਂ ਘਟਨਾਵਾਂ ਨੂੰ ਉਹ ਕਿਸੇ ਗੈਬੀ ਭੂਤ-ਪ੍ਰੇਤ ਦੇ ਗਲ਼ 'ਮੜ੍ਹ' ਦਿੰਦੀ ਸੀ। ਅੰਤ ਵਿਚ ਮੈਂ ਘਰਦਿਆਂ ਨੂੰ ਵਿਸਥਾਰ ਨਾਲ ਸਮਝਾਇਆ ਕਿ ਰਾਜ ਰਾਣੀ ਨੂੰ ਆਪਣੀ ਧੀ ਵਾਂਗ ਹੀ ਸਮਝਿਆ ਜਾਵੇ। ਉਸ ਕੋਲੋਂ ਨੌਕਰਾਣੀਆਂ ਵਾਂਗ ਕੰਮ ਨਾ ਲਿਆ ਜਾਵੇ ਤੇ ਨਾ ਹੀ ਉਸ ਨਾਲ ਕਲਾ-ਕਲੇਸ਼ ਕੀਤਾ ਜਾਵੇ। ਰਾਜ ਰਾਣੀ ਦੀ ਇਹ ਮਜ਼ਬੂਰੀ ਦੂਰ ਕਰਕੇ ਹੀ ਮੈਂ ਉਸਨੂੰ ਘਟਨਾਵਾਂ ਕਰਨ ਤੋਂ ਰੋਕ ਸਕਿਆ ਸੀ।

ਜਦੋਂ ਅਸੀਂ ਆਖਰੀ ਵਾਰ ਰਾਜ ਰਾਣੀ ਨੂੰ ਘਟਨਨਾਵਾਂ ਕਰਨ ਤੋਂ ਰੋਕ ਕੇ ਵਾਪਸ ਆ ਰਹੇ ਸੀ ਤਾਂ ਮੇਰੇ ਨਾਲ ਦੇ ਸਾਥੀ ਨੇ ਮਜਾਕ ਵਿਚ ਆਖਿਆ ਕਿ, "ਇਹ ਤਾਂ ਘਰ ਵਿਚ ਕੱਪੜੇ ਕੱਟਣ ਵਾਲਾ ਭੂਤ-ਪ੍ਰੇਤ ਨਹੀਂ, ਚੁੜੇਲ ਸੀ।"

# ਅਵਾਰਾ ਕੁੱਤਿਆਂ ਤੋਂ ਕਿਵੇਂ ਬਚੀਏ

ਮੇਵਾ ਸਿੰਘ ਹੇੜੀਕੇ
ਫੋਨ: 01675-237178

ਕੁੱਤਾ ਇਨਸਾਨ ਦਾ ਬਹੁਤ ਵਫ਼ਾਦਾਰ ਜਾਨਵਰ ਹੈ। ਘਰ ਜਦੋਂ ਕਿਸੇ ਚੀਜ਼ ਦਾ ਵਾਧਾ ਹੱਦੋਂ ਵੱਧ ਹੋ ਜਾਂਦਾ ਹੈ ਤਾਂ ਲਾਭ ਦੀ ਜਗ੍ਹਾਂ ਹਾਨੀ ਹੋਣੀ ਸ਼ੁਰੂ ਹੋ ਜਾਂਦੀ ਹੈ। ਇਸਨੂੰ ਇਸ ਤਰੀਕੇ ਨਾਲ ਲਿਆ ਜਾਂਦਾ ਹੈ ਕਿ ਭੱਠ ਪਵੇ ਸੋਨਾ ਜਿਹੜਾ ਕੰਨਾਂ ਨੂੰ ਖਾਵੇ। ਇਸ ਸਮੇਂ ਕੁੱਤਿਆਂ ਦੀ ਗਿਣਤੀ ਪੂਰੇ ਦੇਸ਼ ਵਿਚ ਵਧ ਗਈ ਹੈ। ਇਹ ਇਸ ਲਈ ਕਿ ਇਨ੍ਹਾਂ ਦਾ ਵਾਧਾ ਹੋ ਗਿਆ ਹੈ ਕਿ ਕੁਝ ਸਾਲ ਪਹਿਲਾਂ ਸਰਕਾਰ ਨੇ ਪਾਰਲੀਮੈਂਟ ਵਿਚ ਇੱਕ ਬਿਲ ਜੀਵ ਸੁਰੱਖਿਆ-ਬਿਲ ਪਾਸ ਕਰ ਦਿੱਤਾ ਹੈ ਜਿਸਨੂੰ ਪਾਸ ਕਰਵਾਉਣ ਵਿਚ ਸ੍ਰੀਮਤੀ ਇੰਦਰਾਂ ਗਾਂਧੀ ਨੇ ਬਹੁਤ ਸਰਗਰਮੀ ਦਿਖਾਈ ਹੈ। ਇਸ ਤੋਂ ਪਹਿਲਾਂ ਸਾਰੇ ਹੀ ਦੇਸ਼ ਵਿਚ ਸਰਕਾਰੀ ਹਸਪਤਾਲਾਂ ਵਿਚ ਸੈਨੇਟਰੀ-ਇਨਸਪੈਕਟਰ ਹੁੰਦੇ ਸਨ ਅਤੇ ਕੁੱਤੇ ਮਾਰਨ ਵਾਲੀ ਦਵਾਈ ਵੀ ਮਿਲਦੀ ਸੀ। ਸੋ ਸਰਕਾਰ ਨੂੰ ਬੇਨਤੀ ਹੈ ਕਿ ਇਸ ਕਾਨੂੰਨ ਵਿਚ ਕੁਝ ਤਬਦੀਲੀ ਕਰਕੇ ਕੁੱਤਿਆਂ ਨੂੰ ਇਸ 'ਚੋਂ ਬਾਹਰ ਕੱਢਿਆ ਜਾਵੇ ਅਤੇ ਪਹਿਲਾਂ ਦੀ ਤਰ੍ਹਾਂ ਕੁੱਤੇ ਮਾਰਨ ਦੀ ਜ਼ਿੰਮੇਵਾਰੀ ਸਰਕਾਰ ਆਪ ਲਵੇ।

ਇਹ ਕਾਨੂੰਨ ਬਣ ਜਾਣ ਤੋਂ ਥੋੜ੍ਹੇ ਦਿਨ ਪਹਿਲਾਂ ਹੀ ਮੈਂ ਪਿੰਡ ਵਾਸੀਆਂ ਅਤੇ ਸਰਕਾਰੀ ਹਸਪਤਾਲ ਸ਼ੇਰਪੁਰ ਵਾਲਿਆਂ ਦੀ ਮੱਦਦ ਨਾਲ ਪਿੰਡ ਦੇ ਕੁੱਤੇ ਮਾਰ ਦਿੱਤੇ। ਜਦੋਂ ਅਸੀਂ ਕੁੱਤੇ ਮਾਰਨ ਵਾਲੀ ਦਵਾਈ ਅੱਗੇ ਰੱਖ ਰਹੇ ਸੀ ਤਾਂ ਕੁਝ ਲੋਕਾਂ ਨੇ ਸਾਨੂੰ ਗਾਲ੍ਹਾਂ ਵੀ ਕੱਢੀਆਂ। ਮਗਰੋਂ ਜਦੋਂ ਅਸੀਂ ਉਨ੍ਹਾਂ ਲੋਕਾਂ ਨੂੰ ਕੁੱਤਿਆਂ ਤੋਂ ਨੁਕਸਾਨ ਬਾਰੇ ਸਮਝਾਇਆ ਤਾਂ ਉਹ ਲੋਕ ਵੀ ਸਾਡੇ ਨਾਲ ਸਹਿਮਤ ਹੋ ਗਏ। ਮੇਰਾ ਨਾਂ ਲੈ ਕੇ ਕੁਝ ਲੋਕ ਇਹ ਕਹਿੰਦੇ ਵੀ ਸੁਣੇ ਗਏ ਕਿ ਮੇਵਾ ਸਿੰਘ ਹੁਣ ਕੁਝ ਹੀ ਦਿਨਾਂ ਦਾ ਪ੍ਰਾਹੁਣਾ ਹੈ। ਇਹ ਕੁੱਤਿਆਂ ਦੇ ਪਾਪ ਨਾਲ ਜਲਦੀ ਹੀ ਮਰ ਜਾਵੇਗਾ। ਹੁਣ ਕੁਝ ਦਿਨ ਪਹਿਲਾਂ ਮੈਂ ਸਾਡੇ ਪਿੰਡ ਦੀ ਦੁਕਾਨ ਤੋਂ ਸੌਦਾ ਲੈਣ ਗਿਆ ਤਾਂ ਦੁਕਾਨ ਵਾਲਾ ਲੜਕਾ ਜਿਹੜਾ ਉਸ ਸਮੇਂ ਛੋਟਾ ਸੀ ਕਹਿਣ ਲੱਗਾ ਦੇਖ ਲੋ ਮੇਵਾ ਸਿੰਘ ਹੁਣ ਵੀ ਸਹੀ ਸਲਾਮਤ ਫਿਰ ਰਿਹਾ ਹੈ। ਇਹ ਅਜੇ ਤੱਕ ਮਰਿਆ ਨਹੀਂ ਹੈ। ਲੋਕ ਕਹਿੰਦੇ ਸਨ ਕਿ ਇਹ ਛੇਤੀ ਮਰ ਜਾਵੇਗਾ।

ਇਹ ਸੋਚ ਜਿਹੜੀ ਮੈਂ ਪਿੰਡ ਵਾਸੀਆਂ ਦੀ ਲਿਖੀ ਹੈ ਇਹ ਜ਼ਿਆਦਾ ਕਰਕੇ ਅਨਪੜ੍ਹ ਲੋਕ ਹਨ ਪਰ ਜਿਹੜੇ ਅਸੀਂ ਦੇਸ਼ ਦਾ ਪ੍ਰਬੰਧ ਚਲਾਉਣ ਵਾਸਤੇ ਐਮ. ਐਲ. ਏ., ਐਮ. ਪੀ. ਵੋਟਾਂ ਪਾ ਕੇ ਭੇਜਦੇ ਹਾਂ ਇਹ ਤਾਂ ਪੜ੍ਹੇ ਲਿਖੇ ਹੁੰਦੇ ਹਨ। ਸੋ ਉਨ੍ਹਾਂ ਤੋਂ ਉਮੀਦ ਹੈ ਕਿ ਜੇ ਇਸ ਕਿਸਮ ਦਾ ਕੋਈ ਕਾਨੂੰਨ ਬਣ ਗਿਆ ਤਾਂ ਉਸ ਵਿਚ ਤਬਦੀਲੀ ਕਰਕੇ ਕੁੱਤਿਆਂ ਨੂੰ ਇਸ ਕਾਨੂੰਨ 'ਚੋਂ ਬਾਹਰ ਰੱਖਿਆ ਜਾਵੇ। ਇਹ ਕੋਈ ਪੱਥਰ 'ਤੇ ਲਕੀਰ ਤਾਂ ਨਹੀਂ ਹੈ ਜਿਹੜੀ ਮਿਟਾਈ ਨਹੀਂ ਜਾ ਸਕਦੀ।

ਖੁਸ਼ੀ ਦੀ ਗੱਲ ਇਹ ਹੈ ਕਿ ਸਾਡਾ ਦੇਸ਼ ਧਰਮ ਨਿਰਪੱਖ ਦੇਸ਼ ਹੈ। ਇੱਥੇ ਕੋਈ ਵੀ ਕਾਨੂੰਨ ਕਿਸੇ ਧਰਮ ਨੂੰ ਮੁੱਖ ਰੱਖਕੇ ਨਹੀਂ ਬਣਾਇਆ ਜਾਂਦਾ।

ਕਾਨੂੰਨ ਵਿਚ ਤਬਦੀਲੀ ਹੋਣ ਵਿਚ ਕੁਝ ਸਮਾਂ ਲੱਗ ਸਕਦਾ ਹੈ। ਕੁੱਤੇ ਆਪਣੀਆਂ ਟੋਲੀਆਂ ਬਣਾ ਕੇ ਹਰਲ ਹਰਲ ਕਰਦੇ ਫਿਰਦੇ ਰਹਿਣਗੇ। ਅਸੀਂ ਆਪਣੇ ਖੇਤਾਂ ਵਿਚ ਕੰਮ ਕਰਨ ਜਾਣਾ ਹੈ। ਬੱਚਿਆਂ ਨੇ ਸਕੂਲ ਜਾਣਾਂ ਹੈ। ਉਨ੍ਹਾਂ ਤੋਂ ਬਚਣ ਲਈ ਮੇਰੇ ਦੋ ਨਿੱਜੀ ਅਨੁਭਵ ਹਨ। ਤੁਸੀਂ ਵੀ ਅਪਨਾ ਕੇ ਦੇਖ ਸਕਦੇ ਹੋ।

ਪਹਿਲਾਂ ਤਜਰਬਾ ਇਹ ਹੈ ਕਿ ਮੇਰੀ ਉਮਰ ਉਸ ਸਮੇਂ ਦਸ ਬਾਰਾਂ ਸਾਲਾਂ ਦੀ ਸੀ। ਮੈਂ ਬਾਹਰਲੇ ਘਰੋਂ ਅੰਦਰਲੇ ਘਰ ਜਾ ਰਿਹਾ ਸੀ ਜਿਹੜਾ ਕਿ ਪਿੰਡ ਤੋਂ ਥੋੜ੍ਹੀ ਦੂਰ ਹੈ। ਸਿਰਫ ਇੱਕ ਟੋਬਾ ਹੀ ਵਿਚਕਾਰ ਹੈ। ਟੋਬੇ ਦੀ ਅੱਧੀ ਪ੍ਰਕਰਮਾ ਕਰਨ ਨਾਲ ਅੰਦਰਲੇ ਘਰ ਪਹੁੰਚ ਸਕਦੇ ਹਾਂ। ਮੈਂ ਰੋਜ਼ਾਨਾ ਹੀ ਬਾਹਰਲੇ ਘਰ ਤੋਂ ਅੰਦਰਲੇ ਘਰ ਮੂੰਹ ਹਨੇਰੇ ਹੀ ਜਾਂਦਾ ਸੀ। ਰਾਹ ਵਿਚ ਬਹੁਤ ਕੁੱਤੇ ਬੈਠੇ ਹੁੰਦੇ ਸਨ। ਮੈਨੂੰ ਕਦੇ ਵੀ ਭੌਂਕਦੇ ਨਹੀਂ ਸਨ। ਇਕ ਦਿਨ ਅਚਾਨਕ ਜਦੋਂ ਮੈਂ ਇਨ੍ਹਾਂ ਦੇ ਕੋਲ ਦੀ ਜਾਣ ਲੱਗਾ ਤਾਂ ਸਾਰੇ ਹੀ ਭੌਂਕਦੇ ਮੇਰੇ ਨਜ਼ਦੀਕ ਆਉਣ ਲੱਗੇ। ਪਹਿਲਾਂ ਤਾਂ ਮੈਂ ਥੋੜ੍ਹੀ ਦੂਰ ਤੁਰਦਾ ਗਿਆ ਪਰ ਜਦੋਂ ਜ਼ਿਆਦਾ ਹੀ ਮੇਰੇ ਨੇੜੇ ਆ ਗਏ ਤਾਂ ਮੈਂ ਬੁਰੀ ਤਰ੍ਹਾਂ ਡਰ ਗਿਆ। ਡਰਦੇ ਮਾਰੇ ਮੇਰੀ ਚੀਕ (ਲੇਰ) ਨਿਕਲ ਗਈ ਅਤੇ ਮੇਰੇ ਕੋਲੋਂ ਥੱਲੇ ਬੈਠਿਆ ਗਿਆ। ਇਸ ਤਰ੍ਹਾਂ ਕਰਨ ਨਾਲ ਕੁੱਤਿਆਂ ਨੂੰ ਡਰ ਹੋ ਗਿਆ ਕਿ ਮੈਂ ਉਨ੍ਹਾਂ ਦੇ ਥੱਲਿਓਂ ਚੁੱਕ ਕੇ ਕੋਈ ਇੱਟ ਪੱਥਰ ਮਾਰਨ ਲੱਗਾ ਹਾਂ। ਸਾਰੇ ਹੀ ਕੁੱਤੇ ਚੂੰ-ਚੂੰ ਕਰਕੇ ਦੂਰ ਭੱਜ ਗਏ। ਮੈਂ ਬਹੁਤ ਹੈਰਾਨ ਹੋਇਆ ਕਿ ਇਹ ਕੀ ਹੋ ਗਿਆ ਹੈ। ਮੈਂ ਖੁਦ ਉਨ੍ਹਾਂ ਤੋਂ ਡਰ ਗਿਆ ਸੀ। ਇਸਦੀ ਮੈਨੂੰ ਬਹੁਤ ਖੁਸ਼ੀ ਹੋਈ। ਇਕ ਬਚਾਉ ਦਾ ਤਰੀਕਾ ਵੀ ਹੱਥ ਲੱਗ ਗਿਆ। ਜੇਕਰ ਅੱਗੇ ਤੋਂ ਵੀ ਖਾਲੀ ਹੱਥ ਕੁੱਤੇ ਇਸ ਤਰ੍ਹਾਂ ਘੇਰਾ ਪਾ ਲੈਣ ਤਾਂ ਹੱਥ ਵਿਚ ਕੁਝ ਵੀ ਨਾ ਹੁੰਦਿਆਂ ਜ਼ਮੀਨ 'ਤੇ ਹੱਥ ਧਰ ਲਵੋ। ਕੁੱਤੇ ਸਮਝਣਗੇ ਕਿ ਹੁਣ ਥੱਲਿਓਂ ਇਹ ਪੱਥਰ ਚੁੱਕ ਕੇ ਮਾਰੇਗਾ। ਇਨ੍ਹਾਂ ਨੂੰ ਪਤਾ ਹੈ ਕਿ ਸੋਟੀ ਨਾਲੋਂ ਪੱਥਰ ਦੂਰ ਤੱਕ ਵਾਰ ਕਰਦਾ ਹੈ। ਸੋ ਇਸ ਤਰ੍ਹਾਂ ਮੇਰੀ ਜਾਨ ਕੁੱਤਿਆਂ ਤੋਂ ਬਚੀ।

ਦੂਸਰਾ ਤਜ਼ਰਬਾ ਕੁੱਤਿਆਂ ਬਾਰੇ ਮੇਰੀ ਨੌਕਰੀ ਸਮੇਂ ਹੋਇਆ। ਇਹ ਤਕਰੀਬਨ 1970 ਦੀ ਗੱਲ ਹੈ। ਜਦੋਂ ਉੱਤਰ ਪ੍ਰਦੇਸ਼ ਦੇ ਪਹਾੜਾਂ ਜੋਸ਼ੀ-ਮੱਠ ਵੱਲ ਹੜ੍ਹ ਆ ਗਏ ਸਨ। ਸੜਕਾਂ ਟੁੱਟ ਗਈਆਂ ਸਨ। ਬਹੁਤ ਸਾਰੀਆਂ ਗੱਡੀਆਂ ਨਦੀ 'ਚ ਬਹਿ ਗਈਆਂ ਸਨ। ਮੈਂ ਸੀਮਾਂ-ਸੜਕ-ਸੰਗਠਨ (ਸੀ. ਆਰ. ਈ. ਐਫ.) ਵਿਚ ਸਰਵਿਸ ਕੀਤੀ ਹੈ। ਉਸ ਸਮੇਂ ਸਾਡਾ ਆਰਜ਼ੀ ਕੈਂਪ ਚਮੋਲੀ ਤੋਂ ਦੋ ਕਿਲੋਮੀਟਰ ਉਪਰ ਵੱਲ ਸੀ। ਇੱਕ ਰਾਤ ਦੇ ਬਾਰਾਂ ਵਜੇ ਚਮੋਲੀ ਤੋਂ ਰਾਮ-ਲੀਲਾ ਦੇਖਕੇ ਮੈਂ ਅਤੇ ਮੇਰਾ ਇਕ ਸਾਥੀ ਵਾਪਿਸ ਕੈਂਪ 'ਚ ਸੜਕੇ-ਸੜਕੇ ਪੈਦਲ ਜਾ ਰਹੇ ਸੀ। ਇਕ ਜਮ੍ਹਾਂ ਖੁੱਲੀ ਜਿਹੀ ਥਾਂ ਦੇਖਕੇ ਸੜਕ ਦੇ ਇੱਕ ਪਾਸੇ ਬੱਕਰੀਆਂ ਵਾਲਿਆਂ ਨੇ ਆਪਣਾ ਪੜਾਅ ਕੀਤਾ ਹੋਇਆ ਸੀ। ਆਪ ਉਹ ਸੁੱਤੇ ਹੋਏ ਸਨ ਪਰ ਬੱਕਰੀਆਂ ਦੀ ਰਾਖੀ ਉਨ੍ਹਾਂ ਦੇ ਤਿੰਨ ਸ਼ੇਰਾਂ ਵਰਗੇ ਕੁੱਤੇ ਕਰ ਰਹੇ ਸਨ। ਅਸੀਂ ਉਨ੍ਹਾਂ ਦੇ ਕੋਲ ਦੀ ਸੜਕ ਰਾਹੀਂ ਅੱਗੇ ਜਾਣਾ ਚਾਹੁੰਦੇ ਸੀ। ਸਾਡੀ ਪੈੜ ਚਾਲ ਸੁਣਕੇ, ਕੁੱਤੇ ਸਾਡੇ ਵੱਲ ਭੌਂਕਦੇ-ਭੌਂਕਦੇ ਆਉਣ ਲੱਗੇ। ਇਹ ਦੇਖ ਕੇ ਮੇਰਾ ਸਾਥੀ ਭੱਜਕੇ ਪਿੱਛੇ ਮੋੜ 'ਤੇ ਜਾ ਖੜ੍ਹਾ ਹੋ ਗਿਆ ਅਤੇ ਆਪਣੇ ਹੱਥਾਂ ਵਿਚ ਪੱਥਰ ਚੁੱਕ ਲਏ। ਮੈਂ ਆਪਣੀ ਚਾਲ ਚਲਦਾ ਹੋਇਆ ਅੱਗੇ ਵਧਦਾ ਰਿਹਾ। ਸਾਥੀ ਮੈਨੂੰ ਅਵਾਜ਼ਾਂ ਮਾਰੇ ਕਿ ਪਿੱਛੇ ਆ ਜਾ। ਤੂੰ ਆਪ ਤਾਂ ਮਰੇਂਗਾ ਹੀ ਮੈਨੂੰ ਵੀ ਮਰਵਾਏਂਗਾ। ਅਖੀਰ ਮੈਂ ਇੱਜੜ ਦੇ ਕਾਫੀ ਨਜ਼ਦੀਕ ਪਹੁੰਚ ਗਿਆ। ਕੁੱਤੇ ਵੀ ਮੇਰੇ ਨੇੜੇ ਪਹੁੰਚ ਚੁੱਕੇ ਸਨ। ਮੇਰੇ ਕੋਲ ਪਹਿਲਾਂ ਇੱਕ ਕੁੱਤਾ ਪਹੁੰਚਿਆ ਜਿਹੜਾ ਦੂਜਿਆਂ ਨਾਲੋਂ ਤਕੜਾ ਸੀ। ਇਸਦੇ ਸਿਰ ਤੇ ਮੈਂ ਹੱਥ ਰੱਖ ਦਿੱਤਾ। ਇਸ ਤਰ੍ਹਾਂ ਕਰਨ ਦੀ ਦੇਰ ਸੀ ਕਿ ਇਹ ਮੇਰੇ ਪੈਰਾਂ ਨੂੰ ਚੱਟਣ ਲੱਗ ਗਿਆ। ਦੂਜੇ ਕੁੱਤੇ ਵੀ ਮੇਰੇ ਕੋਲ ਪਹੁੰਚ ਗਏ ਸਨ। ਇਹ ਵੀ ਚੁੱਪ ਕਰਕੇ ਕੋਲ ਖੜ੍ਹ ਗਏ। ਇਹ ਦੇਖ ਕੇ ਮੇਰਾ ਸਾਥੀ ਜਿਹੜਾ ਪਿੱਛੇ ਮੋੜ 'ਤੇ ਪੱਥਰ ਹੱਥਾਂ 'ਚ ਲਈ ਖੜ੍ਹਾ ਸੀ। ਉਹ ਪੱਥਰ ਸੁੱਟ ਕੇ ਮੇਰੇ ਨਾਲ ਆ ਰਲਿਆ ਸੀ। ਇੱਜੜ ਤੋਂ ਕਾਫੀ ਦੂਰ ਜਾਣ ਤੋਂ ਬਾਅਦ ਉਹ ਕਹਿਣ ਲੱਗਾ ਕਿ ਤੂੰ ਤਾਂ ਕਮਾਲ ਹੀ ਕਰ ਦਿੱਤੀ। ਜੇਕਰ ਅਸੀਂ ਬੱਕਰੀਆਂ ਵੱਲ ਜਾਂਦੇ ਤਾਂ ਕੁੱਤਿਆਂ ਨੇ ਉਸ ਪਾਸੇ ਸਾਨੂੰ ਜਾਣ ਨਹੀਂ ਦੇਣਾ ਸੀ। ਚੋਰ ਅਤੇ ਸਾਧ ਦੀ ਇਨ੍ਹਾਂ ਨੂੰ ਪਹਿਚਾਣ ਹੁੰਦੀ ਹੈ।

ਦੋ ਸੂਬੇ ਭਾਰਤ ਵਿਚ ਇਹੋ ਜਿਹੇ ਹਨ ਜਿੱਥੇ ਕੁੱਤਿਆਂ ਦੀ ਬਹੁਤ ਮੰਗ ਹੈ। ਇਹ ਹਨ ਨਾਗਾਲੈਂਡ ਅਤੇ ਮੀਜ਼ੋਰਮ। ਜਿਸ ਤਰ੍ਹਾਂ ਸਰਕਾਰ ਹੋਰ ਬਹੁਤ ਸਾਰੇ ਕੰਮਾਂ ਦੇ ਠੇਕੇ ਦੇ ਰਹੀ ਹੈ। ਇਸੇ ਤਰ੍ਹਾਂ ਕੁੱਤਿਆਂ ਦੇ ਵੀ ਠੇਕੇ ਦੇ ਕੇ ਇਨ੍ਹਾਂ ਦੋਵੇਂ ਸੂਬਿਆਂ ਨੂੰ ਭੇਜੇ ਜਾਣ। ਇਸ ਨਾਲ ਖੁਰਾਕ ਦਾ ਮਸਲਾ ਵੀ ਥੋੜ੍ਹਾ ਹੱਲ ਜਾਵੇਗਾ। ਕੁਝ ਆਮਦਨ ਵੀ ਵਧੇਗੀ। ਸਭ ਤੋਂ ਵੱਡੀ ਗੱਲ ਇਹ ਹੈ ਕਿ ਲੋਕਾਂ ਨੂੰ ਇਨ੍ਹਾਂ ਤੋਂ ਛੁਟਕਾਰਾ ਮਿਲ ਜਾਵੇਗਾ।

ਕੁੱਤਿਆਂ ਦੀ ਪੈਦਾਇਸ਼ ਦੇ ਵਿਚ ਵੀ ਹਰ ਸਾਲ ਵਾਧਾ ਹੋ ਰਿਹਾ ਹੈ। ਇੱਕ ਕੁੱਤੀ ਸਾਲ 'ਚ ਤਿੰਨ ਵਾਰ ਬੱਚੇ ਦਿੰਦੀ ਹੈ। ਜਿਹੜੇ ਗਿਣਤੀ 'ਚ ਤਰਕੀਬਨ ਅੱਠ ਦਸ ਹੁੰਦੇ ਹਨ। ਜੇਕਰ ਇਹ ਸਾਰੇ ਜਿੰਦਾ ਰਹਿਣ ਤਾਂ ਹੋਰ ਵੀ ਮੁਸ਼ਕਲ ਹੋ ਜਾਵੇ ਪਰ ਕੁਦਰਤ ਨੇ ਵੀ ਆਪਣਾ ਸੰਤੁਲਨ ਬਣਾਇਆ ਹੋਇਆ ਹੈ। ਇਨ੍ਹਾਂ ਵਿਚੋਂ ਕੁਝ ਠੰਢ ਨਾਲ ਕੁਝ ਗੱਡੀਆਂ ਥੱਲੇ ਆ ਕੇ ਮਰ ਜਾਂਦੇ ਹਨ। ਸੋ ਇਨ੍ਹਾਂ ਅਵਾਰਾ ਕੁੱਤਿਆਂ ਨੂੰ ਇਸ ਤਰ੍ਹਾਂ ਪਿੰਡਾਂ, ਸ਼ਹਿਰਾਂ 'ਚ ਨਹੀਂ ਰਹਿਣ ਦੇਣਾ ਚਾਹੀਦਾ। ਸਿਰਫ਼ ਇਨ੍ਹਾਂ ਦਾ ਇੱਕੋ ਹੱਲ ਹੈ ਇਨ੍ਹਾਂ ਦਾ ਸਫਾਇਆ ਕਰਨਾ।

# ਮੁਕਾਬਲੇ ਵਾਲੀ ਭਾਵਨਾ ਵਾਲਾ ਬਚਪਨ

ਅਜਮੇਰ ਸਿੱਧੂ

ਮੈਂ ਜਦੋਂ ਆਪਣੇ ਪਿੰਡ ਜਾਫ਼ਰਪੁਰ ਪਹਿਲੀ-ਦੂਜੀ ਦੇ ਪ੍ਰਾਇਮਰੀ ਸਕੂਲ ਵਿਚ ਪੜ੍ਹਦਾ ਸੀ, ਉਦੋਂ ਦਾ ਪਹਿਲੀ ਦੂਜੀ ਜਮਾਤਾਂ ਦਾ ਕੁਝ ਯਾਦ ਨਹੀਂ। ਹਾਂ, ਤੀਜੀ ਜਮਾਤ ਦਾ ਕਾਫ਼ੀ ਕੁਝ ਯਾਦ ਹੈ। ਪਹਿਲੀ ਅਪ੍ਰੈਲ ਨੂੰ ਸਾਡੀ ਜਮਾਤ ਦੀ ਪੜ੍ਹਾਈ ਸ਼ੁਰੂ ਹੋਈ ਸੀ। ਮੈਂ ਉਸ ਦਿਨ ਸਕੂਲ ਗਿਆ। ਸ਼ਾਮ ਨੂੰ ਘਰ ਰਿਸ਼ਤੇਦਾਰ ਆ ਗਏ। ਮੈਂ ਉਨ੍ਹਾਂ ਨਾਲ ਵਾਂਢੇ ਚਲਾ ਗਿਆ। ਕਈ ਦਿਨ ਮੁੜ ਕੇ ਨਾ ਆਇਆ। ਵਾਢੀ ਦੀਆਂ ਛੁੱਟੀਆਂ ਵੀ ਆ ਗਈਆਂ। ਛੁੱਟੀਆਂ ਮੁੱਕੀਆਂ ਤਾਂ ਭਾਪਾ ਜੀ ਲੈਣ ਆ ਗਏ ਸਨ। ਮੈਂ ਦੋ ਕੁ ਦਿਨ ਸਕੂਲ ਗਿਆ ਹੋਵਾਂਗਾ, ਮੁੜ ਕਿਸੇ ਹੋਰ ਰਿਸ਼ਤੇਦਾਰੀ ਵਿਚ ਚਲਾ ਗਿਆ। ਗਰਮੀਆਂ ਦੀਆਂ ਛੁੱਟੀਆਂ ਵਿਚ ਹੋਰ ਰਿਸ਼ਤੇਦਾਰੀ ਵਿਚ ਚਲਾ ਗਿਆ। ਸਕੂਲ ਖੁੱਲ੍ਹੇ ਤਾਂ ਇਕ ਹਫ਼ਤਾ ਸਕੂਲ ਜਾਂਦਾ ਰਿਹਾ। ਹਫ਼ਤੇ ਬਾਅਦ ਮੁੜ ਪਹਿਲੀਆਂ ਹੀ ਰਿਸ਼ਤੇਦਾਰੀਆਂ ਵਿਚ ਘੁੰਮਣ ਫਿਰਨ ਲੱਗ ਪਿਆ। ਮੈਂ ਨਾ ਸਕੂਲ ਜਾਂਦਾ। ਨਾ ਆਪਣੇ ਘਰ ਟਿਕਦਾ। ਬੱਸ ਜਿਸ ਵੀ ਰਿਸ਼ਤੇਦਾਰ ਨੇ ਆਉਣਾ, ਮੈਂ ਉਹਦੇ ਨਾਲ ਜਾਣ ਨੂੰ ਤਿਆਰ ਹੋ ਜਾਂਦਾ। ਬੀਬੀ ਭਾਪਾ ਬਥੇਰੇ ਰੋਕਦੇ। ਮੈਂ ਨਾ ਮੰਨਦਾ। ਪੂਰੀ ਅੜੀ ਕਰਦਾ। ਰਿਸ਼ਤੇਦਾਰ ਬੀਬੀ ਭਾਪੇ ਨੂੰ ਮਨਾ ਲੈਂਦੇ। ਮੈਨੂੰ ਆਪਣੇ ਪਿੰਡ ਲੈ ਜਾਂਦੇ। ਘਰਦਿਆਂ ਨੂੰ ਮੇਰੇ ਸਕੂਲ ਨਾ ਜਾਣ ਦਾ ਫ਼ਿਕਰ ਸੀ। ਮੇਰਾ ਪੜ੍ਹਨ ਵਿੱਚ ਉੱਕਾ ਹੀ ਧਿਆਨ ਨਹੀਂ ਸੀ। ਮੈਂ ਤਾਂ ਬੱਸ ਘੁੰਮਣ ਫਿਰਨ ਨੂੰ ਤਰਜੀਹ ਦਿੰਦਾ। ਜੇ ਮੈਂ ਪਿੰਡ ਵੀ ਹੁੰਦਾ ਤਦ ਵੀ ਘਰ ਨਾ ਬੈਠਦਾ। ਆਪਣੇ ਸਾਥੀਆਂ ਨਾਲ ਖੇਡਦਾ ਰਹਿੰਦਾ।

ਇਕ ਦਿਨ ਮੇਰੀ ਅਧਿਆਪਿਕਾ ਨੇ ਮੇਰੇ ਭਰਾ ਸਤਨਾਮ ਸਿੰਘ ਨੂੰ ਸਕੂਲ ਸੱਦਿਆ। ਉਹਨੂੰ ਸਾਫ਼ ਕਹਿ ਦਿੱਤਾ, "ਕਾਕਾ, ਜਾਂ ਤਾਂ ਇਹਨੂੰ ਹਟਾ ਲਓ ਜਾਂ ਇਹਨੂੰ ਰਿਸ਼ਤੇਦਾਰੀਆਂ ਵਿਚ ਭੇਜਣਾ ਬੰਦ ਕਰੋ। ਜੇ ਇਹਨੂੰ ਪੜ੍ਹਾਉਣਾ ਹੈ ਤਾਂ ਰੋਜ਼ ਸਕੂਲ ਭੇਜੋ।"

ਮੇਰੀ ਅਧਿਆਪਿਕਾ ਬਲਦੇਵ ਕੌਰ ਸੀ। ਉਹ ਬਹੁਤ ਮਿਹਨਤੀ ਤੇ ਇਮਾਨਦਾਰ ਸੀ। ਉਹ ਮੇਰੇ ਮਗਰ ਹੱਥ ਧੋ ਕੇ ਪੈ ਗਏ। ਮੇਰਾ ਸਕੂਲ ਵਿੱਚ ਚਿੱਤ ਨਾ ਲੱਗਦਾ। ਰੋਜ਼ ਮਨ ਕਰਨਾ ਕਿ ਕਿਸੇ ਰਿਸ਼ਤੇਦਾਰੀ ਵਿਚ ਚਲਾ ਜਾਵਾਂ। ਪਰ ਮੇਰਾ ਭਰਾ ਸਤਨਾਮ ਰੋਜ਼ ਮੈਨੂੰ ਸਕੂਲ ਛੱਡ ਕੇ ਜਾਂਦਾ। ਅੱਗੋਂ ਮੇਰੀ ਅਧਿਆਪਿਕਾ ਮੈਨੂੰ ਸੰਭਾਲ ਲੈਂਦੀ। ਉਹ ਮੈਨੂੰ ਬਥੇਰਾ ਪੜ੍ਹਾਉਣ ਦੀ ਕੋਸ਼ਿਸ਼ ਕਰਦੀ ਪਰ ਮੈਂ ਪੜ੍ਹਾਈ ਵਿਚ ਮਨ ਨਾ ਲਾਉਂਦਾ। ਉਹ ਪ੍ਰੇਸ਼ਾਨ ਹੋ ਉੱਠਦੀ ਪਰ ਹਾਰ ਨਾ ਮੰਨਦੀ। ਭਰਾ ਨੂੰ ਕਹਿੰਦੀ ਇਹਨੂੰ ਘਰ ਪੜ੍ਹਾਇਆ ਕਰ। ਮੈਂ ਕਿਥੋਂ ਪੜ੍ਹਨ ਵਾਲਾ ਸੀ? ਜਿੱਦਣ ਕਿਸੇ ਰਿਸ਼ਤੇਦਾਰ ਨੇ ਆਉਣਾ, ਉਸ ਦਿਨ ਕਲੇਸ਼ ਜ਼ਰੂਰ ਹੋਣਾ। ਮੈਂ ਉਨ੍ਹਾਂ ਨਾਲ ਜਾਣ ਨੂੰ ਹੱਥ ਪੈਰ ਮਾਰਨੇ, ਲਿਟ ਜਾਣਾ। ਪਰ ਭਰਾ ਕਿਸੇ ਦੀ ਚਲਣ ਨਾ ਦਿੰਦਾ। ਮੈਨੂੰ ਕਾਬੂ ਕਰ ਲੈਂਦਾ।

ਸਤੰਬਰ ਜਾਂ ਅਕਤੂਬਰ ਦਾ ਮਹੀਨਾ ਹੋਏਗਾ। ਅਧਿਆਪਿਕਾ ਕਈ ਦਿਨਾਂ ਤੋਂ ਛੋਟੀ ਤਕਸੀਮ ਦੇ ਸਵਾਲ ਸਮਝਾ ਰਹੀ ਸੀ। ਉਹਨੀਂ ਸਾਰੀਆਂ ਤਕਸੀਮ ਵਾਲੀਆਂ ਨੰਬਰੀਆਂ ਕਰਵਾ ਦਿੱਤੀਆਂ ਸਨ। ਹੁਣ ਟੈਸਟ ਲੈਣੇ ਸਨ। ਪਹਿਲੇ ਕੁਝ ਦਿਨ ਟੈਸਟ ਮੋਨੀਟਰ ਨੇ ਲੈਣੇ ਸਨ। ਬਾਅਦ ਵਿਚ ਅਧਿਆਪਿਕਾ ਨੇ। ਮੈਡਮ ਜੀ ਮੋਨੀਟਰ ਨੂੰ ਟੈਸਟ ਦਾ ਕਹਿ ਕੇ ਆਪ ਬਾਕੀ ਸਟਾਫ਼ ਮੈਂਬਰਾਂ ਕੋਲ ਜਾ ਬੈਠੇ। ਮੋਨੀਟਰ ਨੇ ਚਾਰ ਇਕੱਠੇ ਸਵਾਲਾਂ ਦੀ ਰਕਮ ਬਲੈਕ ਬੋਰਡ ਉੱਤੇ ਲਿਖ ਦਿੱਤੀ। ਅਸੀਂ ਸਲੇਟਾਂ 'ਤੇ ਸਵਾਲ ਕੱਢਣ ਲੱਗ ਪਏ। ਮੈਨੂੰ ਕਿਹੜਾ ਸਵਾਲ ਆਉਂਦੇ ਸਨ? ਤਕਸੀਮ ਆਉਣ ਲਈ ਜੋੜ, ਘਟਾਓ, ਗੁਣਾ ਤੇ ਪਹਾੜੇ ਆਉਣੇ ਜ਼ਰੂਰੀ ਹੁੰਦੇ ਹਨ। ਮੈਨੂੰ ਕੁਝ ਵੀ ਨਹੀਂ ਸੀ ਆਉਂਦਾ। ਇਕ-ਇਕ ਕਰਕੇ ਬੱਚੇ ਸਵਾਲ ਕੱਢਕੇ ਖੜ੍ਹੇ ਹੋਈ ਜਾਂਦੇ, ਚੈੱਕ ਕਰਵਾ ਕੇ ਬੈਠੀ ਜਾਂਦੇ। ਮੋਨੀਟਰ ਨੇ ਕਿਹਾ ਜਿਹਨਾਂ ਨੂੰ ਨਹੀਂ ਆਉਂਦੇ ਉਹ ਖੜ੍ਹੇ ਹੋ ਜਾਓ। ਮੈਂ ਬੈਠਾ ਰਿਹਾ। ਮੋਨੀਟਰ ਨੇ ਮੇਰੇ ਲੱਤ ਮਾਰੀ। ਮੈਂ ਉਹਦੀ ਲੱਤ ਫੜ ਲਈ। ਉਹ ਹੇਠਾਂ ਡਿੱਗ ਪਈ। ਉਸੇ ਵੇਲੇ ਰੋਣ ਲੱਗ ਪਈ। ਦੂਜੇ ਨੰਬਰ ਦੀ ਮੋਨੀਟਰਨੀ ਮਨਜੀਤ ਸੀ। ਉਹ ਮੈਡਮ ਜੀ ਨੂੰ ਲੈ ਆਈ। ਮੈਡਮ ਜੀ ਦੇ ਹੱਥ ਵਿੱਚ ਡੰਡਾ ਸੀ। ਉਹਨੀਂ ਨਾ ਆਹ ਵੇਖਿਆ ਤੇ ਨਾ ਤਾਅ, ਡੰਡਾ ਵਰਾਉਣਾ ਸ਼ੁਰੂ ਕਰ ਦਿੱਤਾ। ਮੇਰਾ ਅੰਗ-ਅੰਗ ਭੰਨ ਦਿੱਤਾ। ਮੈਂ ਨਾਲੇ ਰੋਈ ਜਾਵਾਂ ਤੇ ਨਾਲੇ ਕਹੀ ਜਾਵਾਂ।

"ਇਹਨੇ ਮੇਰੇ ਲੱਤ ਮਾਰੀ ਸੀ।"



"ਤੂੰ ਵੀ ਪੜ੍ਹਿਆ ਕਰ। ਬਣ ਲੈ ਮੋਨੀਟਰ। ਫੇਰ ਤੂੰ ਵੀ ਲੱਤਾਂ ਮਾਰ ਲਈਂ।... ਮੋਨੀਟਰ ਬਣਨ ਲਈ, ਮਾਸਟਰ ਬਣਨ ਲਈ, ਪ੍ਰਧਾਨ ਮੰਤਰੀ ਬਣਨ ਲਈ, ਲੇਖਕ ਬਣਨ ਲਈ ਪੜ੍ਹਨਾ ਪੈਂਦਾ। ਤੂੰ ਤਾਂ ਬਣਿਆ ਏ ਵੱਡਾ ਯਾਤਰੂ। ਕਦੇ ਕਿਤੇ ਚਲੇ ਗਿਆ। ਸਕੂਲ ਵੜਨ ਦਾ ਨਾਂ ਨਈਂ ਲੈਂਦਾ। ਸਵਾਲ ਕਿਥੋਂ ਆ ਜਾਣੇ ਹਨ।" ਮੈਡਮ ਜੀ ਡੰਡੇ ਮਾਰੀ ਜਾ ਰਹੇ ਸਨ।

ਸਾਡੇ ਮੁੱਖ ਅਧਿਆਪਿਕ ਆ ਗਏ ਸਨ। ਉਨ੍ਹਾਂ ਮੈਡਮ ਜੀ ਨੂੰ ਸ਼ਾਂਤ ਕੀਤਾ ਸੀ। ਉਨ੍ਹਾਂ ਤੋਂ ਡੰਡਾ ਫੜ ਕੇ ਕਹਿਣ ਲੱਗੇ,

"ਓਏ ਤੂੰ ਬਾਬੇ ਨਾਨਕ ਦੀ ਰੀਸ ਕਰਦਾਂ। ਉਹ ਤਾਂ ਦੁਨੀਆਂ ਨੂੰ ਸਿੱਖਿਆ ਦੇਣ ਲਈ ਯਾਤਰਾਵਾਂ ਕਰਦੇ ਸਨ। ਯਾਤਰਾਵਾਂ ਵੱਡੇ ਤੇ ਮਹਾਨ ਬੰਦੇ ਕਰਦੇ ਆ। ਮਹਾਰਾਜ, ਪਹਿਲਾਂ ਪੜ੍ਹ ਲਵੋ। ਕੁਝ ਸਿੱਖ ਲਵੋ। ਫੇਰ ਭਾਵੇਂ ਸਾਰੀ ਦੁਨੀਆਂ ਘੁੰਮ ਲਈ।" ਉਹ ਵਾਰ ਵਾਰ ਅਸਮਾਨ ਵੱਲ ਹੱਥ ਜੋੜ ਰਹੇ ਸਨ। ਜਿਵੇਂ ਗੁਰੂ ਨਾਨਕ ਜੀ ਨੂੰ ਮੱਥਾ ਟੇਕ ਰਹੇ ਹੋਣ।

ਮੈਂ ਰੋ ਰੋ ਕੇ ਆਪਣਾ ਬੁਰਾ ਹਾਲ ਕਰ ਲਿਆ ਸੀ। ਬੱਸ ਇਕ ਗੱਲ ਮਨ ਵਿਚ ਧਾਰ ਲਈ ਕਿ ਮੋਨੀਟਰ ਬਣਨਾ ਹੈ ਤੇ ਉਸ ਕੁੜੀ ਦੇ ਲੱਤ ਮਾਰਨੀ ਹੈ। ... ਵਿਚ ਵਿਚ ਇਹ ਵੀ ਸੋਚਦਾ ਕਿ ਦੱਬ ਕੇ ਪੜ੍ਹਾਂ। ਮਾਸਟਰ ਪ੍ਰਧਾਨ ਮੰਤਰੀ ਜਾਂ ਲੇਖਕ ਬਣਨ ਦਾ ਵੀ ਸੋਚਦਾ ਰਿਹਾ। ਉਸ ਰਾਤ ਮੈਂ ਸੁੱਤਾ ਨਾ। ਸਾਰੀ ਰਾਤ ਏਹੀ ਬੁਣਤੀਆਂ ਬੁਣਦਾ ਰਿਹਾ। ਮੋਨੀਟਰ ਬਣ ਕੇ ਲੱਤ ਮਾਰਨ ਵਾਲੀ ਗੱਲ ਜ਼ਿਆਦਾ ਘਰ ਕਰ ਗਈ। ਮੈਂ ਅਗਲੇ ਦਿਨ ਤੋਂ ਭਰਾ ਕੋਲ ਬੈਠ ਕੇ ਪੜ੍ਹਨ ਲੱਗ ਪਿਆ। ਸਭ ਤੋਂ ਪਹਿਲਾ ਉਹਨੇ ਮੈਨੂੰ ਗਿਣਤੀ ਸਿਖਾਈ। ਫੇਰ ਜੋੜ ਕਰਨਾ ਤੇ ਘਟਾਓ ਦੇ ਸਵਾਲ। ਪਹਾੜੇ ਸਾਡੇ ਸਕੂਲ ਵਿੱਚਅਹੀ ਬਹੁਤ ਯਾਦ ਕਰਾਉਂਦੇ ਸਨ। ਪ੍ਰਾਰਥਨਾ ਵੇਲੇ ਤੇ ਛੁੱਟੀ ਦੇ ਟਾਇਮ ਵਾਰ-ਵਾਰ ਪਹਾੜੇ ਬੁਲਾਉਂਦੇ ਸਨ। ਮੈਂ ਪਹਾੜਿਆਂ ਵਿਚ ਧਿਆਨ ਦੇਣ ਲੱਗ ਪਿਆ ਸੀ। ਪਹਾੜੇ ਯਾਦ ਹੁੰਦਿਆਂ ਹੀ ਭਰਾ ਨੇ ਗੁਣਾ ਤੇ ਤਕਸੀਮ ਵੀ ਸਿਖਾ ਦਿੱਤੀ ਸੀ। ਜਿਹੜੀ ਸਾਡੀ ਦਸੰਬਰ ਮਹੀਨੇ ਦੀ ਪ੍ਰੀਖਿਆ ਹੋਈ। ਨਵੇਂ

ਸਾਲ ਦੇ ਪਹਿਲੇ ਦਿਨ ਸਕੂਲ ਜਾਂਦਿਆਂ ਹੀ ਪੇਪਰ ਮਿਲੇ। ਮੈਂ ਲਗਭਗ ਸਾਰੇ ਵਿਸ਼ਿਆਂ ਵਿੱਚੋਂ ਹੀ ਅੱਗੇ ਸੀ। ਪਰ ਮੈਡਮ ਨੇ ਮੈਨੂੰ ਮੋਨੀਟਰ ਨਾ ਬਣਾਇਆ। ਮੋਨੀਟਰ ਦਾ ਸਿਹਰਾ ਮੇਰੇ ਸਿਰ 'ਤੇ ਸਲਾਨਾ ਪ੍ਰੀਖਿਆ ਦੇ ਨਤੀਜੇ ਵੇਲੇ ਹੀ ਬੱਝਾ। ਉਸ ਕੁੜੀ ਨੇ ਵੀ ਮੁੜ ਮੋਨੀਟਰ ਬਣਨ ਦੇ ਬਥੇਰੇ ਯਤਨ ਕੀਤੇ ਪਰ ਮੈਂ ਪੰਜਵੀਂ ਤੱਕ ਅੱਗੇ ਨਾ ਆਉਣ ਦਿੱਤੀ। ਉਹ ਦੂਜੇ ਨੰਬਰ 'ਤੇ ਵੀ ਨਾ ਰਹੀ। ਤੀਜੇ ਨੰਬਰ ਤੇ ਜਾ ਪੁੱਜੀ। ਛੇਵੀਂ ਜਮਾਤ ਤੋਂ ਮੈਂ ਸ਼ਹਿਰ ਪੜ੍ਹਨ ਲੱਗ ਪਿਆ ਤੇ ਉਹ ਲਾਗਲੇ ਪਿੰਡ। ਮੁੜ ਕੇ ਮੈਨੂੰ ਉਹਦੀ ਖ਼ਬਰ ਨਾ ਰਹੀ। ਹਾਂ, ਜਦੋਂ ਮੈਂ 10+1 ਵਿੱਚ ਨਾਨ-ਮੈਡੀਕਲ ਦੇ ਵਿਸ਼ੇ ਲੈ ਕੇ ਪੜ੍ਹਨ ਲੱਗਾ, ਉਦੋਂ ਉਹ ਕਿਸੇ ਹੋਰ ਸਕੂਲ ਵਿਚ ਆਰਟਸ ਦੇ ਵਿਸ਼ੇ ਰੱਖ ਕੇ ਪੜ੍ਹਨ ਲੱਗੀ ਸੀ। ਪਰ ਮੈਂ ਉਹਨੂੰ ਦੋ ਸਾਲ ਤੋਂ ਬਾਅਦ ਸ਼ਹਿਰ ਨਾ ਦੇਖਿਆ।

ਮੈਂ ਪੜ੍ਹਾਈ ਦੇ ਮਾਮਲੇ ਵਿਚ ਲੀਹ 'ਤੇ ਤੀਜੀ ਚੌਥੀ ਵਿਚ ਹੀ ਆ ਗਿਆ ਸੀ। ਫਿਰ ਤਾਂ ਮੇਰੇ ਸਾਹਮਣੇ ਅੱਗੇ ਵਧਣ ਦਾ ਨਿਸ਼ਾਨ ਹੀ ਰਿਹਾ। ਸਕੂਲ ਟਾਈਮ ਤੇ ਤਾਂ ਮੈਂ ਕਿਤਾਬਾਂ ਨੂੰ ਹੀ ਚੁੰਬੜਿਆ ਰਿਹਾ। ਕਾਲਜ ਜਾ ਕੇ ਮੈਂ ਫਿਰ ਘੁੰਮਣ ਫਿਰਨ ਲੱਗ ਪਿਆ ਸੀ। ਮੈਨੂੰ ਕਦੇ ਮਾਲਵੇ ਦਾ, ਕਦੇ ਮਾਝੇ ਦਾ ਕਦੇ ਕੋਈ ਜ਼ਿਲ੍ਹਾ ਦੇਖਣ ਦਾ ਝੱਸ ਉੱਠਣਾ ਮੈਂ ਪਿੰਡਾਂ ਦੇ ਘਰ, ਰਹਿਣ ਸਹਿਣ, ਘਰਾਂ ਦੀ ਬਣਤਰ, ਬੋਲੀ, ਪਹਿਰਾਵਾ ਦੇਖਣ ਤੁਰੇ ਰਹਿਣਾ। ਫਿਰ ਮੈਂ ਦੂਜੀਆਂ ਸਟੇਟਾਂ ਵਿਚ ਘੁੰਮਣ ਲੱਗ ਪਿਆ। ਮੈਨੂੰ ਅਮਰੀਕਾ ਵਰਗੇ ਮੁਲਕਾਂ ਵਿਚ ਜਾਣ ਦਾ ਮੌਕਾ ਵੀ ਮਿਲਦਾ ਰਹਿੰਦਾ ਹੈ। ਮੈਨੂੰ ਲਗਦੈ ਇਕ ਲੇਖਕ ਨੂੰ ਘੁਮੱਕੜ ਜ਼ਰੂਰ ਹੋਣਾ ਚਾਹੀਦਾ ਹੈ। ਜਿੰਨੀਆਂ ਦਿਸ਼ਾਵਾਂ ਦੀ ਉਹ ਯਾਤਰਾ ਕਰੇਗਾ, ਉਹਦੇ ਕੋਲ ਗਿਆਨ ਹੋਏਗਾ। ਉਹਦੀਆਂ ਰਚਨਾਵਾਂ ਵਿਚ ਵੀ ਵੰਨ ਸੁਵੰਨਤਾ ਹੋਏਗੀ। ਉਹ ਦੂਜੇ ਸੱਭਿਆਚਾਰਾਂ ਦੇ ਚੰਗੇ ਗੁਣ ਸਾਹਿਤ ਵਿਚ ਲਿਆਏਗਾ। ਸਾਹਿਤ ਘਰਾਂ ਅੰਦਰ ਡੱਕ ਕੇ ਸਿਰਜਣਾ ਕਰਨ ਵਾਲੀ ਸ਼ੈਅ ਨਹੀਂ ਹੈ। ਤੇ ਨਾ ਹੀ ਇਹ ਟੇਬਲ ਮਾਰਕਿੰਗ ਹੈ। ਇਸ ਸਿਰਜਣਾ ਲਈ ਬਹੁਤ ਸਾਰੇ ਅਨੁਭਵ ਦੀ ਲੋੜ ਹੁੰਦੀ ਹੈ। ਇਹ ਸਾਨੂੰ ਕਿਤਾਬਾਂ ਵਿਚੋਂ ਵੀ ਮਿਲਦਾ ਹੈ ਤੇ ਆਲੇ ਦੁਆਲੇ ਖੇਤਰਾਂ ਵਿਚ ਘੁੰਮ ਫਿਰ ਕੇ ਵੀ। ਪਰ ਪੜ੍ਹਾਈ ਅਤੇ ਗਿਆਨ ਤੋਂ ਬਿਨਾ ਸਾਹਿਤ ਸਿਰਜਣਾ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ।

ਜਦੋਂ ਮੈਂ ਚੌਥੀ ਜਮਾਤ ਵਿਚ ਪੜ੍ਹਦਾ ਸੀ। ਮੇਰੇ ਭਾਪੇ ਕੋਲ ਚੌਵੀ ਇੰਚ ਦਾ ਸਾਇਕਲ ਹੁੰਦਾ ਸੀ। ਉਦੋਂ ਬਾਈ ਜਾਂ ਚੌਵੀ ਇੰਚ ਦੇ ਹੀ ਸਾਇਕਲ ਹੁੰਦੇ ਸਨ। ਚੌਵੀ ਇੰਚ ਦਾ ਸਾਇਕਲ ਵੱਡਾ ਸੀ। ਉਹਦੇ ਉੱਤੇ ਚੜ੍ਹ ਕੇ ਸਾਇਕਲ ਚਲਾਉਣਾ ਮੇਰੇ ਵਰਗੇ ਬੱਚੇ ਲਈ ਔਖਾ ਸੀ। ਪਰ ਮੈਂ ਕੈਂਚੀ ਸਾਇਕਲ ਚਲਾ ਲੈਂਦਾ ਸੀ। ਜਦੋਂ ਮੈਂ ਪੰਜਵੀਂ ਜਮਾਤ ਵਿਚ ਵੀ ਪੜ੍ਹਨ ਲੱਗ ਪਿਆ, ਉਦੋਂ ਵੀ ਮੈਂ ਕੈਂਚੀ ਸਾਇਕਲ ਹੀ ਚਲਾਉਂਦਾ ਸੀ। ਮੈਂ ਜਮਾਤ ਦਾ ਮੋਨੀਟਰ ਸੀ। ਮੈਥੋਂ ਦੂਜੇ ਨੰਬਰ 'ਤੇ ਮੋਨੀਟਰ ਮਨਜੀਤ ਸੀ। ਇਕ ਦਿਨ ਉਹ ਛੁੱਟੀ ਤੋਂ ਬਾਅਦ ਸਾਇਕਲ ਚਲਾਉਂਦੀ ਸਕੂਲ ਦੀ ਗਰਾਊਂਡ ਵਿਚ ਆ ਵੜੀ। ਭਾਵੇਂ ਉਹਦਾ ਸਾਇਕਲ ਬਾਈ ਇੰਚ ਦਾ ਸੀ। ਪਰ ਉਹਨੂੰ ਸਾਇਕਲ 'ਤੇ ਚੜ੍ਹੀ ਦੇਖ ਕੇ ਮੈਂ ਸ਼ਰਮਿੰਦਾ ਜਿਹਾ ਹੋ ਗਿਆ। ਪਿੰਡ ਦੇ ਹੋਰ ਮੁੰਡੇ ਜੋ ਸੱਤਵੀਂ-ਅੱਠਵੀਂ ਵਿਚ ਪੜ੍ਹਦੇ ਸਨ, ਮੇਰਾ ਮਜ਼ਾਕ ਉਡਾਉਣ ਲੱਗੇ।

"ਓਏ, ਦੇਖ ਲੈ ਤੇਰੀ ਜਮਾਤਣ ਕਾਠੀ 'ਤੇ ਬੈਠ ਕੇ ਸਾਇਕਲ ਚਲਾਉਂਦੀ ਆ। ਤੇ ਤੂੰ...। ਸ਼ਰਮ ਕਰ। ਤੂੰ ਮੁੰਡਾ ਹੋ ਕੇ ਸਾਇਕਲ ਨਈਂ ਚਲਾ ਸਕਦਾ।"

ਜਿਉਂ ਹੀ ਉਹ ਗਰਾਊਂਡ ਵਿੱਚੋਂ ਬਾਹਰ ਹੋਈ, ਮੈਂ ਘਰੋਂ ਸਾਇਕਲ ਚੁੱਕ ਲਿਆਇਆ। ਉਪਰ ਚੜ੍ਹਨ ਦੀ ਕੋਸ਼ਿਸ਼ ਕਰਦਾ, ਸਫ਼ਲ ਨਾ ਹੁੰਦਾ। ਡਿੱਗ ਪੈਂਦਾ। ਮਨਜੀਤ ਸਾਇਕਲ ਚਲਾਉਂਦੀ ਚੇਤੇ ਆ ਜਾਂਦੀ। ਮੈਂ ਸਾਇਕਲ 'ਤੇ ਚੜ੍ਹਨ ਲਈ ਬਜਿੱਦ ਸੀ। ਮੈਨੂੰ ਚਾਰ ਪੰਜ ਵੱਡੇ ਮੁੰਡਿਆਂ ਨੇ ਫੜ ਕੇ ਸਾਇਕਲ ਦੀ ਕਾਠੀ 'ਤੇ ਬਿਠਾ ਦਿੱਤਾ ਤੇ ਪਿੱਛੋਂ ਧੱਕਾ ਮਾਰ ਦਿੱਤਾ। ਮੇਰੇ ਕੋਲੋਂ ਪੂਰਾ ਪੈਡਲ ਵੱਜਦਾ ਨਹੀਂ ਸੀ। ਮੈਂ ਗਰਾਊਂਡ ਵਿਚ ਦੋ ਘੰਟੇ ਚੱਕਰ ਲਾਈ ਗਿਆ। ਜਦੋਂ ਮੇਰਾ ਢਿੱਡ ਭਰ ਗਿਆ, ਮੇਰੇ ਲਈ ਉਤਰਨ ਦੀ ਸਮੱਸਿਆ ਆ ਗਈ। ਮੈਂ ਰੌਲਾ ਪਾਉਣ ਲੱਗ ਪਿਆ। ਮੁੰਡਿਆਂ ਨੇ ਸਾਇਕਲ ਫੜ ਤਾਂ ਲਿਆ, ਡਿੱਗ ਫਿਰ ਵੀ ਪਿਆ। ਚਾਰ ਪੰਜ ਦਿਨ ਏਹੀ ਪ੍ਰਕਿਰਿਆ ਚਲਦੀ ਰਹੀ। ਫਿਰ ਮੈਂ ਨੀਵੀਂ ਜਗ੍ਹਾ ਸਾਇਕਲ ਖੜ੍ਹਾ ਕਰ ਲੈਂਦਾ। ਉੱਚੇ ਥੜ੍ਹੇ ਤੇ ਚੜ੍ਹ ਕੇ ਕਾਠੀ 'ਤੇ ਬੈਠ ਜਾਂਦਾ। ਸਾਇਕਲ ਤੋਰ ਲੈਂਦਾ। ਉਤਰਨ ਵੇਲੇ ਵੀ ਥੜ੍ਹੇ 'ਤੇ ਪੈਰ ਰੱਖ ਲੈਂਦਾ। ਜਿਉਂ ਹੀ ਮੇਰਾ ਡਰ ਲੱਥਾ, ਮੈਂ ਸਾਇਕਲ ਚਲਾਉਣ ਲੱਗ ਪਿਆ। ਪਹਿਲਾਂ ਗੇੜਾ ਮਨਜੀਤ ਦੇ ਘਰ ਮੋਹਰੇ ਲਾ ਕੇ ਆਇਆ। ਉਹ ਮੈਨੂੰ ਦੇਖ ਕੇ ਮੁਸਕਰਾ ਪਈ ਸੀ। ਮੈਂ ਉਹਦੇ ਸਾਹਮਣੇ ਸਾਇਕਲ ਚਲਾ ਕੇ ਜੇਤੂ ਹੋਇਆ ਮਹਿਸੂਸ ਕਰ ਰਿਹਾ ਸੀ।

ਮੈਂ 1994 ਵਿਚ ਗੌਰਮਿੰਟ ਕਾਲਜ ਆਫ ਐਜੂਕੇਸ਼ਨ ਜਲੰਧਰ ਵਿਖੇ ਪੜ੍ਹਦਾ ਸੀ। ਉਥੇ ਹੀ ਕਾਲਜ ਹੋਸਟਲ ਵਿਚ ਰਹਿੰਦਾ ਸੀ। ਇਕ ਦਿਨ ਮੇਰੇ ਦੋ ਜਮਾਤੀ ਕੁਲਵਿੰਦਰ ਖਟਕੜ ਕਲਾਂ ਤੇ ਸੁਭਾਸ਼ ਸੱਲ ਕਲਾਂ ਮੇਰੇ ਕੋਲ ਹੋਸਟਲ ਠਹਿਰ ਗਏ। ਉਦੋਂ ਤੱਕ ਨਵਾਂ ਜ਼ਮਾਨਾ, ਅਕਾਲੀ ਪੱਤ੍ਰਕਾ, ਅੱਜ ਦੀ ਅਵਾਜ਼, ਜਗ ਬਾਣੀ, ਆਦਿ ਅਖ਼ਬਾਰਾਂ ਵਿਚ ਮੇਰੀਆਂ ਇਕ ਇਕ ਜਾਂ ਦੋ ਦੋ ਕਹਾਣੀਆਂ ਛਪ ਗਈਆਂ ਸਨ। ਅਕਾਲੀ ਪੱਤ੍ਰਕਾ ਵਿਚ ਅੰਮ੍ਰਿਤ ਦੀਵਾਨਾ ਸਬ ਐਡੀਟਰ ਵਜੋਂ ਡਿਊਟੀ ਨਿਭਾਉਂਦੇ ਸਨ। ਉਨ੍ਹਾਂ ਦਾ ਪਿੰਡ ਬਡੇਸਰੋਂ ਸੀ। ਉਹ ਜਦੋਂ ਪਿੰਡ ਆਉਂਦੇ ਤਾਂ ਆਪਣੇ ਨਵਾਂ ਸ਼ਹਿਰ ਵਾਲੇ ਲੇਖਕਾਂ ਅਤੇ ਮਿੱਤਰਾਂ ਨੂੰ ਮਿਲ ਕੇ ਜਾਂਦੇ, ਉਨ੍ਹਾਂ ਨਾਲ ਮਹਿਫਿਲ ਵੀ ਜਮਾ ਲੈਂਦੇ ਸਨ। ਸੁਰਜੀਤ ਕਰੜਾ, ਦੀਦਾਰ ਸਿੰਘ ਸ਼ੇਤਰਾ... ਕਿੰਨੇ ਲੇਖਕ ਉਸਦੇ ਮਿੱਤਰ ਸਨ। ਮੈਂ ਵੀ ਇਨ੍ਹਾਂ ਰਾਹੀਂ ਉਨ੍ਹਾਂ ਦਾ ਵਾਕਫ਼ ਹੋਇਆ ਸੀ। ਸੁਰਜੀਤ ਕਰੜਾ ਜੀ ਤਾਂ ਆਪ ਆਪਣੀ ਗੱਡੀ ਵਿਚ ਮੈਨੂੰ ਬਿਠਾ ਕੇ ਨਵਾਂ ਜ਼ਮਾਨਾ ਦੇ ਦਫ਼ਤਰ ਸਾਹਿਤ ਸੰਪਾਦਕ ਬਲਬੀਰ ਪਰਵਾਨਾ ਜੀ ਨੂੰ, ਅਕਾਲੀ ਪੱਤ੍ਰਕਾ ਦੇ ਦਫ਼ਤਰ ਅੰਮ੍ਰਿਤ ਦੀਵਾਨਾ ਜੀ ਨੂੰ ਤੇ ਜਗ ਬਾਣੀ ਦੇ ਦਫਤਰ ਸਬ ਐਡੀਟਰ ਕੁਲਦੀਪ ਸਿੰਘ ਬੇਦੀ ਜੀ ਨਾਲ ਮਿਲਾ ਕੇ ਲਿਆਏ ਸਨ। ਇਸ ਪਿੱਛੋਂ ਜਦੋਂ ਵੀ ਅੰਮ੍ਰਿਤ ਜੀ ਨਵਾਂ ਨਵਾਂ ਸ਼ਹਿਰ ਆਉਂਦੇ, ਮੈਂ ਜ਼ਰੂਰ ਉਨ੍ਹਾਂ ਦੀ ਮਹਿਫ਼ਿਲ ਦੀ ਸੰਗਤ ਮਾਣਦਾ। ਜਿਉਂ ਹੀ ਮੈਂ ਜਲੰਧਰ ਪੜ੍ਹਨ ਲੱਗਿਆ, ਕਿਤੇ ਕਿਤੇ ਇਨ੍ਹਾਂ ਸੰਪਾਦਕਾਂ ਨੂੰ ਮਿਲ ਆਉਂਦਾ ਸੀ।

ਉਸ ਦਿਨ ਮੈਂ ਸ਼ਾਮ ਨੂੰ ਕੁਲਵਿੰਦਰ ਤੇ ਸੁਭਾਸ਼ ਨੂੰ ਲੈ ਕੇ ਅਕਾਲੀ ਪੱਤ੍ਰਕਾ ਦੇ ਦਫ਼ਤਰ ਪੁੱਜ ਗਿਆ। ਮੈਂ ਆਪਣੇ ਜਮਾਤੀਆਂ ਕੋਲ ਟੌਅਰ ਬਣਾਉਣਾ ਚਾਹੁੰਦਾ ਸੀ ਕਿ ਮੇਰੀ ਅਖ਼ਬਾਰਾਂ ਦੇ ਸੰਪਾਦਕਾਂ ਨਾਲ ਖਾਸੀ ਜਾਣ ਪਛਾਣ ਹੈ। ਅੰਮ੍ਰਿਤ ਜੀ ਮੇਰੇ ਨਾਲ ਤੇਹ ਵੀ ਰੱਖਦੇ ਸਨ। ਉਹਦੀ ਡਿਊਟੀ ਰਾਤ ਦੀ ਹੁੰਦੀ ਸੀ। ਮੈਂ ਉਸ ਕੋਲ ਰਾਤ ਰਹਿ ਪੈਣਾ। ਉਹਨਾਂ ਆਪਣੇ ਕੁਲੀਗਜ਼ ਨੂੰ ਕਹਿਣਾ 'ਇਹ ਮੁੰਡਾ ਮੇਰਾ ਭਤੀਜਾ ਹੈ। ਪਿੰਡ ਤੋਂ ਆਇਆ।' ਇਸੇ ਮਾਣ ਦਾ ਰੱਜਿਆ ਮੈਂ ਉਸ ਕੋਲ ਜਾ ਪੁੱਜਾ। ਉਹ ਮੋਹਰੇ ਲਾਲ ਪਰੀ ਨਾਲ ਅੱਖਾਂ ਲਾਲ ਕਰੀ ਬੈਠੇ ਸਨ। ਸਾਨੂੰ ਚਾਹ ਪਾਣੀ ਦਾ ਪੁੱਛ ਕੇ ਕਹਿਣ ਲੱਗੇ,

"ਹੁਣ ਤੱਕ ਤੇਰੀਆਂ ਕਿੰਨੀਆਂ ਕਹਾਣੀਆਂ ਛਪੀਆਂ ਤੇ ਕਿਥੇ ਕਿਥੇ ਛਪੀਆਂ?"

"ਕਹਾਣੀਆਂ 20-25 ਛਪੀਆਂ ਹੋਣੀਆਂ।" ਮੈਂ ਕਹਾਣੀਆਂ ਦੀ ਗਿਣਤੀ ਦੀ ਗੱਪ ਮਾਰੀ ਸੀ। ਮੈਂ ਆਪਣੇ ਮਿੱਤਰਾਂ ਵਿੱਚ ਵੱਡਾ ਬਣਨਾ ਚਾਹੁੰਦਾ ਸੀ। ਜਿਥੇ ਕਹਾਣੀਆਂ ਛਪੀਆਂ, ਮੈਂ ਉਨ੍ਹਾਂ ਅਖ਼ਬਾਰਾਂ ਦੇ ਨਾਂ ਗਿਣਾਉਣ ਲੱਗ ਪਿਆ। ਅੰਮ੍ਰਿਤ ਦੀਵਾਨਾ ਜੀ ਦੇ ਪੈੱਗ ਕੁਝ ਜਿਆਦਾ ਲੱਗੇ ਹੋਏ ਸਨ।

"ਨਵਾਂ ਜ਼ਮਾਨਾ ਵਿਚ ਤੈਨੂੰ ਬਲਬੀਰ ਪਰਵਾਨਾ ਛਾਪੀ ਜਾਂਦਾ ਆ। ਅਕਾਲੀ ਪੱਤ੍ਰਕਾ ਵਿੱਚ ਮੈਂ ਤੇ ਜਗ ਬਾਣੀ ਵਿਚ ਭਾਅ ਜੀ ਕੁਲਦੀਪ ਸਿੰਘ ਬੇਦੀ। ਕਾਕਾ ਅਖ਼ਬਾਰ ਨੇ ਰੋਜ਼ ਛਪਣਾ ਹੁੰਦਾ। ਅਖ਼ਬਾਰ ਦੀ ਉਮਰ ਇਕ ਦਿਨ ਦੀ ਹੁੰਦੀ ਹੈ। ਉਹਨੂੰ ਰੋਜ਼ ਦੇ ਮੈਟਰ ਦੀ ਲੋੜ ਹੁੰਦੀ ਹੈ। ਤੂੰ ਮੈਨੂੰ ਸਿਰਜਣਾ, ਲਕੀਰ, ਚਿਰਾਗ਼, ਵਿਚ ਛਪ ਕੇ ਦਿਖਾ। ਫਿਰ ਮੈਂ ਤੈਨੂੰ ਕਹਾਣੀਕਾਰ ਮੰਨਾਗਾ। ਮੈਂ 'ਨਾਗਮਣੀ', ਆਰਸੀ ਵਿਚ ਛਪਦਾਂ। ਜੇ ਮੇਰੀਆਂ ਨਜ਼ਮਾਂ ਵਿਚ ਦਮ ਹੈ ਤਾਂ ਮੈਂ ਛਪਦਾ। ਕੋਈ ਇਕ ਅੱਧੀ ਵਧੀਆਂ ਜਿਹੀ ਕਹਾਣੀ ਲਿਖ। ਇਨ੍ਹਾਂ ਪੇਪਰਾਂ ਵਿਚ ਛਪਵਾ ਕੇ ਦਿਖਾ।"

ਅੰਮ੍ਰਿਤ ਜੀ ਬੋਲੀ ਜਾਂਦੇ ਸੀ। ਨਾਲੇ ਸੌਂਫ ਦੇ ਫੱਕੇ ਮਾਰੀ ਜਾਂਦੇ ਸੀ। ਉਹਨਾਂ ਮੇਰੇ ਤੇ ਭਾਸ਼ਣ ਦਿੱਤਾ। ਉਸਦਾ ਗੱਲ ਕਰਨ ਦਾ ਲਹਿਜ਼ਾ ਸਖ਼ਤ ਸੀ। ਜੇ ਉਹ ਮੈਨੂੰ ਇਹ ਗੱਲਾਂ ਇਕੱਲੇ ਨੂੰ ਕਹਿ ਦਿੰਦੇ, ਸ਼ਾਇਦ

ਮੈਂ ਗੁੱਸਾ ਨਾ ਕਰਦਾ। ਮੈਨੂੰ ਆਪਣੇ ਮਿੱਤਰਾਂ ਵਿਚ ਬੜੀ ਬੇਇੱਜ਼ਤੀ ਮਹਿਸੂਸ ਹੋਈ। ਮੁੜ ਮੈਂ ਅੰਮ੍ਰਿਤ ਜੀ ਦੇ ਮੱਥੇ ਨਾ ਲੱਗਾ। ਮੈਂ ਕਹਾਣੀਆਂ ’ਤੇ ਮਿਹਨਤ ਕਰਨ ਲੱਗਾ। 1995 ਵਿਚ ਮੈਂ ਦੋ ਕਹਾਣੀਆਂ ਨੂੰ ਅੰਤਮ ਛੂਹ ਦਿੱਤੀ। ‘ਨਚੀਕੇਤਾ ਦੀ ਮੌਤ’ ਚਿਰਾਗ਼ ਵਿਚ ਅਤੇ ‘ਗੌਰਜਾਂ’ ਲਕੀਰ ਵਿਚ ਛਪੀਆਂ। ਕੁਝ ਸਮੇਂ ਬਾਅਦ ‘ਥੇਹ’ ਕਹਾਣੀ ਡਾ. ਰਘਬੀਰ ਸਿੰਘ ਜੀ ਨੇ ‘ਸਿਰਜਣਾ’ ਵਿਚ ਟਿੱਪਣੀ ਲਾ ਕੇ ਪ੍ਰਕਾਸ਼ਤ ਕੀਤੀ। ਮੈਂ ਇਹ ਮੈਗਜ਼ੀਨ ਲੈ ਕੇ ਅੰਮ੍ਰਿਤ ਕੋਲ ਗਿਆ। ਉਹ ਮੈਨੂੰ ਉੱਠ ਕੇ ਜੱਫ਼ੀ ਪਾ ਕੇ ਮਿਲਿਆ। ਮੈਂ ਮੈਗਜ਼ੀਨ ਉਸਦੇ ਅੱਗੇ ਕਰੀ ਜਾਵਾਂ। ਉਸ ਮੈਗਜ਼ੀਨ ਫੜ ਕੇ ਪਾਸੇ ਰੱਖ ਦਿੱਤੇ। ਉਸਦੇ ਚਿਹਰੇ ’ਤੇ ਲਾਲੀ ਆਈ ਪਈ ਸੀ।

“ਅਜਮੇਰ, ਮੈਂ ਚਾਹੁੰਦਾ ਸੀ ਤੂੰ ਗੁੱਸਾ ਕਰੇ। ਤੂੰ ਗੁੱਸਾ ਕੀਤਾ ਵੀ। ਚੰਗੀਆਂ ਕਲਾ ਕ੍ਰਿਤਾਂ ਦੀ ਸਿਰਜਣਾ ਲਈ ਗੁੱਸੇ ਦੀ ਵੀ ਜ਼ਰੂਰਤ ਹੁੰਦੀ ਹੈ। ਮਿੱਤਰਾ, ਤੇਰੀ ਸ਼ੁਰੂਆਤ ਚੰਗੀ ਹੋ ਗਈ। ਹੁਣ ਪਿੱਛਾ ਮੁੜ ਕੇ ਨਾ ਦੇਖੀਂ। ਅੱਗੇ ਵਧਣ ਲਈ ਮੁਕਾਬਲੇ ਵਾਲੀ ਭਾਵਨਾ ਬਣਾਈ ਰੱਖੀਂ।” ਅੰਮ੍ਰਿਤ ਨੇ ਮੇਰੀ ਪਿੱਠ ਥਾਪੜੀ ਸੀ।

ਅੰਮ੍ਰਿਤ ਜੀ ਕੇਨੈਡਾ ਚਲੇ ਗਏ। ਉਥੇ ਉਹ ਕਾਵਿ ਸਿਰਜਣਾ ਵਿਚ ਤਾਂ ਮਸ਼ਰੂਫ ਹਨ। ਮੈਨੂੰ ਨਹੀਂ ਪਤਾ, ਉਥੇ ਉਸਨੂੰ ਕੰਮ ਨੇ ਦਬਾ ਲਿਆ ਜਾਂ ਉਹ ਪੰਜਾਬੀ ਸਾਹਿਤ ਨਾਲ ਪੂਰੀ ਤਰ੍ਹਾਂ ਬਾਵਸਤਾ ਹਨ। 1995 ਤੋਂ ਲੈ ਕੇ 2013 ਤੱਕ ਮੇਰੀਆਂ 26 ਕਹਾਣੀਆਂ ਛਪੀਆਂ ਹਨ। ਮੇਰੇ ਤਿੰਨ ਕਹਾਣੀ ਸੰਗ੍ਰਹਿ ‘ਨਚੀਕੇਤਾ ਦੀ ਮੌਤ’, ‘ਖੂਹ ਗਿੜਦਾ ਹੈ’ ਅਤੇ ‘ਖੁਸ਼ਕ ਅੱਖ ਦਾ ਖ਼ਾਬ’ ਪਾਠਕਾਂ ਵਿਚ ਆਪਣੀ ਥਾਂ ਬਣਾ ਚੁੱਕੇ ਹਨ। ਯੂਨੀਵਰਸਿਟੀਆਂ ਦੇ ਸਿਲੇਬਸ ਵਿਚ ਪੜ੍ਹਾਇਆ ਜਾ ਰਿਹਾ ਹਾਂ। ਦੇਸ਼ ਵਿਦੇਸ਼ ਵਿਚ ਪਾਠਕ ਮਾਣ-ਇੱਜ਼ਤ ਦਿੰਦੇ ਹਨ। ਮੈਂ ਪਾਠਕਾਂ ਨੂੰ ਜ਼ਿਆਦਾ ਥਾਂ ਦਿੰਦਾ ਹਾਂ। ਮੈਂ ਸਮਾਜ ਵਿਚੋਂ ਸਮਾਜ ਲਈ ਲਿਖਦਾ ਹਾਂ। ਪਾਠਕ ਵੀ ਸਮਾਜ ਦਾ ਹਿੱਸਾ ਹਨ। ਚੰਗਾ ਸਾਹਿਤ ਲੇਖਕ ਤੇ ਪਾਠਕ ਦੀ ਸਾਂਝ ਬਣਾਈ ਰੱਖਦਾ ਹੈ।

ਮੇਰੇ ਵਿਚ ਪਹਿਲਾਂ ਮੁਕਾਬਲੇ ਵਾਲੀ ਭਾਵਨਾ ਹੁੰਦੀ ਸੀ। ਖਾਸ ਤੌਰ ’ਤੇ ਜੇ ਕੋਈ ਚੈਲਿੰਜ ਕਰ ਦੇਵੇ ਤਾਂ ਕੀ ਬਾਤਾਂ। ਮੈਂ ਨਿਸ਼ਾਨਾ ਮਿੱਥ ਲੈਂਦਾ ਸੀ ਪਰ ਹੁਣ ਮੇਰੇ ਵਿਚ ਇਹ ਭਾਵਨਾ ਮਰ ਗਈ ਹੈ। ਮੈਂ ਮੁਕਾਬਲੇ ਵਿਚ ਨਹੀਂ ਪੈਂਦਾ। ਈਰਖਾ ਤਾਂ ਮੈਂ ਜ਼ਿੰਦਗੀ ਵਿਚ ਕਦੇ ਵੀ ਨਹੀਂ ਕੀਤੀ। ਪਿਛਲੇ ਕੁਝ ਸਾਲਾਂ ਤੋਂ ਸੋਚਣ ਲੱਗ ਪਿਆ। ਅਸੀਂ ਕਿਹੜੀ ਪੱਗ ਨੂੰ ਪਏ ਹੋਏ ਹਾਂ? ਕੀ ਲਿਖ ਰਹੇ ਹਾਂ? ਕਿਹਦੇ ਲਈ ਲਿਖ ਰਹੇ ਹਾਂ? ਕਿਉਂ ਲਿਖ ਰਹੇ ਹਾਂ? ਪੰਜਾਬੀ ਵਿਚ ਕੁਝ ਬੰਦੇ ਲਿਖਣ ਵਾਲੇ ਹਨ। ਜਿਆਦਾਤਰ ਉਹੀ ਪੜ੍ਹਨ ਵਾਲੇ ਹਨ। ਪੰਜਾਬੀ ਵਿਚ ਹਜ਼ਾਰ ਤੋਂ ਦੋ ਹਜ਼ਾਰ ਤੱਕ ਪਾਠਕ ਹਨ। ਥੋੜ੍ਹੇ ਜਿਹੇ ਆਲੋਚਕ ਹਨ। ਉਹਨਾਂ ਵਿੱਚੋਂ ਜਿਹੜੇ ਸੁਹਿਰਦ ਹਨ, ਉਨ੍ਹਾਂ ਕੋਲ ਕੰਮ ਦਾ ਬੋਝ ਹੈ। ਜੇ ਕੋਈ ਆਲੋਚਕ ਲਿਖਣਾ ਚਾਹੁੰਦਾ ਹੈ ਤਾਂ ਪਰਚਿਆਂ ਵਾਲਿਆਂ ਕੋਲ ਥਾਂ ਦੀ ਘਾਟ ਹੈ। ਆਲੋਚਨਾ ਦਾ ਕੰਮ ਕਿਤਾਬੀ ਰੂਪ ਵਿਚ ਬਹੁਤ ਘੱਟ ਸਾਹਮਣੇ ਆਉਂਦਾ ਹੈ।

ਪਿੱਛੇ ਜਿਹੇ ਮੈਂ ਮਨ ਬਣਾ ਲਿਆ ਕਿ ਲਿਖਣਾ ਛੱਡ ਦੇਣਾ ਹੈ। ਮੇਰੇ ਕਹਾਣੀ ਸੰਗ੍ਰਹਿ ‘ਨਚੀਕੇਤਾ ਦੀ ਮੌਤ’ 1998 ਵਿਚ ਅਤੇ ‘ਖੂਹ ਗਿੜਦਾ ਹੈ’ 2004 ਵਿੱਚ ਆਏ ਸਨ। ਫਿਰ 2013 ਵਿਚ ‘ਖੁਸ਼ਕ ਅੱਖ ਦਾ ਖ਼ਾਬ’ ਕਥਾ ਸੰਗ੍ਰਹਿ ਛਪਿਆ। ਇਸ ਵਿਚ 8 ਕਹਾਣੀਆਂ ਹਨ। ਜਿਸ ਦੀਆਂ ਕਹਾਣੀਆਂ ਦਸ ਸਾਲਾਂ ਵਿਚ ਲਿਖੀਆਂ ਹਨ। ਮੈਂ ਤਾਂ ਤੀਜਾ ਕਹਾਣੀ ਸੰਗ੍ਰਹਿ ‘ਖੁਸ਼ਕ ਅੱਖ ਦਾ ਖ਼ਾਬ’ ਵੀ ਛਪਵਾਉਣ ਦੇ ਮੂਡ ਵਿਚ ਨਹੀਂ ਸੀ। ਇਕ ਤਰ੍ਹਾਂ ਮਨ ਉਚਾਟ ਹੋ ਗਿਆ। ਜਿਵੇਂ ਕਈ ਵਾਰ ਬੰਦਾ ਨੌਕਰੀ ਤੋਂ ਅੱਕ ਜਾਂਦਾ, ਉਵੇਂ ਮੇਰਾ ਵੀ ਮਨ ਖੱਟਾ ਹੋ ਗਿਆ।

ਜਨਵਰੀ, 2013 ਵਿਚ ਮੇਰਾ ਐਕਸੀਡੈਂਟ ਹੋ ਗਿਆ। ਉਦੋਂ ਦਾ ਮੈਂ ਬੈੱਡ ’ਤੇ ਹਾਂ। ਬਹੁਤ ਸਾਰੀਆਂ ਕਿਤਾਬਾਂ ਪੜ੍ਹੀਆਂ ਗਈਆਂ। ਇਨ੍ਹਾਂ ਦਿਨਾਂ ਵਿਚ ਮੈਂ ਅੰਗਰੇਜ਼ੀ ਲੇਖਿਕਾ ਐਚ. ਬੀ. ਸਟੋਵੇ ਦਾ ਨਾਵਲ ‘ਅੰਕਲ ਟੌਮ ’ਜ਼ ਕੈਬਿਨ’ ਪੜ੍ਹਿਆ। ਇਹ ਨਾਵਲ ਅਮਰੀਕਾ ਵਿਚ ਜਬਰੀ ਲਿਆਂਦੇ ਕਾਲਿਆਂ ਦੇ ਉੱਤੇ ਹੋਏ ਜਬਰ ਬਾਰੇ ਹੈ। ਗੋਰੀ ਲੜਕੀ ਐਚ. ਬੀ. ਸਟੋਵੇ ਨੇ ਇਹ ਨਾਵਲ, 1952 ਵਿਚ ਲਿਖਿਆ ਸੀ। ਇਸ ਨਾਵਲ ਨੇ ਕਾਲਿਆਂ ਵਿਚ ਜਾਗਰਿਤੀ ਅਤੇ ਬਗਾਵਤ ਪੈਦਾ ਕੀਤਾ ਸੀ। ਅਮਰੀਕੀ ਵਿਚ ਦੋ 1962 ਤੋਂ 1965 ਤੱਕ ਘਰੇਲੂ ਜੰਗ ਲੱਗੀ, ਉਹ ਇਸ ਨਾਵਲ ਕਾਰਨ ਲੱਗੀ। ਨਸਲੀ ਵਿਤਕਰੇ, ਅਨਿਆਂ ਭਰਭੂਰ, ਜ਼ਲਾਲਤ ਭਰੀ ਜ਼ਿੰਦਗੀ ਤੋਂ ਲੋਕਾਂ ਨੇ ਛੁਟਕਾਰਾ ਪਾਇਆ। ਕਾਲਿਆਂ ਦੇ ਹਮਾਇਤੀ ਤੇ ਅਮਰੀਕਾ ਦੇ ਤਤਕਾਲੀਨ ਰਾਸ਼ਟਰਪਤੀ ਡਾ. ਅਬਰਾਹਿਮ ਲਿੰਕਨ ਨੇ ਕਾਲਿਆਂ ਦੀ ਆਜ਼ਾਦੀ ਅਤੇ ਹੱਕਾਂ ਲਈ ਲੜੀ ਜੰਗ ਤੋਂ ਉਪਰੰਤ ਐੱਚ. ਬੀ. ਸਟੋਵੇ ਨੂੰ ਕਿਹਾ ਸੀ

“ਤੂੰ ਉਹ ਲੜਕੀ ਏ ਜਿਸਨੇ ਨਾਵਲ ਲਿਖ ਕੇ ਸਾਡੇ ਦੇਸ਼ ਵਿਚ ਘਰੇਲੂ ਜੰਗ ਛੇੜ ਦਿੱਤੀ।”

ਡਾ. ਅਬਰਾਹਿਮ ਲਿੰਕਨ ਦੇ ਇਹ ਸ਼ਬਦ ਸਾਹਿਤ ਦੀ ਮਹੱਤਤਾ ਨੂੰ ਦਰਸਾਉਂਦੇ ਹਨ। ਜਦੋਂ ਮੈਂ ਇਹ ਨਾਵਲ ਪੜ੍ਹਿਆ। ਮੈਂ ਦੁਬਾਰਾ ਹੌਂਸਲਾ ਫੜ ਲਿਆ। ਇਸ ਪਿੱਛੋਂ ਮੈਂ ‘ਖੁਸ਼ਕ ਅੱਖ ਦਾ ਖ਼ਾਬ’ ਕਹਾਣੀ ਸੰਗ੍ਰਹਿ ਤਿਆਰ ਕਰਕੇ ਪ੍ਰਕਾਸ਼ਕ ਨੂੰ ਛਪਣ ਲਈ ਭੇਜਿਆ। ਇਕ ਕਹਾਣੀ ‘ਕੰਡੇ ਦਾ ਜ਼ਖ਼ਮ’ ਵੀ ਲਿਖੀ ਗਈ। ਮੈਂ ਸੋਚਦਾ ਲੇਖਕ ਦਾ ਕੰਮ ਪੜ੍ਹਨਾ ਤੇ ਚੰਗਾ ਲਿਖਣਾ ਹੁੰਦਾ ਹੈ। ਸਾਹਿਤ ਨੇ ਬਹੁਤ ਵੱਡੇ ਇਨਕਲਾਬ ਨਹੀਂ ਕਰ ਦੇਣੇ ਹੁੰਦੇ। ਸਾਹਿਤ ਸੁਹਜ ਸੁਆਦ ਦਿੰਦਾ ਹੈ। ਵੱਡੀਆਂ ਤਬਦੀਲੀਆਂ ਕਰਨ ਵਿਚ ਹਿੱਸਾ ਵੀ ਪਾਉਂਦਾ ਹੈ। ਆਖਿਰ ਸਾਹਿਤ ਦੀਆਂ ਵੱਡੀਆਂ ਦੇਣਾਂ ਹਨ। ਸਾਹਿਤ ਬੰਦੇ ਨੂੰ ਨਿਰਾਸ਼ਾ ਵਿੱਚੋਂ ਕੱਢਦਾ ਹੈ। ਨਵੇਂ ਰਾਹ ਦਿਖਾਉਂਦਾ ਹੈ। ਅੱਜ ਕੱਲ੍ਹ ਮੈਂ ਆਪਣੇ ਸਮਕਾਲੀਆਂ ਦੀਆਂ ਰਚਨਾਵਾਂ ਪੜ੍ਹ ਹੀ ਨਹੀਂ ਰਿਹਾ ਸਗੋਂ ਉਨ੍ਹਾਂ ਤੇ ਮਾਣ ਕਰਦਾ ਹਾਂ ਤੇ ਉਨ੍ਹਾਂ ਦਾ ਪ੍ਰਚਾਰ ਵੀ ਕਰਦਾ ਹਾਂ। ਚੰਗੀਆਂ ਰਚਨਾਵਾਂ ਤੇ ਚੰਗੀਆਂ ਪੁਸਤਕਾਂ ਦਾ ਪ੍ਰਚਾਰ ਤਾਂ ਮੈਂ ਪਹਿਲਾਂ ਵੀ ਕਰਦਾ ਰਿਹਾ ਹਾਂ। ਇਹ ਤਾਂ ਲੇਖਕ ਦਾ ਧਰਮ ਕਰਮ ਹੋਣਾ ਚਾਹੀਦਾ ਹੈ।

ਮੋਬਾ. 94630-63990

# ਭੋਲੂ ਗਧੇ ਦੀ ਸਮਾਧ

ਇਕ ਵਿਅਕਤੀ ਕੋਲ ਭੋਲੂ ਨਾਂ ਦਾ ਇਕ ਗਧਾ ਰੱਖਿਆ ਹੋਇਆ ਸੀ। ਉਸ ਵਿਅਕਤੀ ਦੇ ਪਰਿਵਾਰ ਵਿੱਚ ਕੋਈ ਵੀ ਨਹੀਂ ਸੀ। ਉਹ ਜਦ ਸ਼ਾਮ ਨੂੰ ਕੰਮ ਕਰਕੇ ਵਿਹਲਾ ਹੋ ਜਾਂਦਾ ਤਾਂ ਆਪਣੇ ਗਧੇ ਭੋਲੂ ਨਾਲ ਦੁੱਖ-ਸੁਖ ਸਾਂਝੇ ਕਰਦਾ।

ਇੱਕ ਵਾਰ ਭੋਲੂ ਦੇ ਉੱਪਰ ਜ਼ਿਆਦਾ ਭਾਰ ਲੱਦਿਆ ਗਿਆ ਅਤੇ ਉਸਦੀ ਮੌਤ ਹੋ ਗਈ। ਉਸਦੇ ਮਾਲਕ ਨੇ ਰੋਂਦੇ-ਰੋਂਦੇ ਉਸਨੂੰ ਰੇਤੇ ਵਿਚ ਦੱਬ ਦਿੱਤਾ ਅਤੇ ਉਸਦੀ ਨਿਸ਼ਾਨੀ ਵਜੋਂ ਉਸਦੇ ਉੱਪਰ ਇੱਕ ਪੱਥਰ ਰੱਖ ਦਿੱਤਾ, ਜਿਸ ਉੱਤੇ ਉਸਨੇ ਇਸ ਪੱਥਰ ਉੱਪਰ “ਭੋਲੂ’ ਲਿਖ ਦਿੱਤਾ, ਤੇ ਉਹ ਕੰਮ ਦੀ ਭਾਲ ਵਿਚ ਨਾਲ ਲੱਗਦੇ ਸ਼ਹਿਰ ਵਿਚ ਚਲਾ ਗਿਆ।

ਫਿਰ ਦੋ ਸਾਲ ਬਾਅਦ ਉਸਦਾ ਸਬੱਬੀਂ ਗੇੜੇ ਉਸ ਥਾਂ ਵੱਜਿਆ ਜਿਸ ਥਾਂ ਤੇ ਭੋਲੂ ਨੂੰ ਦੱਬਿਆ ਗਿਆ ਸੀ। ਜਦ ਉਹ ਉੱਥੇ ਪਹੁੰਚਿਆ ਤਾਂ ਹੈਰਾਨ ਰਹਿ ਗਿਆ ਕਿ ਲੋਕ ਢੋਲਕੀਆਂ ਕੁੱਟ ਰਹੇ ਹਨ। ਐਨਾ ਇਕੱਠ ਹੈ ਜਿਵੇਂ ਕੋਈ ਮੇਲਾ ਲੱਗਿਆ ਹੋਵੇ। ਜਦ ਉਹ ਪੁੱਛਦਾ ਹੈ ਕਿ ਇਹ ਐਨਾ ਇਕੱਠ ਕਿਵੇਂ ਹੈ, ਤਾਂ ਲੋਕਾਂ ਨੇ ਉਸਨੂੰ ਦੱਸਿਆ ਕਿ ਇੱਥੇ “ਬਾਬਾ ਭੋਲੂ ਜੀ ਦੀ ਸਮਾਧ ਹੈ। ਉਸਦੇ ਦਰਸ਼ਨ ਲਈ ਲੋਕ ਦੂਰੋਂ-ਦੂਰੋਂ ਇੱਥੇ ਆਏ ਹਨ। ਜਦ ਉਹ ਸਮਾਧ ਦੇਖਦਾ ਹੈ ਤਾਂ ਹੈਰਾਨ ਰਹਿ ਜਾਂਦਾ ਹੈ। ਕਿਉਂਕਿ ਉਹ ਬਣਾਈ ਗਈ ਸਮਾਧ ਉਸਦੇ ਆਪਣੇ ਗਧੇ ਦੀ ਸੀ।

ਫਿਰ ਉਹ ਮਨ ਵਿਚ ਸੋਚਦਾ ਹੈ ਕਿ ਅੱਜ ਕੱਲ੍ਹ ਦੇ ਲੋਕ ਕਿੰਨੇ ਅੰਧਵਿਸ਼ਵਾਸੀ ਅਤੇ ਮੂਰਖ ਹਨ ਜੋ ਕਿ ਇੱਕ ਗਧੇ ਦੀ ਸਮਾਧ ਹੀ ਪੂਜੀ ਜਾਂਦੇ ਹਨ।

- ਰਣਜੋਤ ਸਿੰਘ ਉੱਭਾਵਾਲੀਆ
99889-79722

# ਭਗਵਾਨ ਭਟਕਦੇ ਗਲੀ ਗਲੀ....

ਰਾਜਾ ਅਕਬਰ ਦੇ ਬਾਰੇ ਵਿੱਚ ਕਿਹਾ ਜਾਂਦਾ ਹੈ ਕਿ ਪੁੱਤਰ ਪ੍ਰਾਪਤ ਕਰਨ ਦੀ ਖਾਤਰ ਮੰਨਤ ਮੰਗਣ ਮਾਤਾ ਵੈਸ਼ਨੋ ਦੇਵੀ ਅਤੇ ਜਵਾਲਾਜੀ ਦੇ ਮੰਦਰਾਂ ਤੱਕ ਪੈਦਲ ਹੀ ਗਏ ਸਨ। ਅੱਜ ਵੀ ਜੇ ਅਸੀਂ ਦੇਸ਼ ਦੇ ਮੁੱਖ ਤੀਰਥ ਸਥਾਨਾਂ ਉੱਤੇ ਜਾਈਏ, ਤਾਂ ਸਾਨੂੰ ਇਹ ਦਿਖਾਈ ਦੇਵੇਗਾ ਕਿ ਹੁਣ ਵੀ ਬਹੁਤ ਸਾਰੇ ਲੋਕ ਦੇਵੀ ਦੇਵਤਿਆਂ ਅਤੇ ਭਗਵਾਨ ਦੇ ਦਰਸ਼ਨ ਕਰਨ ਦੇ ਲਈ ਦੂਰੋਂ ਇਲਾਕਿਆਂ ਤੋਂ ਸਾਈਕਲ ਉੱਤੇ ਸਵਾਰ ਹੋ ਕੇ, ਪੈਦਲ ਚੱਲ ਕੇ, ਜਾਂ ਪੈ-ਪੈ ਕੇ ਤੀਰਥ ਸਥਾਨਾਂ ਵੱਲ ਜਾਂਦੇ ਹਨ।

ਆਮ ਲੋਕਾਂ ਦੀ ਇਹ ਸੋਚ ਬਣੀ ਹੋਈ ਹੈ ਕਿ ਆਪਣੇ ਸਰੀਰ ਨੂੰ ਦੁੱਖ ਦੇ ਕੇ ਦੇਵੀ ਦੇਵਤਿਆਂ ਅਤੇ ਭਗਵਾਨ ਦੇ ਦਰਸ਼ਨ ਕਰਨ ਵਾਲਿਆਂ ਉੱਤੇ ਉਨ੍ਹਾਂ ਦੀ ਕਿਰਪਾ ਦੀ ਨਜ਼ਰ ਬਣੀ ਰਹਿੰਦੀ ਹੈ। ਪਰ ਧਰਮ ਦੇ ਨਾਂ ਉੱਤੇ ਆਮ ਲੋਕਾਂ ਨੂੰ ਮੂਰਖ ਬਣਾਉਣ ਵਾਲਿਆਂ ਨੇ ਆਮ ਲੋਕਾਂ ਦੀਆਂ ਜੇਬਾਂ ਤੋਂ ਪੈਸੇ ਠੱਗਣ ਦੇ ਲਈ ਅਜਿਹਾ ਪ੍ਰਬੰਧ ਕੀਤਾ ਹੋਇਆ ਹੈ ਕਿ ਹੁਣ ਉਹਨਾਂ ਨੂੰ ਭਗਵਾਨ ਦਾ ਆਸ਼ੀਰਵਾਦ ਲੈਣ ਦੇ ਲਈ ਕਿਸੇ ਮੰਦਰ, ਦਰਗਾਹ ਵਗੈਰਾ ਵਿੱਚ ਜਾਣ ਦੀ ਲੋੜ ਹੀ ਨਹੀਂ ਪਵੇਗੀ।



ਭਗਵਾਨ, ਦੇਵੀ ਦੇਵਤਾ ਜਾਂ ਸਿੱਧ ਪੀਰ ਫ਼ਕੀਰ ਆਪ ਇਹਨਾਂ ਦੇ ਹੱਥਾਂ ਦਾ ਖਿਡੌਣਾ ਬਣ ਕੇ ਲੋਕਾਂ ਦੇ ਸਾਹਮਣੇ ਹਾਜ਼ਰ ਹੋ ਜਾਇਆ ਕਰੇਗਾ। ਭਾਵੇਂ ਉਹ ਤੁਹਾਡਾ ਘਰ ਹੋਵੇ, ਦੁਕਾਨ, ਦਫ਼ਤਰ, ਇੱਥੋਂ ਤੱਕ ਕਿ ਜੇਕਰ ਤੁਸੀਂ ਬਸ ਜਾਂ ਰੇਲਗੱਡੀ ਵਿੱਚ ਸਫ਼ਰ ਕਰ ਰਹੇ ਹੋਵੋ, ਤਾਂ ਉਥੇ ਵੀ ਤੁਹਾਡੀ ਯਾਤਰਾ ਨੂੰ ਖ਼ੁਸ਼ੀਭਰਪੂਰ ਬਣਾਉਣ ਦੇ ਲਈ ਭਗਵਾਨ, ਪਹੁੰਚ ਜਾਣਗੇ।

ਗਲੀ ਗਲੀ ਵਿੱਚ ਘੁੰਮ-ਘੁੰਮ ਕੇ ਭੀਖ ਮੰਗਣ ਦਾ ਰਿਵਾਜ ਤਾਂ ਸਾਡੇ ਦੇਸ਼ ਵਿੱਚ ਬਹੁਤ ਪੁਰਾਣਾ ਹੈ। ਦਾਨ ਦੱਛਣਾ, ਮੁਫ਼ਤ ਦੀ ਚੀਜ਼ ਵਗੈਰਾ ਦੇਣਾ ਵੀ ਸਾਡੇ ਸੰਸਕਾਰਾਂ ਵਿੱਚ ਸ਼ਾਮਲ ਹੈ। ਪਰੰਤੂ ਸਿੱਧੇ ਸਾਦੇ ਭਗਤਾਂ ਨੂੰ ਧਾਰਮਕ ਅਤੇ ਭਾਵਨਾਤਮਕ ਰੂਪ ਤੋਂ ਬਲੈਕਮੇਲ (ਨਜਾਇਜ਼ ਲਾਭ ਲੈਣਾ) ਕਰਨਾ ਵੀ ਹੁਣ ਸਾਡੀ ਪਰੰਪਰਾਵਾਂ ਦਾ ਇੱਕ ਹਿੱਸਾ ਬਣਦਾ ਜਾ ਰਿਹਾ ਹੈ। ਉਦਾਹਰਣ ਦੇ ਤੌਰ ਉੱਤੇ ਹਰ ਸ਼ਨੀਵਾਰ ਦੇ ਦਿਨ ਬਾਲਟੀ ਜਾਂ ਕਿਸੇ ਦੂਸਰੇ ਭਾਂਡੇ ਵਿੱਚ ਦਾਨ ਲੈਣ, ਨਕਦੀ ਵਸੂਲ ਕਰਨ ਅਤੇ ਤੇਲ ਦਾ ਦਾਨ ਕਰਨ ਦਾ ਰਿਵਾਜ ਤਾਂ ਸਾਡੇ ਦੇਸ਼ ਵਿੱਚ ਬਹੁਤ ਪੁਰਾਣਾ ਹੋ ਚੁੱਕਿਆ ਹੈ। ਜੇਕਰ ਤੁਸੀਂ ਦੇਖੋ ਤਾਂ, ਹਰ ਸ਼ਨੀਵਾਰ ਨੂੰ ਸ਼ਨੀ ਦੇਵਤਾ ਦੇ ਨਾਂ ਉੱਤੇ ਦਾਨ ਮੰਗਣ ਵਾਲੇ ਲੋਕ ਘਰ-ਘਰ ਪਹੁੰਚ ਜਾਂਦੇ ਹਨ। ਭਿਖਾਰੀਆਂ ਨੇ ਤਾਂ ਮੰਗਲਵਾਰ ਨੂੰ ਭੀਖ ਮੰਗਣ ਦਾ ਬਾਕਾਇਦਾ ਰਾਸ਼ਟਰੀ ਪੱਧਰ ਉੱਤੇ ਇੱਕ ਵੱਡਾ ਨੈੱਟਵਰਕ ਬਣਾਇਆ ਹੋਇਆ ਹੈ। ਪਰੰਤੂ ਹੁਣ ਇਸ ਦਾ ਰੂਪ ਭੀਖ ਦੇ ਨਾਲ-ਨਾਲ ਆਸ਼ੀਰਵਾਦ ਦਿੱਤੇ ਜਾਣ ਦਾ ਵੀ ਬਣਨ ਲੱਗਾ ਹੈ।

ਆਪਣੇ ਆਪ ਨੂੰ ਬ੍ਰਾਹਮਣ ਕਹਿਣ ਵਾਲੇ ਪੰਡਤ ਰੂਪੀ ਲੋਕਾਂ ਤੋਂ ਲੈ ਕੇ ਝੁੱਗੀਝੋਪੜੀ ਵਿੱਚ ਰਹਿਣ ਵਾਲੇ ਛੋਟੇ ਬੱਚੇ ਤੱਕ ਆਪਣੇ ਹੱਥਾਂ ਵਿੱਚ ਕਿਸੇ ਦੇਵੀ ਦੇਵਤਾ, ਭਗਵਾਨ ਜਾਂ ਕਿਸੇ ਵੀ ਪ੍ਰਸਿੱਧ ਸੰਤ ਜਾਂ ਫਕੀਰ ਦੀ ਫੋਟੋ ਲੈ ਕੇ ਕਿਸੇ ਵੀ ਥਾਂ ਜਾਂ ਸਮੇਂ ਉੱਤੇ ਲੋਕਾਂ ਦੇ ਘਰ ਆ ਧਮਕਦੇ ਹਨ। ਉਹਨਾਂ ਦੇ ਹੱਥ ਵਿੱਚ ਜਿਹੜੀ ਤਸਵੀਰ ਜਾਂ ਮੂਰਤੀ ਹੁੰਦੀ ਹੈ, ਉਸ ਦੇ ਨਾਲ ਉਹ ਧੂਪ ਅਗਰਬੱਤੀ ਵੀ ਸੁਲਗਾ ਕੇ ਰੱਖਦੇ ਹਨ, ਤਾਂ ਜੋ ਲੋਕਾਂ ਨੂੰ ਆਪਣੇ ਵੱਲ ਖਿੱਚਿਆ ਜਾ ਸਕੇ।

ਦੇਸ਼ ਦੇ ਸਾਰੇ ਮੁੱਖ ਰੇਲਵੇ ਸਟੇਸ਼ਨਾਂ ਅਤੇ ਬਸ ਅੱਡਿਆਂ ਵਿਸ਼ੇਸ਼ ਤੌਰ ਤੇ ਵਾਰਾਣਸੀ ਵਰਗੇ ਧਰਮ ਸਥਾਨਾਂ ਦੇ ਰੇਲਵੇ ਸਟੇਸ਼ਨਾਂ ਅਤੇ ਬਸ ਅੱਡਿਆਂ ਉੱਤੇ ਸਾਫ਼-ਸੁਥਰੇ ਪਹਿਰਾਵੇ ਵਿੱਚ ਆਪਣੇ-ਆਪ ਨੂੰ ਪੰਡਤ ਦੱਸਣ ਵਾਲੇ ਤਿਲਕਧਾਰੀ ਲੋਕ ਬਾਕਾਇਦਾ ਭਗਵਾਨ ਨੂੰ ਸਜਾ ਕੇ ਧੂਪਬੱਤੀ ਕਰਦੇ ਹੋਏ ਤੁਹਾਡੇ ਸਾਹਮਣੇ ਪ੍ਰਗਟ ਹੋ ਜਾਣਗੇ। ਉਹ ਆਪਣੇ ਨਾਲ ਪ੍ਰਸ਼ਾਦ ਦੇ ਨਾਂ ਉਤੇ ਖਾਣਪੀਣ ਦੀ ਕੋਈ ਸਾਧਾਰਣ ਜਿਹੀ ਸਾਮੱਗਰੀ ਵੀ ਰੱਖਦੇ ਹਨ। ਇਹ ਪਖੰਡੀ ਠੱਗ ਬਿਨਾਂ ਪੁੱਛੇ ਹੀ ਤੁਹਾਡੇ ਮੱਥੇ ਉੱਤੇ ਤਿਲਕ ਲਗਾ ਕੇ ਤੁਹਾਨੂੰ ਆਸ਼ੀਰਵਾਦ ਦੇਣ ਲੱਗ ਜਾਂਦੇ ਹਨ। ਤਿਲਕ ਲਗਾਉਣ ਬਾਅਦ ਤੁਹਾਨੂੰ ਇਹ ਕਹਿਕੇ ਪ੍ਰਸ਼ਾਦ ਵੀ ਦਿੰਦੇ ਹਨ ਕਿ ਇਹ ਫਲਾਣੇ ਮੰਦਰ ਦਾ ਪ੍ਰਸ਼ਾਦ ਹੈ। ਇਹ ਠੱਗ ਆਪਣੇ ਬੋਲਚਾਲ ਵਿੱਚ ਕਿਸੇ ਵੱਡੇ ਮੰਦਰ ਦਾ ਨਾਂ ਵੀ ਲੈਂਦੇ ਹਨ। ਜਿਵੇਂ ਕਿ ਵਾਰਾਣਸੀ ਦੇ ਰੇਲਵੇ ਸਟੇਸ਼ਨ ਉੱਤੇ ਮਿਲਣ ਵਾਲਾ ਇਸ ਪੇਸ਼ੇ ਵਿੱਚ ਲੱਗਾ ਪਖੰਡੀ ਤੁਹਾਨੂੰ ਇਹ ਕਹਿਕੇ ਤੁਹਾਡੀ ਯਾਤਰਾ ਖ਼ੁਸ਼ੀ ਭਰਪੂਰ ਹੋਣ ਦਾ ਆਸ਼ੀਰਵਾਦ ਦੇਵੇਗਾ ਕਿ ਇਹ ਪ੍ਰਸ਼ਾਦ ਕਾਸ਼ੀ ਵਿਸ਼ਵਨਾਥ ਮੰਦਰ ਦਾ ਹੈ।

ਸਪੱਸ਼ਟ ਜਿਹੀ ਗੱਲ ਹੈ ਕਿ ਏਨੇ ਵੱਡੇ ਮੰਦਰ ਦਾ ਨਾਂ ਸੁਣਨ ਦੇ ਬਾਅਦ ਵਾਰਾਣਸੀ ਤੋਂ ਲੰਘਣ ਵਾਲਾ ਕੋਈ ਵੀ ਰੇਲਯਾਤਰੀ ਬਿਨਾਂ ਕੁੱਝ ਸੋਚੇ ਸਮੱਝੇ ਆਪਣੀ ਸ਼ਰਧਾ ਦੇ ਅਨੁਸਾਰ ਉਸ ਅਖੌਤੀ ਪੰਡਤ ਨੂੰ ਆਪਣੀ ਸ਼ਰਧਾ ਅਤੇ ਹੈਸੀਅਤ ਦੇ ਅਨੁਸਾਰ ਕੁੱਝ ਨਾ ਕੁੱਝ ਦਾਨ ਜ਼ਰੂਰ ਦੇ ਦੇਂਦਾ ਹੈ।

ਇੱਥੇ ਇਹ ਗੱਲ ਅਸਾਨੀ ਨਾਲ ਸਮਝੀ ਜਾ ਸਕਦੀ ਹੈ ਕਿ ਜਦ ਆਮ ਆਦਮੀ ਕਿਸੇ ਭਿਖਾਰੀ ਜਾਂ ਵਿਹਲੜ ਨੂੰ ਇੱਕ ਦੋ ਰੁਪਏ ਦਾਨ ਵਿੱਚ ਦੇਂਦਾ ਹੈ, ਤਾਂ ਅਜਿਹਾ ਕੋਈ ਬੰਦਾ ਉਹਨਾਂ ਪਖੰਡੀਆਂ ਦੁਆਰਾ ਤਿਲਕ ਲਗਾਉਣ, ਪ੍ਰਸ਼ਾਦ ਦੇਣ ਅਤੇ ਯਾਤਰਾ ਦੇ ਖ਼ੁਸ਼ੀਭਰਪੂਰ ਹੋਣ ਦਾ ਆਸ਼ੀਰਵਾਦ ਦੇਣ ਦੇ ਨਾਂ ਉੱਤੇ ਅਤੇ ਨਾਲ ਹੀ ਮੰਦਰ ਜਾਂ ਤੀਰਥਸਥਾਨ ਦਾ ਨਾਂ ਲੈਣ ਉੱਤੇ ਭਲਾ 5-10 ਜਾਂ 20 ਰੁਪਏ ਤੋਂ ਘੱਟ ਦਾ ਦਾਨ ਕਿਉਂ ਦੇਵੇਗਾ? ਕੋਈ ਕੋਈ ਸ਼ਰਧਾਲੂ ਤਾਂ ਸੌ ਪੰਜਾਹ ਰੁਪਏ ਵੀ ਇਹਨਾਂ ਪਖੰਡੀਆਂ ਨੂੰ ਦੇ ਕੇ ਇਹਨਾਂ ਦੀ ਹੋਰ ਵੀ ਹੌਂਸਲਾ ਅਫ਼ਜਾਈ ਕਰ ਦੇਂਦੇ ਹਨ।

ਇੱਥੇ ਆਮ ਆਦਮੀ ਇਹ ਸੋਚਣ ਦੀ ਪਰੇਸ਼ਾਨੀ ਨਹੀਂ ਕਰਦਾ ਕਿ ਜਿਹੜੇ ਭਗਵਾਨ ਦੇ ਦਰਸ਼ਨ ਕਰਨ ਅਤੇ ਜਿਹੜੇ ਮੰਦਰ ਦਾ ਆਸ਼ੀਰਵਾਦ ਲੈਣ ਜਾਂ ਉਥੋਂ ਦਾ ਪ੍ਰਸ਼ਾਦ ਲੈਣ ਦੇ ਲਈ ਭਗਤ ਸੈਂਕੜੇ ਅਤੇ ਹਜ਼ਾਰਾਂ ਕਿਲੋਮੀਟਰ ਸਫ਼ਰ ਤੈਅ ਕਰਕੇ ਕਿਸੇ ਤੀਰਥ ਸਥਾਨ ਉੱਤੇ ਪਹੁੰਚਦੇ ਹਨ, ਉਹੀ ਦੇਵੀ ਦੇਵਤਾ, ਭਗਵਾਨ ਜਾਂ ਸੰਤ ਫ਼ਕੀਰ ਏਨੀ ਅਸਾਨੀ ਨਾਲ ਕਿਸੇ ਪਖੰਡੀ ਦੇ ਹੱਥਾਂ ਦਾ ਖਿਡੌਣਾ ਬਣਕੇ ਰੇਲਵੇ ਪਲੇਟਫਾਰਮ ਉੱਤੇ ਜਾਂ ਰੇਲ ਦੇ ਡੱਬਿਆਂ ਵਿੱਚ ਆਪ ਕਿਵੇਂ ਆ ਸਕਦੇ ਹਨ ? ਮੰਦਰਾਂ ਵਿੱਚ ਜਾ ਕੇ ਮਿਲਣ ਵਾਲਾ ਪ੍ਰਸ਼ਾਦ ਭਗਤਾਂ ਦੇ ਪਾਸ ਬਸਾਂ, ਰੇਲਾਂ ਵਿੱਚ ਜਾਂ ਉਹਨਾਂ ਦੀ ਦਹਿਲੀਜ ਉੱਤੇ ਆਪ ਚੱਲ ਕੇ ਕਿਵੇਂ ਅਤੇ ਕਿਉਂ ਆ ਜਾਂਦਾ ਹੈ।

ਤੁਸਾਂ ਦੇਖਿਆ ਹੋਵੇਗਾ ਕਿ ਇਸੇ ਤਰ੍ਹਾਂ ਅਜਮੇਰ ਸ਼ਰੀਫ ਦੀ ਦਰਗਾਹ ਉੱਤੇ ਚਾਦਰ ਚੜ੍ਹਾਉਣ ਦੇ ਨਾਂ ਉੱਤੇ ਉਸੇ ਚਾਦਰ ਦੇ ਚਾਰੋਂ ਕੋਨੇ ਫੜ੍ਹ ਕੇ ਠੱਗ ਲੋਕ ਗਲੀ ਕਸਬਿਆਂ ਅਤੇ ਬਜ਼ਾਰਾਂ ਵਿੱਚ ਘੁੰਮਦੇ ਦਿਖਾਈ ਦੇਂਦੇ ਹਨ।

ਸ਼ਰਧਾਲੂ ਲੋਕ ਆਪਦੀ ਸ਼ਰਧਾਂ ਦੇ ਮੁਤਾਬਿਕ ਉਨ੍ਹਾਂ ਦੀ ਚਾਦਰ ਵਿੱਚ ਰੁਪਏ-ਪੈਸੇ ਸੁੱਟਣ ਲੱਗਦੇ ਹਨ। ਇਹ ਲੋਕ ਵੀ ਭਗਤਾਂ ਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਇਹ ਖਾਸ ਚਾਦਰ ਫਲਾਣੀ ਦਰਗਾਹ ਵਿੱਚ ਲੈ ਜਾ ਕੇ ਮਜ਼ਾਰ ਉੱਤੇ ਚੜ੍ਹਾਈ ਜਾਵੇਗੀ। ਇਸ ਲਈ, ਤੁਸੀਂ ਵੀ ਇਸ ਵਿੱਚ ਆਪਣੀ ਆਰਥਿਕ ਮਦਦ ਦੇ ਕੇ ਇਸ ਧਾਰਮਕ ਅਤੇ ਆਸਥਾ ਨਾਲ ਜੁੜੇ ਕੰਮ ਵਿੱਚ ਸਹਿਯੋਗੀ ਬਣੋ। ਸ਼ਰਧਾਲੂ ਲੋਕ ਇਹਨਾਂ ਦੇ ਝਾਂਸੇ ਵਿੱਚ ਬਹੁਤ ਅਸਾਨੀ ਨਾਲ ਆ ਵੀ ਜਾਂਦੇ ਹਨ।

ਬੇਰੁਜ਼ਗਾਰੀ ਦੇ ਇਸ ਦੌਰ ਵਿੱਚ ਬਿਨਾਂ ਮਿਹਨਤ ਕੀਤੇ ਪੈਸਾ ਕਮਾਉਣ ਦੀ ਸੋਚ ਰੱਖਣ ਵਾਲੇ ਸਾਰੇ ਪਖੰਡੀ ਲੋਕ ਇਸ ਤਰ੍ਹਾਂ ਦੇ ਧੰਦੇ ਵਿੱਚ ਬੜੀ ਅਸਾਨੀ ਨਾਲ ਸ਼ਾਮਲ ਹੋ ਜਾਂਦੇ ਹਨ।

ਸਾਰੇ ਦੇਸ਼ ਵਿੱਚ ਕਿੱਧਰੇ ਕੋਈ ਕਿਸੇ ਗਾਂ ਦੀ ਪਿੱਠ ਉੱਤੇ ਚਾਦਰ ਪਾ ਕੇ ਗਊਮਾਤਾ ਦੇ ਭੋਜਨ ਦੇ ਨਾਂ ਉੱਤੇ ਦਰਵਾਜ਼ੇ-ਦਰਵਾਜ਼ੇ ਜਾ ਕੇ ਭਗਤਾਂ ਤੋਂ ਪੈਸੇ ਜਾਂ ਰਾਸ਼ਨ ਮੰਗਦਾ ਹੈ, ਕੋਈ ਆਪਣੇ ਨਾਲ ਸਾਂਈ ਬਾਬਾ ਦਾ ਮੰਦਰ ਸਜਾ ਕੇ ਗਲੀ-ਗਲੀ ਘੁੰਮ-ਘੁੰਮ ਕੇ ਸਾਂਈ ਬਾਬੇ ਦਾ ਆਸ਼ੀਰਵਾਦ ਦਰਵਾਜ਼ੇ-ਦਰਵਾਜ਼ੇ ਪਹੁੰਚਾਉਂਦਾ ਦਿਖਾਈ ਦੇਂਦਾ ਹੈ।

ਕੀ ਦੇਵੀ ਦੇਵਤਿਆਂ, ਭਗਵਾਨ ਜਾਂ ਸੰਤ ਫਕੀਰਾਂ ਦੇ ਚਿੱਤਰ ਲੈ ਕੇ, ਉਨ੍ਹਾਂ ਦੇ ਨਾਂ ਦੀ ਗਲਤ ਵਰਤੋਂ ਕਰ ਕੇ ਘਰ ਘਰ, ਗਲੀ ਗਲੀ, ਦਰਵਾਜ਼ੇ-ਦਰਵਾਜ਼ੇ ਜਾ ਕੇ ਲੋਕਾਂ ਨੂੰ ਠੱਗਣ ਦਾ ਨਾਂ ਹੀ ਧਰਮ ਹੈ ?

ਸਾਧਾਰਨ ਅਤੇ ਪ੍ਰਚੱਲਤ ਨਿਯਮਾਂ ਵੱਲੋਂ ਵੀ ਗੌਰ ਨਾਲ ਦੇਖੋ, ਤਾਂ ਤੁਸੀਂ ਇਹੀ ਦੇਖੋਗੇ ਕਿ ਕੋਈ ਵੀ ਦੋ ਵਾਕਫ ਇੱਥੋਂ ਤੱਕ ਕਿ ਰਿਸਤੇਦਾਰ, ਸਕੇ ਸੰਬੰਧੀ ਵੀ ਬਿਨਾਂ ਕਿਸੇ ਸੱਦੇ ਦੇ ਇੱਕ ਦੂਜੇ ਦੇ ਘਰ ਨਹੀਂ ਜਾਂਦੇ, ਫੇਰ ਆਖਰ ਦੇਵੀ ਦੇਵਤਿਆਂ ਭਗਵਾਨਾਂ ਨੂੰ ਇਹਨਾਂ ਪਖੰਡੀਆਂ ਠੱਗਾਂ ਦੇ ਹੱਥਾਂ ਦਾ ਖਿਡੌਣਾ ਬਣਕੇ ਦਰ-ਦਰ ਭਟਕਣ ਜਾਂ ਰੇਲਵੇ ਸਟੇਸ਼ਨਾਂ ਅਤੇ ਬਜ਼ਾਰਾਂ ਵਰਗੀ ਸਰਵਜਨਕ ਥਾਵਾਂ ਉੱਤੇ ਜਾਣ ਦਾ ਕੀ ਮਤਲਬ ਹੈ ?

**ਧੰਨਵਾਦ ਸਹਿਤ ਮੈਗਜ਼ੀਨ: 'ਸਰਸ ਸਲਿਲ' ਨਵੰਬਰ 2014**

# ਮੈਂ ਤੇ ਮੇਰਾ ਹੈਲਮਟ



ਹਫ਼ਤੇ ਪਹਿਲਾਂ ਦੀ ਗੱਲ ਹੈ ਕਿ ਸਵੇਰੇ 9 ਵਜੇ ਮੈਂ ਆਪਣੀ ਪਤਨੀ ਕੁਲਦੀਪ ਕੌਰ ਤੇ ਬੇਟਾ ਰਾਜਦੀਪ ਨਾਲ ਮੋਟਰਸਾਇਕਲ ਤੇ ਸ਼ਹਿਰ ਵੱਲ ਨੂੰ ਆ ਰਿਹਾ ਸੀ ਅੱਗੋਂ ਆਉਂਦੇ ਇੱਕ ਤੇਜ਼ ਟਰੱਕ ਨੇ ਆਪਣੀ ਸਾਈਡ ਦਰੱਖ਼ਤ ਦਾ ਟਾਣਾ ਨੀਵਾਂ ਹੋਇਆ ਵੇਖਕੇ, ਸਾਡੇ ਵਾਲੀ ਸਾਈਡ ਨੂੰ ਹੀ ਕੱਟ ਲਿਆ। ਮੈਂ ਮੋਟਰਸਾਇਕਲ ਨੂੰ ਕੱਚੇ ਵਿੱਚ ਉਤਾਰ ਲਿਆ। ਕੱਚੇ ਵਿੱਚ 15 ਫੁੱਟ ਅੱਗੇ ਜਾ ਬਣੇ ਪਾਣੀ ਦੇ ਟੋਏ ਵਿੱਚ ਟਾਇਰ ਤਿਲਕ ਗਿਆ, ਜਿਸ ਕਰਕੇ ਅਸੀਂ ਸੜਕ ਉੱਪਰ ਡਿੱਗ ਪਏ। ਮੈਂ ਜਲਦੀ ਨਾਲ ਹੈਲਮਟ ਨੂੰ ਸਿਰ ਤੋਂ ਅਲੱਗ ਕਰਕੇ, ਪਤਨੀ ਅਤੇ ਬੱਚੇ ਨੂੰ ਚੁੱਕ ਲਿਆ, ਕੱਪੜਿਆਂ ਤੇ ਲੱਗੇ ਬਲੱਡ ਕਰਕੇ ਮੈਨੂੰ ਇਹ ਪਤਾ ਨਹੀਂ ਸੀ ਲੱਗ ਰਿਹਾ ਕਿ ਕਿਸਦੇ ਕਿੰਨੀ ਸੱਟ ਲੱਗੀ ਹੈ। ਜਦੋਂ ਮੈਂ ਗੌਰ ਨਾਲ ਵੇਖਿਆ ਮੇਰੀ ਪਤਨੀ ਦੇ ਸਿਰ ਵਿੱਚੋਂ ਖ਼ੂਨ ਵਗ ਰਿਹਾ ਸੀ। ਬੱਚਾ ਦੋਹਾਂ ਦੇ ਵਿਚਕਾਰ ਬੈਠਾ ਹੋਣ ਕਰਕੇ ਤਿੜਕਣ ਤੋਂ ਬਚ ਗਿਆ। ਉੱਥੇ ਕੁੱਝ ਹਮਦਰਦ ਲੋਕਾਂ ਦੀ ਮਦਦ ਨਾਲ ਮੈਂ ਆਪਣੀ ਪਤਨੀ ਨੂੰ ਗੱਡੀ ਰਾਹੀਂ ਹਸਪਤਾਲ ਲੈ ਗਿਆ ਉਥੇ ਇਕੱਠੇ ਹੋਏ ਲੋਕ ਮੇਰੇ ਹੈਲਮਟ ਕਾਰਨ ਹੋਏ 100% ਬਚਾਓ ਬਾਰੇ ਚਰਚੇ ਕਰ ਰਹੇ ਸਨ ਪਹਿਲਾਂ ਮੇਰੇ ਪੂਰੇ ਪਿੰਡ ਵਿੱਚੋਂ ਕੋਈ ਵੀ ਵਿਅਕਤੀ ਹੈਲਮਟ ਨਹੀਂ ਸੀ ਪਾਉਂਦਾ। ਮੈਂ 2007 ਤੋਂ ਸਾਥੀ ਨਰਿੰਦਰ ਮਾਨਾਂ ਜੀ ਰਾਹੀਂ 'ਸ਼੍ਰੀ ਮੇਘ ਰਾਜ ਮਿੱਤਰ ਜੀ' ਦੇ ਸੰਪਰਕ ਵਿੱਚ ਆਇਆ ਹਾਂ। ਜਦੋਂ ਵੀ ਅਸੀਂ ਮੋਟਰਸਾਇਕਲ 'ਤੇ ਮਿੱਤਰ ਜੀ ਨੂੰ ਮਿਲਣ ਲਈ ਬਰਨਾਲੇ ਆਉਂਦੇ ਤਾਂ ਉਹਨਾਂ ਕਹਿਣਾ, "ਅਮਰੀਕ ਧਾਰਮਿਕ ਬੰਦੇ ਨੂੰ ਤਾਂ ਹੋਰ ਜਨਮ ਦੀ ਵੀ ਆਸ ਹੋ ਸਕਦੀ ਹੈ। ਪਰ ਸਾਨੂੰ ਨਹੀਂ ਅਸੀਂ ਆਪਣੀ ਕੀਮਤੀ ਜਾਨ ਨੂੰ ਐਂਵੇ ਕੌਡੀਆ ਦੇ ਭਾਅ ਨਹੀਂ ਜਾਣ ਦੇਣਾਂ ਤੁਹਾਡੇ ਸਿਰ 'ਤੇ ਪਾਇਆ ਹੈਲਮਟ ਸ਼ਰੀਰ ਨੂੰ ਕੰਟਰੋਲ ਕਰਨ ਵਾਲੇ ਅਹਿਮ ਅੰਗ ਦਿਮਾਗ ਨੂੰ ਸੁਰੱਖਿਅਤ ਰੱਖਦਾ ਹੈ।"

ਮਿੱਤਰ ਜੀ, ਤੋਂ ਪ੍ਰੇਰਨਾ ਲੈ ਅਸੀਂ ਹੈਲਮਟ ਪਾਉਣਾ ਸ਼ੁਰੂ ਕਰ ਦਿੱਤਾ ਤੇ ਲੋਕ ਵਿਅੰਗ ਵਿੱਚ ਕਹਿੰਦੇ "ਟੋਪਾ ਪਾਉਣ ਨੂੰ ਕਿਹੜਾ ਚੰਡੀਗੜ੍ਹ ਏ, ਨਾਲੇ ਅੱਗੇ ਕਿਹੜਾਂ ਪੁਲਸ ਖੜੀ ਆ।"

ਸਾਡੇ ਲੋਕਾਂ ਦੀ ਸਥਿਤੀ ਤਾਂ ਇਹ ਹੈ ਕਿ ਜਿਹੜੀ ਚੀਜ਼ ਇਹਨਾਂ ਦੇ ਭਲੇ ਲਈ ਹੁੰਦੀ ਹੈ, ਉਸਨੂੰ ਲਾਗੂ ਕਰਵਾਉਣ ਲਈ ਵੀ ਕਾਨੂੰਨ ਦੀ ਲੋੜ ਪੈਂਦੀ ਹੈ। ਸੋ ਪਿਆਰੇ ਸਾਥੀਓ, ਹੈਲਮਟ ਹਾਦਸੇ ਵਿੱਚ ਹੀ ਨਹੀਂ ਬਲਕਿ ਠੰਡ, ਧੁੱਪ, ਧੂੜ ਕਣ ਅਤੇ ਮੱਖੀ ਮੱਛਰ ਤੋਂ ਵੀ ਸਾਡੀ ਰੱਖਿਆ ਕਰਦਾ ਹੈ।

**– ਅਮਰੀਕ ਮਾਨਾਂ, ਮੋਬਾਈਲ: 98147-8670**

# ਭਗਵਾਨ ਦਾ ਨਹੀਂ ਵਾਸ਼ਨਾ ਦਾ ਪੁਜਾਰੀ

ਭਾਰਤ ਭੂਸ਼ਨ ਸ਼੍ਰੀ ਵਾਸਤਵ

ਧਰਮ ਕਰਮ ਦੇ ਦੁਕਾਨਦਾਰਾਂ, ਪੁਜਾਰੀਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਦੀ ਪੋਲ ਖੋਲ੍ਹਦੀ ਕੋਈ ਕਹਾਣੀ ਜਦ ਵੀ ਛਪਦੀ ਹੈ ਤਾਂ ਇਹਨਾਂ ਲੋਕਾਂ ਦੇ ਨਾਲ ਅੰਨ੍ਹੇ ਭਗਤ ਵੀ ਘਬਰਾ ਜਾਂਦੇ ਹਨ, ਕਿਉਂਕਿ ਧਰਮ ਦੀ ਇੱਕ ਹੋਰ ਨਫ਼ਰਤ ਪੈਦਾ ਕਰਨ ਵਾਲੀ ਸਚਾਈ ਦੁਨੀਆਂ ਦੇ ਸਾਹਮਣੇ ਹੁੰਦੀ ਹੈ, ਇਸ ਲਈ ਬਚਾਓ ਵਿੱਚ ਉਹ ਚੀਕਦੇ ਹੋਏ ਆਪਣੇ ਹੱਕ ਵਿੱਚ ਮਹੌਲ ਬਣਾਉਣ ਦੀ ਕੋਸ਼ਿਸ਼ ਕਰਦੇ ਰਹਿੰਦੇ ਹਨ ਕਿ ਇਹ ਕਹਾਣੀ ਮਨਘੜੰਤ ਹੈ ਜਾਂ ਜਾਣਬੁੱਝ ਕੇ ਧਰਮ ਅਤੇ ਉਸ ਦੇ ਰੱਖਵਾਲਿਆਂ ਨੂੰ ਬਦਨਾਮ ਕਰਨ ਦੀ ਇੱਛਿਆ ਨਾਲ ਰਚੀ ਗਈ ਹੈ।

ਕਦੋਂ, ਕਿਵੇਂ ਭਗਵਾਨ ਦੇ ਪੁਜਾਰੀ ਇਸਤਰੀਆਂ ਦੇ ਸ਼ਰੀਰ ਉੱਤੇ ਜੀਭ ਲਲਚਾਉਂਦੇ ਹੋਏ ਉਨ੍ਹਾਂ ਦੀ ਇੱਜ਼ਤ ਤਾਰ-ਤਾਰ ਕਰਿਆ ਕਰਦੇ ਹਨ, ਇਹ ਗੱਲਾਂ ਹੁਣ ਕਿਸੇ ਸਬੂਤ ਦੀ ਮੁਥਾਜ (ਲਾਚਾਰ;) ਨਹੀਂ ਰਹੀਆਂ ਹੈ ਅਤੇ ਰੋਜ਼ਾਨਾਂ ਦੇ ਮਾਮਲਿਆਂ ਤੋਂ ਉਜਾਗਰ (ਪ੍ਰਗਟ, ਪ੍ਰਸਿੱਧ, ਪ੍ਰਕਾਸ਼ਤ) ਵੀ ਹੁੰਦੀਆਂ ਰਹਿੰਦੀਆਂ ਹਨ।

ਫ਼ਰਕ ਸਿਰਫ ਇਹ ਹੈ ਕਿ ਮਸ਼ਹੂਰ ਸੰਤ ਆਸਾਰਾਮ ਬਾਪੂ ਰਸੂਖ ਵਾਲੇ ਸਨ, ਇਸ ਲਈ ਸੈਂਕੜੇ ਇਸਤਰੀਆਂ ਦਾ ਸ਼ਿਕਾਰ ਯਾਨੀ ਸ਼ੋਸ਼ਣ ਅਤੇ ਬਲਾਤਕਾਰ ਕਰਨ ਦੇ ਬਾਅਦ ਫੜ੍ਹੇ ਗਏ, ਜਦ ਕਿ ਮੋਹਨਦਾਸ ਉਨ੍ਹਾਂ ਦੇ ਮੁਕਾਬਲੇ ਬਹੁਤ ਛੋਟੇ ਲੈਵਲ ਦਾ ਸੀ, ਇਸ ਲਈ ਛੇਤੀ ਪਕੜ੍ਹਿਆ ਗਿਆ ਅਤੇ ਆਸਾਰਾਮ ਬਾਪੂ ਵਾਂਗ ਹੀ ਜੇਲ ਵਿੱਚ ਭਜਨ ਕਰ ਰਿਹਾ ਹੈ ਕਿ ਹੇ ਭਗਵਾਨ, ਤੂੰ ਵਾਕਈ ਨਹੀਂ ਹੈ ਜੋ ਆਪਣੇ ਇਸ ਭਗਤ ਨੂੰ ਬਚਾਉਣ ਨਹੀਂ ਆ ਰਿਹਾ ਹੈ।

ਪੂਜਾ ਅਤੇ ਪੁਜਾਰੀ : ਅਫ਼ੀਮ ਦੀ ਖੇਤੀ ਅਤੇ ਸਮੱਗਲਿੰਗ ਦੇ ਲਈ ਮਸ਼ਹੂਰ ਮੱਧ ਪ੍ਰਦੇਸ਼ ਦਾ ਰਤਲਾਮ ਸ਼ਹਿਰ ਪੱਛਮ ਰੇਲਵੇ ਦਾ ਇੱਕ ਵੱਡਾ ਜੰਕਸ਼ਨ ਵੀ ਹੈ, ਜਿਸ ਦੀਆਂ ਹੱਦਾਂ ਰਾਜਸਥਾਨ ਅਤੇ ਗੁਜਰਾਤ ਨੂੰ ਛੂੰਹਦੀ ਹਨ। ਇਸ ਸ਼ਹਿਰ ਦੀ ਨਮਕੀਨ ਵੀ ਸਾਰੇ ਦੇਸ਼ ਵਿੱਚ ਬਹੁਤ ਵਿਕਦੀਆਂ ਹਨ। ਰਤਲਾਮ ਦੀ ਇੱਕ ਸਿਫਤ ਧਰਮਕਰਮ ਦੇ ਕੰਮ ਵੀ ਹਨ। ਇੱਥੇ ਵੱਡੀ ਗਿਣਤੀ ਵਿੱਚ ਸਾਰੇ ਧਰਮਾਂ ਦੇ ਸਥਾਨ ਹਨ, ਜਿਹਨਾਂ ਵਿੱਚ ਸਵੇਰੇ ਦੇ 4 ਵਜੇ ਤੋਂ ਲੈ ਕੇ ਦੇਰ ਰਾਤ ਤੱਕ ਭਜਨ ਪੂਜਨ, ਕੀਰਤਨ ਅਤੇ ਸੀਜਨ ਵਿੱਚ ਭੰਡਾਰੇ ਹੋਇਆ ਕਰਦੇ ਹਨ।



ਇਨ੍ਹਾਂ ਧਰਮਸਥਾਨਾਂ ਵਿੱਚ ਇੱਕ ਵੱਡਾ ਨਾਂ ਸ਼੍ਰੀ ਹਨੂੰਮਾਨ ਮੰਦਰ ਦਾ ਵੀ ਹੈ। ਇਸ ਦੀ ਗਊਸ਼ਾਲਾ ਵਿੱਚ ਪਲ ਰਹੀਆਂ ਗਊਆਂ ਦੇ ਨਾਂ ਉੱਤੇ ਵੀ ਬਹੁਤ ਦਾਨ ਦੱਛਣਾ ਆਉਂਦੀ ਹੈ, ਪਰ ਗਊਆਂ ਦੇ ਪੇਟ ਵਿੱਚ ਉਸ ਦਾ ਹਜ਼ਾਰਵਾਂ ਹਿੱਸਾ ਵੀ ਨਹੀਂ ਆਉਂਦਾ ਹੈ। ਉਨ੍ਹਾਂ ਨੂੰ ਬਸ ਖਾਣਪੀਣ ਲਾਇਕ ਚਾਰਾ, ਦਾਣਾਪਾਣੀ ਦਿੱਤਾ ਜਾਂਦਾ ਹੈ, ਜਿਸ ਨਾਲ ਉਹ ਜਿਉਂਦਾ ਰਹਿਣ ਅਤੇ ਆਮ ਲੋਕ ਉਹਨਾਂ ਦੀ ਫਿਕਰ ਕਰਦੇ ਹੋਏ ਆਪਣੀ ਜੇਬ ਹੱਲਕੀ ਕਰਦੇ ਰਹਿਣ।

ਕਿਸੇ ਵੀ ਸਿੱਧੇ ਸਾਦੇ ਬੰਦੇ ਨੂੰ ਅੱਲ੍ਹਾ ਮੀਆਂ ਦੀ ਗਊ ਇਸ ਲਈ ਕਿਹਾ ਜਾਂਦਾ ਹੈ ਕਿ ਉਸ ਕਿੰਨੇ ਵੀ ਜ਼ੁਲਮ ਸਿਤੱਮ ਕਰ ਲਓ, ਉਹ ਗਾਂ ਵਾਂਗ ਕਦੇ ਵਿਰੋਧਤਾ ਨਹੀਂ ਕਰਦਾ।

ਅਜਿਹੀ ਹੀ ਅੱਲਾ ਮੀਆਂ ਦੀ ਇੱਕ ਗਾਂ ਯਾਨੀ ਲੜਕੀ ਪੂਜਾ (ਬਦਲਿਆਂ ਨਾਂ) ਸੀ, ਜਿਸ ਦੀ ਉਮਰ ਲੱਗਭਗ 17 ਸਾਲ ਸੀ। ਉਹ ਗਰੀਬ ਸੀ, ਪਰੰਤੂ ਗਰੀਬ ਲੜਕੀ ਦਾ ਖ਼ੂਬਸੂਰਤ ਹੋਣਾ ਕੋਈ ਮਾਇਨੇ ਨਹੀਂ ਰੱਖਦੇ। ਕਾਰਨ, ਉਸ ਦੀ ਹਾਲਤ ਸੜਕ ਕਿਨਾਰੇ ਖੜ੍ਹੇ ਅੰਬ ਦੇ ਦਰੱਖਤ ਵਾਂਗ ਹੁੰਦੀ ਹੈ, ਜਿਸ ਉੱਤੇ ਹਰ ਕੋਈ ਪੱਥਰ ਮਾਰਦਾ ਰਹਿੰਦਾ ਹੈ ਜਿਸ ਦਾ ਨਿਸ਼ਾਨਾ ਠੀਕ ਲੱਗਦਾ ਹੈ, ਉਹ ਡਿੱਗੇ ਫ਼ਲ ਨੂੰ ਆਪਣੀ ਝੋਲੀ ਵਿੱਚ ਪਾ ਕੇ ਉਥੋਂ ਚੱਲਦਾ ਬਣਦਾ ਹੈ।

ਇਹੀ ਹਾਲ ਪੂਜਾ ਦਾ ਸੀ। ਉਹ ਗੁੰਦਵੇਂ ਸ਼ਰੀਰ ਦੀ ਸੀ। ਉਸ ਦੇ ਨੈਨ ਨਕਸ਼ ਏਨੇ ਮਾਸੂਮ ਅਤੇ ਖਿੱਚਾਅ ਵਾਲੇ ਸਨ ਕਿ ਸ਼ਰਾਰਤੀ ਆਪਣੇ-ਆਪ ਨੂੰ ਇਹ ਕਹਿਣ ਤੋਂ ਨਹੀਂ ਰੋਕ ਸਕਦੇ ਸਨ ਕਿ ਜੇਕਰ ਇਹ ਮੁੰਬਈ ਵਿੱਚ ਪੈਦਾ ਹੁੰਦੀ ਤਾਂ ਖ਼ੂਬਸੂਰਤ ਹੀਰੋਇਨਾਂ ਨੂੰ ਵੀ ਪਾਣੀ ਪਿਲਾ ਦਿੰਦੀ।

ਪੂਜਾ ਦੀ ਖਿੜਦੀ ਜਵਾਨੀ ਉੱਤੇ ਗਿਰਝ ਦੀਆਂ ਨਜ਼ਰਾਂ ਗਡਾਏ ਲੋਕ ਹਰ ਸੰਭਵ ਕੋਸ਼ਿਸ਼ ਕਰਦੇ ਸਨ ਕਿ ਉਹ ਇੱਕ ਵਾਰੀ ਮੁਸਕਰਾ ਕੇ ਜਾਂ ਨਜ਼ਰ ਚੁੱਕ ਕੇ ਦੇਖੇ, ਤਾਂ ਗੱਲ ਅੱਗੇ ਵਧੇ, ਪਰ ਉਹ ਕਿਸੇ ਨੂੰ ਘਾਹ ਨਹੀਂ ਪਾਂਦੀ ਸੀ। ਗਰੀਬ ਦੀ ਜੁਆਨ ਹੁੰਦੀ ਲੜਕੀ ਸਮੇਂ ਤੋਂ ਪਹਿਲਾਂ ਸਮਝਦਾਰ ਹੋ ਜਾਂਦੀ ਹੈ, ਇਹੀ ਪੂਜਾ ਦੇ ਨਾਲ ਹੋਇਆ ਸੀ।

ਭਾਵੇਂ ਪੂਜਾ ਦੀ ਉਮਰ ਮੌਜ ਮਸਤੀ ਕਰਨ, ਕਾਲਜ ਜਾਣ ਅਤੇ ਆਪਣੇ ਦਿਲ ਵਿੱਚ ਪਲ ਰਹੀਆਂ ਇੱਛਾਵਾਂ ਪੂਰੀਆਂ ਕਰਨ ਦੀ ਸੀ, ਪਰ ਹਾਲਤ ਉਸਦੇ ਹੱਕ ਵਿੱਚ ਨਹੀਂ ਸਨ, ਇਸ ਲਈ ਉਹ ਅਜਿਹੇ ਸੁਪਨਿਆਂ ਤੋਂ ਘਬਰਾਉਂਦੀ ਸੀ ਅਤੇ ਸਚਾਈ ਦੀ ਦੁਨੀਆਂ ਵਿੱਚ ਰਹਿਣਾ ਜ਼ਿਆਦਾ ਪਸੰਦ ਕਰਦੀ ਸੀ, ਜਿਸ ਦਾ ਮਤਲਬ ਬੁੱਢੇ ਹੁੰਦੇ ਜਾ ਰਹੇ ਮਾਂ ਪਿਉਂ ਦੀ ਚਿੰਤਾ ਅਤੇ ਰੋਜ਼ ਸਵੇਰੇ ਸ਼ਾਮ ਘਰ ਦਾ ਚੁੱਲ੍ਹਾ ਜਲਾਉਣ ਦੀ ਫਿਕਰ ਕਰਨਾ ਸੀ।

ਪੂਜਾ ਦਾ ਭਰਾ ਹਨੂੰਮਾਨ ਮੰਦਰ ਵਿੱਚ ਸਾਫ਼-ਸਫ਼ਾਈ ਦਾ ਕੰਮ ਕਰਦਾ ਸੀ, ਇਸ ਲਈ ਉਸ ਨੇ ਭੈਣ ਨੂੰ ਵੀ ਉਥੇ ਹੀ ਕੰਮ ਉੱਤੇ ਲਗਵਾ ਦਿੱਤਾ ਸੀ। ਇਸਦੇ ਪਿੱਛੇ ਉਸਦਾ ਸੋਚਣਾ ਇਹ ਸੀ ਕਿ ਮੰਦਰ ਵਿੱਚ ਕੰਮ ਕਰੇਗੀ, ਤਾਂ ਅੱਖਾਂ ਦੇ ਸਾਹਮਣੇ ਰਹੇਗੀ ਅਤੇ ਲੋਕਾਂ ਦੀਆਂ ਗੰਦੀਆਂ ਨਜ਼ਰਾਂ ਤੋਂ ਵੀ ਬਚੀ ਰਹੇਗੀ।

ਪੂਜਾ ਨੂੰ ਮੰਦਰ ਦੇ ਪੁਜਾਰੀ ਮੋਹਨਦਾਸ ਦਾ ਖਾਣਾ ਬਣਾਉਣ ਅਤੇ ਉਸਦੇ ਜੂਠੇ ਭਾਂਡੇ ਸਾਫ਼ ਕਰਨ ਦਾ ਕੰਮ ਮਿਲਿਆ ਸੀ। ਇਸ ਦੇ ਬਦਲੇ ਵਿੱਚ ਉਸਨੂੰ ਮਹੀਨੇ ਦੇ ਹਜ਼ਾਰ 5 ਸੌ ਰੁਪਏ ਮਿਲਦੇ ਸਨ, ਪਰ ਫਾਇਦਾ ਅਤੇ ਲਾਲਚ ਮੁਫ਼ਤ ਦੇ ਪਾਈਆ ਭਰ ਹੀ ਸਹੀ ਦੁੱਧ ਦਾ ਵੀ ਉਸਨੂੰ ਰਹਿੰਦਾ ਸੀ, ਜਿਸ ਵਿੱਚ ਮਾਂ ਬਾਪ ਦੇ ਲਈ ਚਾਹ ਬਣ ਜਾਂਦੀ ਸੀ।

ਮੋਹਨਦਾਸ ਕੋਈ ਐਰਾ ਗੈਰਾ ਬਾਬਾ

ਵੀ ਨਹੀਂ ਸੀ। ਉਹ ਦਿਗੰਬਰ ਅਖਾੜੇ ਦਾ ਨਾਗਾ ਸੰਤ ਸੀ, ਜਿਸ ਦੇ ਬਾਰੇ ਵਿੱਚ ਮਸ਼ਹੂਰ ਹੈ ਕਿ ਉਹ ਖ਼ੁਸ਼ ਹੋ ਜਾਣੇ ਤਾਂ ਮਾਲਾਮਾਲ ਕਰ ਦਿੰਦੇ ਹਨ ਅਤੇ ਮਜ਼ਾਕ ਉਡਾਉਣ ਜਾਂ ਦੂਜੇ ਕਿਸੇ ਕਾਰਨ ਤੋਂ ਗੁੱਸਾ ਹੋ ਜਾਵੇ, ਤਾਂ ਆਦਮੀ ਨੂੰ ਰਾਜੇ ਤੋਂ ਰੰਕ ਬਣਾ ਦਿੰਦੇ ਹਨ। ਉਸਨੇ ਆਪਣੇ ਪਾਸ ਕਈ ਤਾਂਤਰਿਕ ਸਿੱਧੀਆਂ ਹੋਣ ਦਾ ਪ੍ਰਚਾਰ ਵੀ ਬਹੁਤ ਕਰਾਇਆ ਹੋਇਆ ਸੀ। ਇਹੀ ਵਜ੍ਹਾ ਸੀ ਕਿ ਉਸ ਦੇ ਭਗਤਾਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਸੀ। ਰਤਲਾਮ ਦੇ ਸਾਰੇ ਵੱਡੇ ਕਾਰੋਬਾਰੀ, ਲੀਡਰ ਅਤੇ ਪੱਤਰਕਾਰ ਮੋਹਨਦਾਸ ਦੇ ਪੈਰ ਛੂਹ ਕੇ ਉਸ ਤੋਂ ਆਸ਼ੀਰਵਾਦ ਲੈਂਦੇ ਸਨ ਮੋਟੀ ਦੱਖਸ਼ਨਾ ਚੜ੍ਹਾਂਦੇ ਸਨ।

**ਮੰਦਰ ਵਿੱਚ ਬਦਚਲਨੀ** : ਸ਼ੁਰੂ-ਸ਼ੁਰੂ ਵਿੱਚ ਗੱਲ-ਗੱਲ ਉੱਤੇ ਪੂਜਾ ਨੂੰ ਝਿੜਕਨ ਵਾਲੇ ਇਸ ਪਖੰਡੀ ਦੀ ਨਜ਼ਰ ਜਦ ਉਸ ਦੀ ਨਿਖਾਰ ਵਿੱਚ ਆਉਂਦੀ ਜਵਾਨੀ ਉੱਤੇ ਪਈ, ਤਾਂ ਉਸ ਦਾ ਸਾਰਾ ਬ੍ਰਹਮਚਾਰੀਆ ਪਾਨੀ ਵਿੱਚ ਮਿਲ ਗਿਆ। ਭਗਵਾਨ ਤੋਂ ਧਿਆਨ ਹਟਾ ਕੇ ਉਹ ਪੂਜਾ ਦੇ ਉਭਾਰਾਂ (ਛਾਤੀਆਂ) ਅਤੇ ਅੰਗਾਂ ਨੂੰ ਨਜ਼ਰਾਂ ਨਾਲ ਟੋਹਣ ਲੱਗਾ। ਪੂਜਾ ਇਹਨਾਂ ਹਰਕਤਾਂ ਤੋਂ ਬੇਖ਼ਬਰ ਸੀ, ਕਿਉਂਕਿ ਮੋਹਨਦਾਸ ਸੰਤ ਜੋ ਸੀ।

ਬੀਤੀ ਅਪਰੈਲ ਦੇ ਨਵਰਾਤਰ (ਨਰਾਤੇ) ਦੇ ਦਿਨਾਂ ਵਿੱਚ ਆਖਰਕਾਰ ਮੋਹਨਦਾਸ ਨੇ ਆਪਣੀ 'ਸੰਤਗਿਰੀ' ਦਿਖਾ ਹੀ ਦਿੱਤੀ। ਇਹਨਾਂ ਦਿਨਾਂ ਵਿੱਚ ਭਗਤਾਂ ਦੀ ਭੀੜ ਬਹੁਤ ਉਮੜਦੀ ਹੈ ਯਾਨੀ ਮੰਦਰਾਂ ਦਾ ਵੀ ਸੀਜਨ ਰਹਿੰਦਾ ਹੈ, ਇਸ ਲਈ ਪੂਜਾ ਨੂੰ ਦੇਰ ਰਾਤ ਤੱਕ ਰੁੱਕਣਾ ਪੈਂਦਾ ਸੀ।

ਭਗਤਾਂ ਨੂੰ ਨਿਬਟ ਕੇ ਇੱਕ ਰਾਤ ਨੂੰ ਬਾਬੇ ਨੇ ਉਸਨੂੰ ਆਪਣੀ ਵਾਸ਼ਨਾ ਦਾ ਸ਼ਿਕਾਰ ਬਣਾ ਹੀ ਦਿੱਤਾ। ਹੱਟੇ ਕੱਟੇ ਮੋਹਨਦਾਸ ਦੀ ਜ਼ਬਰਦਸਤੀ ਦੇ ਸਾਹਮਣੇ ਉਸ ਦੀ ਵਿਰੋਧਤਾ ਕਿਸੇ ਕੰਮ ਨਾ ਆਈ। ਸ਼ਿਕਾਰ ਕਰਨ ਤੋਂ ਪਹਿਲਾਂ ਉਸ ਨੇ ਪੂਜਾ ਨੂੰ ਬਹਿਲਾਉਣ-ਫੁਸਲਾਉਣ ਦੀ ਕੋਸ਼ਿਸ਼ ਕੀਤੀ ਸੀ ਅਤੇ ਜ਼ਬਰਦਸਤੀ ਕਰਨ ਦੇ ਬਾਅਦ ਧਮਕੀ ਵੀ ਦਿੱਤੀ ਸੀ ਕਿ ਜੇਕਰ ਕਿਸੇ ਨੂੰ ਦੱਸਿਆ, ਤਾਂ ਉਹ ਮੰਤਰਾਂ ਦੇ ਅਸਰ ਉਸ ਦੇ ਸਾਰੇ ਘਰ ਨੂੰ ਮੁਸੀਬਤ ਵਿੱਚ ਪਾ ਦੇਵੇਗਾ ਅਤੇ ਕੋਈ ਉਸ ਦੀ ਗੱਲ ਉੱਤੇ ਭਰੋਸਾ ਵੀ ਨਹੀਂ ਕਰੇਗਾ।

ਪੂਜਾ ਰੋਜ਼ਾਨਾ ਦੇਖਦੀ ਸੀ ਕਿ ਸ਼ਹਿਰ ਦੇ ਸਾਰੇ ਅਮੀਰ ਅਤੇ ਰਸੂਖਦਾਰ ਲੋਕ ਮੋਹਨਦਾਸ ਦੇ ਪੈਰਾਂ ਵਿੱਚ ਸਿਰ ਨਿਵਾਉਂਦੇ ਹਨ ਅਤੇ ਉਹ ਤਾਂਤਰਿਕ ਕ੍ਰਿਆਵਾਂ ਵੀ ਕਰਦਾ ਰਹਿੰਦਾ ਹੈ। ਇਹ ਉਹ ਮੋਹਨਦਾਸ ਦੀ ਧਮਕੀ ਵਿੱਚ ਆ ਗਈ।

ਕਲੀ ਤੋਂ ਫੁੱਲ ਬਣੀ ਪੁਜਾਰੀ ਦੀ ਹਵਸ਼ ਦੀ ਮਾਰੀ ਇਹ ਗਰੀਬ ਲੜਖੜਾਉਂਦੀ ਘਰ ਆਈ, ਪਰ ਕਿਸੇ ਨੂੰ ਕਹਿਣ ਦੀ ਹਿੰਮਤ ਨਾ ਜੁਟਾ ਸਕੀ। ਫਿਰ ਤਾਂ ਸਾਰੇ ਨਰਾਤੇ ਮੋਹਨਦਾਸ ਉਸਦਾ ਬਲਾਤਕਾਰ ਕਰਦਾ ਰਿਹਾ।

ਸਚਾਈ ਤਾਂ ਇਹ ਹੈ, 27 ਸਾਲਾਂ ਮੋਹਨਦਾਸ ਦਾ ਸੰਤ ਜ਼ਿੰਦਗੀ ਵਿੱਚ ਆਉਣ ਤੋਂ ਪਹਿਲਾਂ ਉਸ ਦਾ ਨਾਂ ਮਹੇਸ਼ ਪੰਚਾਲ ਸੀ, ਜਿਹੜਾ ਲੱਖਾਂ ਨੌਜਵਾਨਾਂ ਵਾਂਗ ਗਤੋਂਗਾ, ਮਾਲਦਾਰ ਬਣਨ ਦਾ ਸੁਪਨਾ ਦੇਖਿਆ ਕਰਦਾ ਸੀ।

ਸਾਧੂ ਬਣ ਜਾਣਾ ਤਾਂ ਉਸਨੂੰ ਇਸ ਲਈ ਠੀਕ ਲੱਗਿਆ ਕਿਉਂਕਿ ਇਸ ਵਿੱਚ ਪੜ੍ਹਾਈ ਲਿਖਾਈ ਜਾਂ ਕਿਸੇ ਖਾਸ ਹੁਨਰ ਦੀ ਜ਼ਰੂਰਤ ਨਹੀਂ ਹੁੰਦੀ, ਸਿਵਾਏ ਭਗਤਾਂ ਨੂੰ ਭਗਵਾਨ, ਧਰਮ ਅਤੇ ਤੰਤਰ-ਮੰਤਰ ਦੇ ਨਾਂ ਉੱਤੇ ਮੂਰਖ ਬਣਾਏ ਜਾਣਦੇ, ਜਿਸ ਦਾ ਮਾਹਰ ਉਹ ਸੰਤਾਂ ਦੀ ਸੰਗਤ ਵਿੱਚ ਹੋ ਗਿਆ ਸੀ।

9 ਦਿਨਾਂ ਤੱਕ ਲਗਾਤਾਰ ਜ਼ਬਰਦਸਤੀ ਸੈਕਸ ਕਰਨ ਨਾਲ ਪੂਜਾ ਏਨੀ ਘਬਰਾ ਗਈ ਕਿ ਉਸ ਨੇ ਨਰਾਤਿਆਂ ਦੇ ਬਾਅਦ ਮੰਦਰ ਜਾਣਾ ਹੀ ਛੱਡ ਦਿੱਤਾ। ਘਰ ਵਾਲਿਆਂ ਨੇ ਸਵਾਲ ਕੀਤੇ ਤਾਂ ਝੂਠਾ ਬਹਾਨਾ ਘੜ ਦਿੱਤਾ। ਡੇਢ ਮਹੀਨਾ ਸ਼ਾਂਤੀ ਨਾਲ ਬੀਤਿਆ। ਇਸ ਦੌਰਾਨ ਉਸ ਨੇ ਸੁਪਨੇ ਵਿੱਚ ਵੀ ਮੰਦਰ ਜਾਣ ਦਾ ਨਾਂ ਨਹੀਂ ਲਿਆ।

ਪ੍ਰੰਤੂ 20 ਜੂਨ ਦੀ ਲਿਸ਼ਕਦੀ ਗਰਮੀ ਵਿੱਚ ਮਾਂ-ਬਾਪ ਨੇ ਚਾਹ ਪੀਣ ਦੀ ਇੱਛਾ ਜ਼ਾਹਰ ਕੀਤੀ, ਤਾਂ ਉਹ ਬੁਝੇ ਮਨ ਨਾਲ ਦੁੱਧ ਲੈਣ ਗਊਸ਼ਾਲਾ ਜਾ ਪਹੁੰਚੀ ਉਸਨੂੰ ਦੇਖ ਕੇ ਮੋਹਨਦਾਸ ਦੀ ਵਾਸ਼ਨਾ ਫਿਰ ਜਾਗ ਉੱਠੀ ਅਤੇ ਉਹ ਪੂਜਾ ਦਾ ਹੱਥ ਫੜ ਕੇ ਕਮਰੇ ਵਿੱਚ ਲੈ ਜਾ ਕੇ ਫਿਰ ਪੁਰਾਣੇ ਕੁਕਰਮ ਵਿੱਚ ਜੁੱਟ ਗਿਆ।

ਇਸ ਵਾਰ ਪੂਜਾ ਨੇ ਹਿੰਮਤ ਦਿਖਾਉਂਦੇ ਹੋਏ ਭਾਈ ਅਤੇ ਮਾਂ-ਪਿਉਂ ਨੂੰ ਘਰ ਆ ਕੇ ਸਚਾਈ ਦੱਸੀ, ਤਾਂ ਸਭਨਾਂ ਦਾ ਖ਼ੂਨ ਖੌਲ ਉੱਠਿਆ ਉਹ ਜਿਸਨੂੰ ਭਗਵਾਨ ਦਾ ਦੂਤ ਸਮਝਦੇ ਸਨ, ਉਹ ਤਾਂ ਰਸੀਆ ਨਿਕਲਿਆ।

ਘਬਰਾਇਆ ਹੋਇਆ ਭਾਈ ਮੋਹਨਦਾਸ ਦੇ ਪਾਸ ਸ਼ਿਕਾਇਤ ਲੈ ਕੇ ਗਿਆ ਤਾਂ ਮੋਹਨਦਾਸ ਨੇ ਤਲਵਾਰ ਨਾਲ ਉਸਦੀ ਉਂਗਲੀ ਵੱਢ ਦਿੱਤੀ।

ਚਾਰੇ ਰਿਪੋਰਟ ਲਿਖਵਾਉਣ ਪੁਲਿਸ ਥਾਨੇ ਪਹੁੰਚੇ ਤਾਂ ਪਹਿਲਾਂ ਕਿਸੇ ਨੇ ਉਨ੍ਹਾਂ ਦੀ ਗੱਲ ਉੱਤੇ ਭਰੋਸਾ ਨਹੀਂ ਕੀਤਾ, ਪ੍ਰੰਤੂ ਪੂਜਾ ਦੀ ਹਾਲਤ ਦੱਸ ਰਹੀ ਸੀ ਕਿ ਉਹ ਝੂਠ ਨਹੀਂ ਬੋਲ ਰਹੀ ਹੈ।

ਇਸ ਲਈ ਉਦਯੋਗਿਕ ਵਿਕਾਸ ਥਾਨੇ ਦੇ ਇੰਚਾਰਜ ਇੰਸਪੈਕਟਰ ਓ.ਪੀ ਸ਼ਰਮਾ ਨੂੰ ਯਕੀਨ ਹੋ ਗਿਆ ਕਿ ਉਹ ਝੂਠ ਨਹੀਂ ਬੋਲ ਰਹੀ ਹੈ, ਤਾਂ ਉਹਨਾਂ ਨੇ ਰਤਲਾਮ ਦੇ ਇਸ ਪ੍ਰਸਿੱਧ ਬਾਬੇ ਦੇ ਖਿਲਾਫ ਨਾ ਸਿਰਫ਼ ਐਫ.ਆਈ.ਆਰ ਦਰਜ ਕੀਤੀ ਸਗੋਂ ਉਸਨੂੰ ਗ੍ਰਿਫਤਾਰ ਕਰਨ ਦੀ ਹਿੰਮਤ ਵੀ ਦਿਖਾ ਦਿੱਤੀ।

ਬਾਬਾ ਮੋਹਨਦਾਸ ਦੇ ਗ੍ਰਿਫਤਾਰ ਹੁੰਦੇ ਸਾਰ ਰਤਲਾਮ ਵਿੱਚ ਹਲਚਲ ਮੱਚ ਗਈ। ਕਈ ਰਸੂਖਦਾਰਾਂ ਦੇ ਫੋਨ ਥਾਨੇ ਵਿੱਚ ਆਏ ਅਤੇ ਆਹਲਾ ਅਫ਼ਸਰਾਂ ਦੇ ਮੋਬਾਈਲ ਫ਼ੋਨ ਵੱਜੇ, ਤੱਦ ਤੱਕ ਪੁਲਿਸ ਉਸਦੇ ਵਿਰੁੱਧ ਬਲਾਤਕਾਰ ਅਤੇ ਪੀੜਤਾ ਦੇ ਨਾਬਾਲਗ ਹੋਣ ਦੇ ਕਾਰਨ 'ਲਿੰਗਕ ਅਪਰਾਧਾਂ ਨਾਲ ਬਾਲ ਸੁਰੱਖਿਆ ਐਕਟ' ਦੇ ਤਹਿਤ ਮਾਮਲਾ ਦਰਜ ਕਰ ਚੁੱਕੀ ਸੀ। ਥਾਨੇ ਵਿੱਚ ਬੈਠਿਆ ਮੋਹਨਦਾਸ ਆਪਦੇ-ਆਪ ਨੂੰ ਬੇਕਸੂਰ ਦੱਸਦਾ ਰਿਹਾ, ਪਰ ਹੁਣ ਤੱਕ ਪੂਜਾ ਦੀ ਮੈਡੀਕਲ ਰਿਪੋਰਟ ਆ ਚੁੱਕੀ ਸੀ, ਜਿਸ ਤੋਂ ਸਾਫ਼ ਹੋ ਗਿਆ ਸੀ ਕਿ ਉਸ ਦੇ ਨਾਲ ਜ਼ੋਰ-ਜਬਰਦਸਤੀ ਕੀਤੀ ਗਈ ਸੀ। ਅਦਾਲਤ ਨੇ ਮੋਹਨਦਾਸ ਨੂੰ ਦੋ ਦਿਨ ਦੇ ਰਿਮਾਂਡ ਉੱਤੇ ਲੈਣ ਦੀ ਆਗਿਆ ਦੇ ਦਿੱਤੀ।

ਇਸ ਵਾਰਦਾਤ ਤੋਂ ਇੱਕ ਵਾਰ ਫਿਰ ਸਾਬਤ ਹੋ ਗਿਆ ਕਿ ਕਿਵੇਂ ਸਾਧੂਸੰਤ ਗਰੀਬ ਲੜਕੀਆਂ ਨੂੰ ਆਪਣੀ ਹਵਸ਼ ਦਾ ਸ਼ਿਕਾਰ ਬਣਾਉਂਦੇ ਹਨ ਅਤੇ ਭਗਵੇਂ ਕੱਪੜੇ ਪਾ ਕੇ ਮੰਦਰਾਂ ਵਿੱਚ ਬਲਾਤਕਾਰ ਕਰਦੇ ਹਨ। ਇਸ ਦੇ ਬਾਅਦ ਵੀ ਇਹਨਾਂ ਦਾ ਪੂਜਾ ਪਾਠ ਕੀਤਾ ਜਾਣਾ ਅਤੇ ਇਹ ਕਹਿਣਾ ਕਿ ਇੱਕ ਅੱਧ ਸਾਧੂ ਸੰਤ ਅਜਿਹਾ ਕਰੇ, ਤਾਂ ਇਹ ਨਹੀਂ ਮੰਨਿਆ ਜਾ ਸਕਦਾ ਕਿ ਸਾਰੇ ਬਦਚਲਣ ਹੁੰਦੇ ਹਨ, ਉਹਨਾਂ ਨੂੰ ਸ਼ਹਿ ਦੇਣਾ ਹੀ ਹੈ।

ਪੂਜਾ ਅਤੇ ਉਸ ਦੇ ਘਰ ਵਾਲਿਆਂ ਨੇ ਖ਼ੂਬ ਹਿੰਮਤ ਦਿਖਾਈ, ਇਸ ਲਈ ਮੋਹਨਦਾਸ ਫੜ੍ਹਿਆ ਗਿਆ, ਨਹੀਂ ਤਾਂ ਅਜਿਹੇ ਹਜ਼ਾਰਾਂ ਮਾਮਲੇ ਧਰਮ ਸਥਾਨਾਂ ਵਿੱਚ ਹੀ ਦੱਬ ਹੋ ਕੇ ਰਹਿ ਜਾਂਦੇ ਹਨ, ਜਿਹਨਾਂ ਦੀਆਂ ਇਕੱਲੀ ਗਵਾਹ ਉਥੇ ਦੀਆਂ ਮੂਰਤੀਆਂ ਹੁੰਦੀਆਂ ਹਨ।

ਅੰਧਭਗਤ ਸ਼ਾਇਦ ਤਦੇ ਸਾਧੂ ਸੰਤਾਂ ਨੂੰ ਬਦਚਲਣ ਮੰਨਣਗੇ ਜਦ ਸਾਰੇ ਅਜਿਹਾ ਕਰਨਗੇ ਜਾਂ ਕਰਦੇ ਫੜੇ ਜਾਣਗੇ। ਯਾਨੀ ਬੇਦਮ ਦਲੀਲਾਂ ਦੇ ਦਮ ਉੱਤੇ ਭਗਵਾਨ ਦੇ ਦਲਾਲਾਂ ਦੇ ਗੁਨਾਹ ਲੋਕ ਭੁਗਤਣ ਨੂੰ ਤਿਆਰ ਰਹਿੰਦੇ ਹਨ, ਜੋ ਤੈਅ ਹੈ ਕਿ ਇਹ ਪੂਜਾ ਵਰਗੀਆਂ ਲੜਕੀਆਂ ਦੇ ਨਾਲ ਬਲਾਤਕਾਰ ਕਰਨ ਦੀ ਇਜ਼ਾਜਤ ਦੇਣ ਵਾਲੀ ਗੱਲ ਹੋਵੇਗੀ।

**ਧੰਨਵਾਦ ਸਹਿਤ ਮੈਗਜ਼ੀਨ : 'ਸਰਸ ਸਲਿਲ' ਸਤੰਬਰ (ਪਹਿਲਾ) 2014**

# ਸ਼ੰਕਾ ਨਵਿਰਤੀ




**ਪ੍ਰਸ਼ਨ :- ਕੀ ਤੁਸੀਂ ਦੱਸ ਸਕਦੇ ਹੋ ? ਕਿ ਅੱਜ ਦੇ ਯੁੱਗ ਦਾ ਸਭ ਤੋਂ ਵੱਡਾ ਗਣਿਤ ਦਾ ਮਾਹਿਰ ਕੌਣ ਹੈ ?**

ਉੱਤਰ :- ਇੱਕ ਰੂਸੀ ਗਰੈਗਰੀ ਪਰੈਲਮੈਨ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਗਣਿਤ ਦਾ ਮਾਹਿਰ ਮੰਨਿਆ ਜਾ ਰਿਹਾ ਹੈ। ਭਾਵੇਂ ਉਸ ਨੇ ਗਣਿਤ ਦੇ ਵੱਡੇ ਤੋਂ ਵੱਡੇ ਪੁਰਸਕਾਰ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਪਰ ਉਸਨੇ ਅਜਿਹੇ ਸਵਾਲ ਹੱਲ ਕੀਤੇ ਹਨ ਜਿਨਾਂ ਦਾ ਹੱਲ ਬਹੁਤ ਸਾਰੇ ਗਣਿਤ ਦੇ ਮਾਹਿਰ ਦਹਾਕਿਆਂ ਤੋਂ ਨਹੀਂ ਲੱਭ ਸਕੇ। ਉਹਨਾਂ ਨੇ ਇੱਕ ਅਜਿਹੀ ਪਹੇਲੀ ਜਿਸ ਨੂੰ 'ਪਾਇਨਕੇਅਰ ਕਾਂਜੇਕਟਰ' ਕਿਹਾ ਜਾਂਦਾ ਹੈ ਅਤੇ ਇਸ ਪਹੇਲੀ ਨੂੰ ਹੱਲ ਕਰਨ ਲਈ ਦਸ ਲੱਖ ਡਾਲਰ ਦੇ ਇਨਾਮ ਦੀ ਪੇਸ਼ਕਸ ਕੀਤੀ ਗਈ ਸੀ ਉਸਨੂੰ ਵੀ ਹੱਲ ਕਰ ਦਿੱਤਾ ਹੈ। ਉਸ ਦੁਆਰਾ ਇੱਕ ਸਦੀ ਪੁਰਾਣੀ ਪਹੇਲੀ ਦਾ ਹੱਲ ਵੀ ਕੱਢ ਦਿੱਤਾ ਹੈ। ਜਿਹੜੀ ਅੱਜ ਕੱਲ੍ਹ 'ਪਾਇਨਕੇਅਰ ਥਿਊਰਮ' ਦਾ ਨਾਂ ਲੈ ਚੁੱਕੀ ਹੈ। ਉਹ ਗਣਿਤ ਦਾ ਦੀਵਾਨਾ ਹੈ। ਜਦੋਂ ਉਸਦੇ ਮਨ 'ਤੇ ਗਣਿਤ ਦੀ ਸਮੱਸਿਆ ਸਵਾਰ ਹੋ ਜਾਂਦੀ ਹੈ ਤਾਂ ਉਹ ਕਈ ਕਈ ਦਿਨ ਘਰੋਂ ਗਾਇਬ ਹੋ ਜਾਂਦਾ ਹੈ।

**ਪ੍ਰਸ਼ਨ :- ਸ਼ੂਗਰ ਦੇ ਰੋਗੀਆਂ ਨੂੰ ਖਾਣੇ ਵਿੱਚ ਕਿਹੜੀਆਂ ਕਿਹੜੀਆਂ ਚੀਜ਼ਾਂ ਖਾਣੀਆਂ ਚਾਹੀਦੀਆਂ ਹਨ ? ਅਤੇ ਕਿਨਾਂ ਤੋਂ ਮਨਾਹੀ ਹੈ ?**

ਉੱਤਰ :- ਸ਼ੂਗਰ ਦੇ ਰੋਗੀਆਂ ਨੂੰ ਮੇਥੀ, ਜਾਮਣ, ਲਸਣ, ਕਰੇਲਾ, ਪਾਲਕ, ਨਿੰਬੂ, ਗਰੀਨ ਟੀ, ਅਤੇ ਐਲੋਬੀਰਾ ਆਦਿ ਖੁਰਾਕ ਵਿੱਚ ਲੈਣੇ ਚਾਹੀਦੇ ਹਨ। ਇਹ ਬਲੱਡ ਸ਼ੂਗਰ ਦਾ ਲੈਬਲ ਠੀਕ ਰੱਖਦੇ ਹਨ। ਚੀਨੀ, ਗੁੜ, ਡਾਇਰੀ ਉਤਪਾਦ, ਤੰਬਾਕੂ, ਸ਼ਰਾਬ, ਆਲੂ, ਚਾਵਲ, ਕੇਲਾ, ਅੰਗੂਰ, ਡਬਲ ਰੋਟੀ ਅਤੇ ਹੋਰ ਕਾਰਬੋਹਾਈਡ੍ਰੇਟ ਵਾਲੇ ਪਦਾਰਥਾਂ ਦੀ ਮਨਾਹੀ ਹੈ।

**ਪ੍ਰਸ਼ਨ :- ਮਨੁੱਖੀ ਜੀਨੋਮ ਵਿੱਚ ਜੀਨਾਂ ਦੀ ਸੰਖਿਆ ਬਾਰੇ ਕਾਫੀ ਖੋਜ ਚੱਲ ਰਹੀ ਸੀ। ਕੀ ਹੁਣ ਇਨਾਂ ਦੀ ਜਾਣਕਾਰੀ ਹੋ ਚੁੱਕੀ ਹੈ ?**

ਉੱਤਰ :- ਵਿਗਿਆਨੀਆਂ ਨੇ ਪਹਿਲਾਂ ਅੰਦਾਜ਼ਾ ਲਾਇਆ ਸੀ ਕਿ ਮਨੁੱਖੀ ਸੈੱਲ ਵਿੱਚ ਡੇਢ ਲੱਖ ਦੇ ਕਰੀਬ ਜੀਨ ਹੁੰਦੇ ਹਨ ਪਰ ਹੁਣ ਆਧੁਨਿਕ ਖੋਜਾਂ ਨੇ ਇਨਾਂ ਦੀ ਸੰਖਿਆ ਵੀਹ ਹਜ਼ਾਰ ਪੰਜ ਸੌ ਦੇ ਕਰੀਬ ਦੱਸੀ ਹੈ। ਹੁਣ ਇਕੱਲੇ ਇਕੱਲੇ ਜੀਨ ਦੇ ਉੱਪਰ ਖੋਜ ਪੜਤਾਲ ਚੱਲ ਰਹੀ ਹੈ। ਆਉਣ ਵਾਲੇ ਦਹਾਕੇ ਵਿੱਚ ਬਹੁਤ ਸਾਰੀਆਂ ਬਿਮਾਰੀਆਂ ਦਾ ਇਲਾਜ ਲੱਭਣ ਦੀ ਸੰਭਾਵਨਾ ਹੈ। ਇਹਨਾਂ ਖੋਜਾਂ ਤੋਂ ਇਹ ਵੀ ਸਾਬਤ ਹੋ ਚੁੱਕਿਆ ਹੈ ਕਿ ਧਰਤੀ 'ਤੇ ਰਹਿਣ ਵਾਲੇ ਸਾਰੇ ਮਨੁੱਖਾਂ ਵਿੱਚ 99.9% ਦੀ ਸਮਾਨਤਾ ਹੈ। ਸਿਰਫ 0.1% ਜੀਨਾਂ ਦੇ ਕਾਰਨ ਹੀ ਰੰਗ ਗੋਰੇ, ਕਾਲੇ ਜਾਂ ਭੂਰੇ ਹੋ ਜਾਂਦੇ ਹਨ।



**ਪ੍ਰਸ਼ਨ :- ਡਾਕਟਰ ਆਲੂ ਖਾਣ ਤੋਂ ਮਨ੍ਹਾ ਕਿਉਂ ਕਰ ਰਹੇ ਹਨ ? ਜਾਂ ਫਿਰ ਉਹ ਕਹਿ ਰਹੇ ਹਨ ਖੁਰਾਕ ਵਿੱਚ ਆਲੂ ਘੱਟ ਲੈਣੇ ਚਾਹੀਦੇ ਹਨ ਕਿਉਂ ?**

ਉੱਤਰ :- ਭਾਰਤ ਵਿੱਚ ਅੱਜ ਬਹੁਤ ਸਾਰੇ ਲੋਕ ਮੋਟਾਪੇ ਦਾ ਸ਼ਿਕਾਰ ਹਨ। ਜਿਸ ਕਰਕੇ ਸ਼ੂਗਰ ਰੋਗ, ਬਲੱਡ ਪ੍ਰੈਸ਼ਰ ਆਦਿ ਦੀਆਂ ਬਿਮਾਰੀਆਂ ਵੱਧ ਰਹੀਆਂ ਹਨ। ਇਸ ਲਈ ਖੁਰਾਕ ਦੇ ਮਾਹਿਰ ਕਹਿ ਰਹੇ ਹਨ ਕਿ ਖੁਰਾਕ ਵਿੱਚ ਕਾਰਬੋਹਾਈਡ੍ਰੇਟ ਘੱਟ ਹੋਣੇ ਚਾਹੀਦੇ ਹਨ ਕਿਉਂਕਿ ਇਹ ਸਰੀਰ ਵਿੱਚੋਂ ਛੇਤੀ ਹਾਜ਼ਮ ਹੋ ਜਾਂਦੇ ਹਨ। ਇਸ ਲਈ ਡਾਕਟਰ ਆਲੂ, ਚਾਵਲਾਂ ਨੂੰ ਘੱਟ ਕਰਨ ਲਈ ਕਹਿ ਰਹੇ ਹਨ।

**ਪ੍ਰਸ਼ਨ :- ਜੁਗਨੂੰ ਪ੍ਰਕਾਸ਼ ਕਿਵੇਂ ਪੈਦਾ ਕਰਦੇ ਹਨ ? ਕੀ ਇਹ ਪ੍ਰਕਾਸ਼ ਦੀ ਕਿਸਮ ਖਾਸ਼ ਹੁੰਦੀ ਹੈ ?**

ਉੱਤਰ :- ਕੁੱਝ ਜੀਵ ਅਜਿਹਾ ਪ੍ਰਕਾਸ਼ ਪੈਦਾ ਕਰਦੇ ਹਨ ਜਿਸਨੂੰ ਠੰਡਾ ਪ੍ਰਕਾਸ਼ ਕਹਿੰਦੇ ਹਨ। ਇਸ ਪ੍ਰਕਾਸ਼ ਵਿੱਚ ਗਰਮੀ ਨਹੀਂ ਹੁੰਦੀ। ਇਸ ਪ੍ਰਕਾਸ਼ ਉੱਪਰ ਜੀਵਾਂ ਦਾ ਕੰਟਰੋਲ ਵੀ ਹੁੰਦਾ ਹੈ। ਜੁਗਨੂੰ ਇੱਕ ਖਾਸ਼ ਕਿਸਮ ਦਾ ਪਦਾਰਥ ਪੈਦਾ ਕਰਦੇ ਹਨ ਜਿਸਨੂੰ ਲੂਸੀਫਿਰੇਨ ਕਹਿੰਦੇ ਹਨ। ਇਹ ਆਕਸੀਜਨ ਨਾਲ ਕਿਰਿਆ ਕਰਦਾ ਹੈ। ਇਸ ਤਰ੍ਹਾਂ ਹੀ ਇਹ ਇੱਕ ਹੋਰ ਪਦਾਰਥ ਲੂਸੀਫਰੇਜ ਵੀ ਪੈਦਾ ਕਰਦੇ ਹਨ। ਇਹਨਾਂ ਦੋਹਾਂ ਪਦਾਰਥਾਂ ਦੀ ਰਸਾਇਣਿਕ ਕਿਰਿਆ ਪ੍ਰਕਾਸ਼ ਪੈਦਾ ਕਰਦੀ ਹੈ।

**ਪ੍ਰਸ਼ਨ :- ਤੁਹਾਡਾ ਜਨਮ ਕਦੋ ਹੋਇਆ ?**

ਉੱਤਰ :- ਸਕੂਲੀ ਸਰਟੀਫਿਕੇਟ ਅਨੁਸਾਰ ਤਾਂ ਮੇਰੇ ਜਨਮ ਦੀ ਮਿਤੀ ਦਸ ਅਗਸਤ ਉਨੀਂ ਸੌ ਉਨੰਜਾ ਹੈ। ਪਰ ਮੈਂ ਸੋਚਦਾ ਹਾਂ ਇਹ ਮੇਰੇ ਜਨਮ ਦੀ ਸ਼ੁਰੂਆਤ ਨਹੀਂ ਹੈ। ਬੱਚੇ ਦਾ ਜਨਮ ਤਾਂ ਵਿਗਿਆਨਕਾਂ ਅਨੁਸਾਰ ਇੱਕ ਲੰਬੀ ਪ੍ਰਕ੍ਰਿਆ ਦਾ ਹਿੱਸਾ ਹੈ। ਕੀ ਜਨਮ ਮਾਂ ਦੀ ਅੰਡੇਦਾਨੀ ਵਿੱਚ ਪੈਦਾ ਹੋਣ ਵਾਲੇ ਆਂਡੇ ਨੂੰ ਗਿਣਿਆ ਜਾਵੇ ਜਾਂ ਉਸ ਸਮੇਂ ਨੂੰ ਗਿਣਿਆ ਜਾਵੇ ਜਦੋਂ ਮਾਂ ਦੇ ਪੇਟ ਵਿੱਚ ਆਂਡਾ ਪੈਦਾ ਹੋਇਆ ਸੀ ? ਜਾਂ ਪਿਤਾ ਦੇ ਵੀਰਯਕੋਸ਼ ਵਿੱਚ ਪੈਦਾ ਹੋਵੇ ਉਸ ਸ਼ੁਕਰਾਣੂ ਤੋਂ ਗਿਣਿਆ ਜਾਵੇ ? ਜਾਂ ਉਹ ਸ਼ੁਕਰਾਣੂ ਜਿਸ ਸਮੇਂ ਆਂਡੇ ਵਿੱਚ ਦਾਖਲ ਹੋਵੇ ? ਜਾਂ ਉਸ ਸਮੇਂ ਨੂੰ ਜਦੋਂ ਸ਼ੁਕਰਾਣੂ ਤੇ ਆਂਡਾ ਸੈਲ ਜੁੜਕੇ ਭਰੂਣ ਦੇ ਪਹਿਲੇ ਸੈਲ ਦਾ ਨਿਰਮਾਣ ਕਰਦੇ ਹਨ।

ਅਸਲ ਵਿੱਚ ਭਰੂਣ ਦਾ ਪਹਿਲਾ ਸੈਲ ਟੁੱਟ ਕੇ ਅਲੱਗ-ਅਲੱਗ ਦੋ ਜਾਂ ਤਿੰਨ ਵਿੱਚ ਵੀ ਬਦਲ ਸਕਦਾ ਹੈ ? ਫਿਰ ਜੌੜੇ ਭਰਾ ਜਾਂ ਭੈਣ ਜਾਂ ਤਿੰਨ ਭੈਣ ਭਰਾ ਵੀ ਪੈਦਾ ਹੋ ਸਕਦੇ ਹਨ। ਜਾਂ ਫਿਰ 280 ਦਿਨ ਬਾਅਦ ਮਾਂ ਦੇ ਪੇਟ ਵਿੱਚੋਂ ਬਾਹਰ ਆਉਣ ਨੂੰ ? ਇਹ ਗੰਭੀਰ ਵਿਸ਼ਾ ਹੈ ਜੋ ਕਾਫੀ ਬਹਿਸ ਦੀ ਮੰਗ ਕਰਦਾ ਹੈ।

**ਪ੍ਰਸ਼ਨ :- ਕੀ ਆਪਣਾ ਧਰਮ ਕਿਸੇ ਦੂਸਰੇ ਤੇ ਜਬਰਦਸਤੀ ਠੋਸਿਆ ਜਾ ਸਕਦਾ ਹੈ ? ਜਾਂ ਸਰਕਾਰਾਂ ਧਰਮ ਮੰਨਣ ਵਿੱਚ ਜਬਰਦਸਤੀ ਕਰ ਸਕਦੀਆਂ ਹਨ ?**

ਉੱਤਰ :- ਹਰੇਕ ਵਿਅਕਤੀ ਦਾ ਆਪਣੇ ਰੱਬ ਵਿੱਚ ਯਕੀਨ ਨਿਜੀ ਹੁੰਦਾ ਹੈ। ਉਹਨਾਂ ਦੇ ਉਸਨੂੰ ਮੰਨਣ ਜਾਂ ਨਾ ਮੰਨਣ ਦੇ ਢੰਗ ਵੀ ਅਲੱਗ-ਅਲੱਗ ਹੁੰਦੇ ਹਨ। ਇਸ ਲਈ ਕਿਸੇ ਨੂੰ ਵੀ ਆਪਣਾ ਧਰਮ ਮੰਨਣ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ। ਸਰਕਾਰਾਂ ਲੋਕਾਂ ਦੀ ਸ਼ਕਤੀ ਨਾਲ ਹੀ ਬਣਦੀਆਂ, ਉਸਰਦੀਆਂ ਜਾਂ ਢਹਿੰਦੀਆਂ ਹਨ। ਇਸ ਲਈ ਸਰਕਾਰਾਂ ਵੀ ਲੋਕਾਂ ਨੂੰ ਇੱਕ ਵਿਸ਼ੇਸ਼ ਧਰਮ ਵਿੱਚ ਯਕੀਨ ਕਰਨ ਲਈ ਮਜਬੂਰ ਨਹੀਂ ਕਰ ਸਕਦੀਆਂ। ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਆਦਿ ਹਜ਼ਾਰਾਂ ਸ਼ਹੀਦਾਂ ਨੇ ਕੁਰਬਾਨੀਆਂ ਦੇ ਕੇ ਅੰਗਰੇਜ਼ਾਂ ਦੀ ਗੁਲਾਮੀ ਤੋਂ ਤਾਂ ਸਾਡਾ ਖਹਿੜਾ ਛੁਡਵਾਇਆ ਸੀ। ਜੇ ਭਾਰਤੀ ਹਾਕਮ ਵੀ ਸਾਨੂੰ ਧਾਰਮਿਕ ਤੌਰ 'ਤੇ ਗੁਲਾਮ ਬਣਾਉਣ ਦਾ ਯਤਨ ਕਰਨਗੇ ਤਾਂ ਲੋਕ ਵਿਦਰੋਹ ਦੀਆਂ ਹਨੇਰੀਆਂ ਨੇ ਚਲੱਣਾ ਹੀ ਹੈ ਤੇ ਇਹਨਾਂ ਹਨੇਰੀਆਂ ਨੇ ਤੁਫਾਨਾਂ ਦਾ ਰੂਪ ਧਾਰਨ ਕਰਨਾ ਹੀ ਹੈ।

**ਪ੍ਰਸ਼ਨ :- ਕੀ ਪ੍ਰਾਚੀਨ ਸਭਿਅਤਾ ਵੇਲੇ ਵਿਗਿਆਨ**

ਜ਼ਿਆਦਾ ਵਿਕਸਤ ਸੀ ?

ਉੱਤਰ :- ਇਹ ਸੁਆਲ ਤਿਵਾੜੀ ਜੀ ਨੇ ਗਲੋਬਲ ਪੰਜਾਬ ਤੇ ਮੈਨੂੰ ਪੁੱਛਿਆ ਸੀ। ਅਸਲ ਵਿੱਚ ਮੇਹਰਗੜ ਪਾਕਿਸਤਾਨ ਵਿੱਚ ਕੋਇਟੇ ਦੇ ਨਜ਼ਦੀਕ ਇਕ ਕਸਬਾ ਹੈ, ਇੱਥੋਂ ਦੀ ਸਭਿਅਤਾ ਹੁਣ ਤੱਕ ਖੁਦਾਈ ਹੋਈਆਂ ਸਭਿਅਤਾਵਾਂ ਵਿੱਚੋਂ ਸਭ ਤੋਂ ਪੁਰਾਣੀ ਸੱਭਿਅਤਾ ਪ੍ਰਮਾਣਿਤ ਹੋਈ ਹੈ। ਇਸ ਤੋਂ ਪਿੱਛੋਂ ਹੜੱਪਾ ਤੇ ਮਹਿੰਜਦੜੋ ਦੀਆਂ ਸੱਭਿਅਤਾਵਾਂ ਦਾ ਨਾਂ ਆਉਂਦਾ ਹੈ। ਸਾਡੀਆਂ ਇਹਨਾਂ ਸੱਭਿਅਤਾਵਾਂ ਦੇ ਬਸਿੰਦਿਆਂ ਨੇ ਇਹ ਸਿੱਖ ਲਿਆ ਸੀ ਕਿ ਪਾਣੀ ਹਮੇਸ਼ਾ ਉਚਾਈ ਤੋਂ ਨਿਵਾਈ ਵੱਲ ਆਉਂਦਾ ਹੈ। ਉਹਨਾਂ ਇਮਾਰਤਾਂ ਦੀ ਉਸਾਰੀ ਦੇ ਕੁਝ ਢੰਗ ਤਰੀਕੇ ਵੀ ਵਿਕਸਿਤ ਕਰ ਲਏ ਸਨ। ਉਹਨਾਂ ਸਮਿਆਂ ਵਿੱਚ ਅਜਿਹੇ ਹੁਨਰ ਸਿੱਖ ਲੈਣਾ ਤੇ ਉਨ੍ਹਾਂ ਨੂੰ ਅਮਲੀ ਜਾਮਾ ਪਹਿਨਾਉਣਾ ਵੱਡੀ ਗੱਲ ਹੁੰਦੀ ਸੀ। ਪਰ ਜੇ ਇਹ ਕਿਹਾ ਜਾਵੇ ਕਿ ਉਸ ਸਮੇਂ ਦੀ ਵਿਗਿਆਨ ਅੱਜ ਦੇ ਵਿਗਿਆਨ ਨਾਲੋਂ ਕਿਤੇ ਅੱਗੇ ਸੀ ਇਹ ਗਲਤ ਹੈ।

**ਪ੍ਰਸ਼ਨ :- ਮੁਰਦਾ ਸ਼ਰੀਰ ਕੁਝ ਸਮੇਂ ਬਾਅਦ ਪਾਣੀ ਵਿੱਚ ਤੈਰਨ ਕਿਉਂ ਲੱਗ ਜਾਂਦਾ ਹੈ ?**

ਉੱਤਰ :- ਮੌਤ ਤੋਂ ਬਾਅਦ ਸ਼ਰੀਰ ਵਿੱਚ ਕੁਝ ਰਸਾਇਣਕ ਪ੍ਰਕਿਰਿਆਵਾਂ ਵਾਪਰਨੀਆਂ ਸ਼ੁਰੂ ਹੋ ਜਾਂਦੀਆਂ ਹਨ। ਇਹਨਾਂ ਰਸਾਇਣਕ ਕ੍ਰਿਆਵਾਂ ਦੀ ਉਪਜ ਕਾਰਨ ਸ਼ਰੀਰ ਵਿੱਚ ਕਈ ਗੈਸਾਂ ਦੀ ਪੈਦਾਵਾਰ ਹੋਣੀ ਸ਼ੁਰੂ ਹੋ ਜਾਂਦੀ ਹੈ। ਇਹਨਾਂ ਗੈਸਾਂ ਕਾਰਨ ਸ਼ਰੀਰ ਫੁੱਲਣਾ ਸ਼ੁਰੂ ਕਰ ਦਿੰਦਾ ਹੈ। ਉਸਦਾ ਆਕਾਰ ਵੱਧਣ ਕਾਰਨ ਉਸਦੀ ਘਣਤਾ ਘੱਟ ਹੋ ਜਾਂਦੀ ਹੈ। ਸਿੱਟੇ ਵੱਜੋਂ ਮੁਰਦਾ ਸ਼ਰੀਰ ਤੈਰਨਾ ਸ਼ੁਰੂ ਕਰ ਦਿੰਦਾ ਹੈ। ਗੈਸਾਂ ਦੀ ਮਾਤਰਾਂ ਕੁਝ ਸਮੇਂ ਬਾਅਦ ਹੀ ਵੱਧਦੀ ਹੈ। ਇਸ ਲਈ ਲਾਸ਼ ਵੀ ਪਾਣੀ ਵਿੱਚ ਡੁੱਬਣ ਤੋਂ ਬਾਅਦ ਹੀ ਕੁਝ ਘੰਟਿਆ ਬਾਅਦ ਪਾਣੀ ਦੀ ਸਤਾ ਦੇ ਉਪਰ ਆ ਕੇ ਤੈਰਨਾ ਸ਼ੁਰੂ ਕਰਦੀ ਹੈ।

**ਪ੍ਰਸ਼ਨ :- ਮਨ ਕੀ ਹੈ ?**

ਉੱਤਰ :- ਮਨੁੱਖੀ ਦਿਮਾਗ ਵਿੱਚ ਵਾਪਰਦੀਆਂ ਰਸਾਇਣਕ ਤੇ ਬਿਜਲੀ ਕ੍ਰਿਆਵਾਂ ਤੇ ਸੰਕੇਤਾਂ ਦਾ ਸਮੂਹ ਹੈ। ਮਨੁੱਖ ਨੇ ਮਨ ਨੂੰ ਸਮਝਣ ਤੋਂ ਬਾਅਦ ਹੀ ਕੰਪਿਊਟਰ ਚਿਪ ਨੂੰ ਜਾਣਕਾਰੀ ਸਗ੍ਰਿਹ ਦਾ ਸੋਮਾ ਬਣਾਇਆ ਹੈ।

**ਪ੍ਰਸ਼ਨ :- ਮਨੁੱਖ ਵਿੱਚ ਬੋਲਣਾ ਤੇ ਹਰਕਤ ਕਰਨਾ ਕੀ ਹੈ ?**

ਉੱਤਰ :- ਮਨੁੱਖੀ ਮਨ ਇੱਕ ਪਦਾਰਥ ਹੈ। ਪਦਾਰਥ ਵਿੱਚ ਅਜਿਹੇ ਗੁਣ ਹੋ ਹੀ ਸਕਦੇ ਹਨ। ਜਿਵੇਂ ਚੂਨੇ ਵਿੱਚ ਪਾਣੀ ਪਾਉਣ ਨਾਲ ਗਰਮੀ, ਆਵਾਜ਼ ਤੇ ਹਰਕਤ ਸ਼ੁਰੂ ਹੋ ਜਾਂਦੇ ਹਨ। ਇਸ ਤਰ੍ਹਾਂ ਕਰੋੜਾਂ ਵਰ੍ਹਿਆਂ ਦੇ ਸੰਘਰਸ਼ ਰਾਹੀਂ ਪ੍ਰਾਪਤ ਕੀਤੇ ਤੇ ਵਿਉਂਤ ਵੱਧ ਕੀਤੇ ਇਹ ਗੁਣ ਮਨੁੱਖੀ ਮਨ ਵਿੱਚ ਪ੍ਰਾਪਤ ਹੋ ਗਏ ਹਨ। ਹਰ ਪੀੜ੍ਹੀ ਡੀ. ਐਨ. ਏ ਰਾਹੀਂ ਇਹ ਗੁਣ ਆਪਣੇ ਵਾਰਸਾਂ ਦੇ ਸਪੁਰਦ ਕਰਦੀ ਜਾਂਦੀ ਹੈ।

**ਪ੍ਰਸ਼ਨ :- ਪੁਨਰ ਜਨਮ ਕੀ ਹੁੰਦਾ ਹੈ ?**

ਉੱਤਰ :- ਕਿਸੇ ਬੁੱਢੇ, ਜੁਆਨ ਜਾਂ ਬੱਚੇ ਦੇ ਮਨ ਵਿੱਚ ਉਪਜੇ ਖਿਆਲ ਹੀ ਹਨ ਤੇ ਖਿਆਲਾਂ ਦਾ ਹਕੀਕਤ ਨਾਲ ਕੋਈ ਸਬੰਧ ਨਹੀਂ ਹੁੰਦਾ। ਭੰਗ ਪੀ ਕੇ ਤੁਹਾਨੂੰ ਆਪਣਾ ਆਪ ਅਸਮਾਨ ਵਿੱਚ ਉੱਡਦਾ ਨਜ਼ਰ ਆਵੇਗਾ, ਪਰ ਇਹ ਹਕੀਕੀ ਨਹੀਂ ਹੋਵੇਗਾ। ਇਸ ਤਰ੍ਹਾਂ ਪੁਨਰਜਨਮ ਵੀ ਸੁਪਨੇ ਵਾਂਗੂ ਕਿਸੇ ਮਨ ਦੇ ਖਿਆਲ ਹੀ ਹੁੰਦਾ ਹੈ।

# ਪੀਜਾ, ਬਰਗਰ ਟੇਢੀਆਂ ਕਰ ਰਹੇ ਹਨ ਬੱਚਿਆਂ ਦੀਆਂ ਹੱਡੀਆਂ

ਸਵਾਦ ਦਾ ਅਧੁਨਿਕ ਅਵਤਾਰ ਫਾਸਟ ਫੂਡ ਤੁਹਾਡੇ ਬੱਚੇ ਦਾ ਅੱਜ ਅਤੇ ਕੱਲ੍ਹ ਦੋਵੇਂ ਖ਼ਰਾਬ ਕਰ ਸਕਦਾ ਹੈ। ਪੀਜਾ ਬਰਗਰ ਦੇ ਚਲਦੇ ਫੈਟ ਦੀ ਅਧਿਕਤਾ ਅਤੇ ਵਿਟਾਮਿਨ-ਡੀ ਤੇ ਕੈਲਸ਼ੀਅਮ ਦੀ ਘਾਟ ਹੱਡੀਆਂ ਨੂੰ ਕਮਜ਼ੋਰ ਕਰ ਰਹੀ ਹੈ। ਇੱਕਲੇ ਰਾਜਧਾਨੀ ਵਿੱਚ ਹੀ ਹੱਡੀ ਰੋਗ ਵਿਭਾਗ ਵਿੱਚ ਪਹੁੰਚਣ ਵਾਲੇ 40 ਫੀਸਦੀ ਮਰੀਜ ਬੱਚੇ ਹਨ।

ਕੇਜੀਏਮਯੂ ਵਿੱਚ ਇੱਕ ਸੈਮੀਨਰ ਦੇ ਦੌਰਾਨ ਐਕਸਪਾਰਟਸ ਨੇ ਚਿੰਤਾਜਨਕ ਹਕੀਕਤ ਬਿਆਨ ਕੀਤੀ। ਡਾ. ਐਸ.ਕੇ.ਐਸ ਦਾ ਕਹਿਣਾ ਹੈ ਕਿ ਬੱਚਿਆਂ ਵਿੱਚ ਪੀਜਾ ਅਤੇ ਬਰਗਰ ਦੇ ਕਾਰਨ ਕੈਲਸ਼ੀਅਮ ਦੀ ਘਾਟ ਹੋ ਜਾਂਦੀ ਹੈ। ਜਿਸ ਨਾਲ ਉਹਨਾਂ ਦੀਆਂ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਕਈ ਵਾਰ ਵਿਟਾਮਿਨਾਂ ਦਾ ਪੂਰੀ ਮਾਤਰਾ ਵਿਚ ਨਾ ਹੋਣ ਕਾਰਨ ਬੱਚੇ ਦੀਆਂ ਹੱਡੀਆਂ ਦਾ ਵਿਕਾਸ ਨਹੀਂ ਹੋ ਪਾਉਂਦਾ। ਕੇਜੀਏਮਯੂ ਦੇ ਅਰਥ ਵਿਭਾਗ ਦੇ ਹੈੱਡ ਡਾ. ਵਿਨੀਤ ਸ਼ਰਮਾਂ ਦੱਸਦੇ ਹਨ ਕਿ ਹੱਡੀ ਵਿਭਾਗ ਦੀ ਓਪੀਡੀ ਵਿੱਚ ਕੁੱਲ 200 ਮਰੀਜ਼ ਆਉਂਦੇ ਹਨ ਜਿਨਾਂ ਵਿੱਚੋਂ ਲਗਭਗ 40 ਬੱਚੇ ਹੁੰਦੇ ਹਨ। ਸ਼ਹਿਰ ਦੇ ਸਰਕਾਰੀ ਹਸਪਤਾਲਾਂ ਦੇ ਹੱਡੀ ਵਿਭਾਗ ਦੀ ਓਪੀਡੀ ਵਿੱਚ ਕੁੱਲ 40 ਫੀਸਦੀ ਤੋਂ ਜ਼ਿਆਦਾ ਬੱਚੇ ਜੰਕ ਫੂਡ ਦੇ ਸੇਵਨ ਕਰਨ ਨਾਲ ਹੱਡੀ ਦੀ ਬੀਮਾਰੀ ਦਾ ਸ਼ਿਕਾਰ ਹੋਣ ਕਰਕੇ ਆਉਂਦੇ ਹਨ।



**ਬੱਚੇ ਕਿਉਂ ਮੁਸ਼ਕਿਲ ਵਿੱਚ:** ਬੱਚਿਆਂ ਦੇ ਵਿਕਾਸ ਵਿੱਚ ਹਾਰਮੋਨ ਤੇ ਸਰੀਰਕ ਬਦਲਾਅ ਹੁੰਦੇ ਹਨ। ਇਸ ਲਈ ਉਹਨਾਂ ਨੂੰ ਵਾਧੂ ਆਹਾਰ ਦੇਣੇ ਚਾਹੀਦੇ ਹਨ। ਪੀਜਾ, ਬਰਗਰ ਖਾਣ ਨਾਲ ਉਸ ਵਿੱਚ ਮੌਜੂਦ ਫੈਟ, ਨਮਕ ਜਾਂ ਸ਼ੂਗਰ ਨਾਲ ਪੇਟ ਤਾਂ ਭਰ ਜਾਂਦਾ ਹੈ ਪਰ ਸਰੀਰ ਦੇ ਲਈ ਜ਼ਰੂਰੀ ਪ੍ਰੋਟੀਨ, ਵਿਟਾਮਿਨ, ਕੈਲਸ਼ੀਅਮ ਜਾਂ ਮਿਨਰਲ ਨਹੀਂ ਮਿਲ ਪਾਉਂਦੇ। ਇਸਦਾ ਅਸਰ ਉਹਨਾਂ ਦੇ ਵਿਕਾਸ 'ਤੇ ਪੈਦਾ ਹੈ।

ਜੰਕ ਫੂਡ ਦਾ ਸਰੀਰਕ ਸਰਗਰਮੀ ਨਾਲ ਵੀ ਸਿੱਧਾ ਸੰਬੰਧ ਹੈ। ਮਾਤਾ-ਪਿਤਾ ਫੈਟੀ ਫੂਡ ਤਾਂ ਲਾਡ ਵਿੱਚ ਬੱਚਿਆਂ ਨੂੰ ਖਵਾਉਂਦੇ ਹਨ। ਵਾਕ, ਖੇਡ ਜਾਂ ਕਸਰਤ 'ਤੇ ਧਿਆਨ ਨਹੀਂ ਦਿੰਦੇ ਇਸ ਲਈ ਮੋਟਾਪਾ, ਭੁੱਲਣ ਦੀ ਬੀਮਾਰੀ, ਟੈਨਸ਼ਨ ਵਰਗੀਆਂ ਅਨੇਕਾਂ ਮੁਸ਼ਕਲਾਂ ਪੈਦਾ ਹੁੰਦੀਆਂ ਹਨ। ਕੈਲਸ਼ੀਅਮ ਅਤੇ ਵਿਟਾਮਿਨ ਡੀ ਘੱਟ ਹੋਣ ਨਾਲ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਤੇ ਰਿਕੇਟ ਦੀ ਸਮੱਸਿਆ ਨਾਲ ਹੱਡੀਆਂ ਟੇਢੀਆਂ ਹੋ ਜਾਂਦੀਆਂ ਹਨ। ਹੱਡੀਆਂ ਕਮਜ਼ੋਰ ਹੋਣ ਨਾਲ ਆਸਿਟਯੋ ਪਰੋਸਿਸ, ਆਸਿਟਯੋ ਮੇਲੇਸ਼ਿਆ, ਜੋੜਾਂ ਨੂੰ ਸੋਜ ਦਾ ਆ ਜਾਣਾ ਅਤੇ ਦਰਦ ਹੋਣ ਲੱਗਣਾ ਆਦਿ।

**ਇਸ ਲਈ ਹੈ ਖ਼ਤਰਾ:** ਡਬਲਯੂ. ਐਚ. ਓ. ਦੀ ਇੱਕ ਰਿਪੋਰਟ ਅਨੁਸਾਰ ਵਿਅਕਤੀ ਦੇ ਡੇਲੀ ਫੂਡ ਵਿੱਚ 2-2.5 ਗ੍ਰਾਮ ਟ੍ਰਾਂਸਫੈਟ, 30 ਗ੍ਰਾਮ ਨੇ ਕੁਦਰਤੀ ਸ਼ੂਗਰ, 20 ਗ੍ਰਾਮ ਵਾਧੂ ਸ਼ੂਗਰ, 5 ਗ੍ਰਾਮ ਤੋਂ ਵੀ ਘੱਟ ਨਮਕ ਹੋਣਾ ਚਾਹੀਦਾ ਹੈ। ਸਿਰਫ਼ ਇਕ ਚਿਪਸ ਦੇ ਪੈਕੇਟ ਵਿੱਚ ਸਾਡੀ ਰੋਜ਼ਾਨਾ ਖੁਰਾਕ ਦਾ ਅੱਧਾ ਨਮਕ ਹੁੰਦਾ ਹੈ ਅਤੇ ਇੱਕ ਕੋਲਡਡ੍ਰਿੰਕ ਦੀ ਬੋਤਲ ਵਿੱਚ ਸਾਡੀ ਜ਼ਰੂਰਤ ਤੋਂ ਵੱਧ ਦੁਗਣਾ ਸ਼ੂਗਰ ਹੁੰਦਾ ਹੈ। ਫਾਸਟ ਫੂਡ ਵਿੱਚ ਟ੍ਰਾਂਸ ਫੈਟ ਬਹੁਤ ਜ਼ਿਆਦਾ ਹੁੰਦੀ ਹੈ। ਟ੍ਰਾਂਸ ਫੈਟ ਵੈਜੀਟੇਬਲ ਚਟਾਨ ਦਾ ਤੇਲ ਨੂੰ ਹਾਈਡ੍ਰੋਜਨ ਦੇ ਕੇ ਤਿਆਰ ਕੀਤਾ ਜਾਂਦਾ ਹੈ। ਇਹ ਸਸਤਾ ਵੀ ਹੁੰਦਾ ਹੈ ਅਤੇ ਸੁਆਦੀ ਵੀ ਇਸਦਾ ਹੁਣ ਅੰਨ੍ਹੇਵਾਹ ਇਸਤੇਮਾਲ ਹੋ ਰਿਹਾ ਹੈ।

**ਇਹ ਹਨ ਲੱਛਣ :**

* ਚਾਲ ਵਿੱਚ ਲੜਖੜਾਉਣਾ
* ਚੌਂਕੜੀ ਮਾਰ ਕੇ ਬੈਠਣ ਨਾਲ ਸਮੱਸਿਆ
* ਹੱਥ ਨੂੰ ਸਿੱਧਾ ਕਰਨ ਵਿੱਚ ਸਮੱਸਿਆ
* ਰੀੜ ਦੀ ਹੱਡੀ ਵਿੱਚ ਲਗਾਤਾਰ ਹਲਕਾ ਦਰਦ ਰਹਿਣਾ
* ਹੱਡੀਆਂ ਦਾ ਅਜੀਬ ਢੰਗ ਨਾਲ ਉੱਪਰ ਉੱਠਣਾ

**ਕੀ ਕਰੀਏ?:**

* ਦੁੱਧ ਅਤੇ ਜੂਸ ਦਾ ਸੇਵਨ ਕਰੋ
* ਹਰੀ ਸਬਜ਼ੀਆਂ ਦੀ ਮਾਤਰਾ ਵੱਧ ਕਰੋ
* ਲੰਚ ਜਾਂ ਡਿਨਰ ਵਿੱਚ ਪੀਜਾ-ਬਰਗਰ ਨਾ ਖਾਉ
* ਆਊਟ ਡੋਰ ਗੇਮ 'ਤੇ ਜ਼ੋਰ ਦਿਓ।

**ਇੰਗਲੈਂਡ ਵਿੱਚ ਪਾਬੰਦੀ:** ਖੋਜਕਾਰੀਆਂ ਦਾ ਕਹਿਣਾ ਹੈ ਕਿ ਫਸਟ ਫੂਡ ਆਦਤ ਦੇ ਪਿੱਛੇ ਇਸ਼ਤਿਹਾਰਾਂ ਦਾ ਵੱਡਾ ਹੱਥ ਹੁੰਦਾ ਹੈ। ਬ੍ਰਿਟੇਨ ਵਿੱਚ ਬੱਚਿਆਂ 'ਤੇ ਕੇਂਦ੍ਰਿਤ ਜੰਕਫੂਡ ਦੇ ਇਸ਼ਤਿਹਾਰਾਂ 'ਤੇ ਰੋਕ ਹੈ। ਅਜਿਹਾ ਕਰਨ ਨਾਲ ਸਜ਼ਾ ਹੋ ਸਕਦੀ ਹੈ। **-ਜਸਪ੍ਰੀਤ ਕੌਰ ਸੋਹੀ**



ਮੇਘ ਰਾਜ ਮਿੱਤਰ

# ਬ੍ਰਹਮਕੁਮਾਰੀ ਵਿਚਾਰਧਾਰਾ ਇੱਕ ਵਿਸ਼ਲੇਸ਼ਣ

14 ਨੰਬਵਰ 2014 ਤੋਂ ਅਠਾਰਾਂ ਨੰਬਵਰ 2014 ਤੱਕ ਮੈਨੂੰ ਈਸ਼ਵਰੀਆਂ ਵਿਸ਼ਵਦਿਆਲਾ ਮਾਊਂਟ ਆਬੂ ਵਿੱਚ ਰਹਿਣ ਦਾ ਮੌਕਾ ਮਿਲਿਆ। ਮੇਰੇ ਨਾਲ ਸੰਗਰੂਰ ਤੋਂ ਕੁਝ ਰੀਟਾਇਰਡ ਅਧਿਆਪਕ ਵੀ ਸਨ। ਬਲਕਿ ਇਹਨਾਂ ਸਾਥੀਆਂ ਦੇ ਸਹਿਯੋਗ ਨਾਲ ਹੀ ਮੈਨੂੰ ਬ੍ਰਹਮ ਕੁਮਾਰੀਆਂ ਦੇ ਜੀਵਨ ਤੇ ਵਿਚਾਰਧਾਰਾ ਨੂੰ ਨੇੜਿਓਂ ਸਮਝਣ ਦਾ ਮੌਕਾ ਮਿਲਿਆ। ਬ੍ਰਹਮ ਕੁਮਾਰੀ ਆਸ਼ਰਮ ਵਿੱਚ ਸਫ਼ਾਈ, ਖਾਣ-ਪੀਣ ਅਤੇ ਰਹਾਇਸ਼ ਦੇ ਪ੍ਰਬੰਧ ਬਹੁਤ ਹੀ ਪ੍ਰਸੰਸਾ ਯੋਗ ਹਨ। ਇਹਨਾਂ ਦਾ ਆਪਣੇ ਸਰੀਰਾਂ ਦੀ ਸਫ਼ਾਈ ਵੱਲ ਧਿਆਨ, ਕਿਸੇ ਨੂੰ ਵੀ ਟੋਕਾ-ਟਾਕੀ ਨਾ ਕਰਨ ਦਾ ਰੁਝਾਨ ਵੀ ਬਹੁਤ ਵਧੀਆ ਹੈ। ਇਸ ਮਿਸ਼ਨ ਦੇ ਵਾਲੰਟੀਅਰ ਵੀ ਨਿਸ਼ਕਾਮ ਸੇਵਾ ਵਿੱਚ ਯਕੀਨ ਰੱਖਦੇ ਹਨ, ਪੈਸੇ ਪੱਖੋ ਵੀ ਇਹ ਆਪਣੇ ਮੈਂਬਰਾਂ ਉੱਪਰ ਹੀ ਨਿਰਭਰ ਹਨ। ਨਿਰਸੰਦੇਹ ਮਾਊਂਟ ਆਬੂ ਦਾ ਇਹਨਾਂ ਦਾ ਸੈਂਟਰ ਵੇਖਣ ਯੋਗ, ਰਹਿਣ ਯੋਗ ਤੇ ਮਾਨਣ ਯੋਗ ਹੈ।

ਪਰ ਇਹ ਗੱਲਾਂ ਮੇਰੇ ਲਈ ਬਹੁਤੀਆਂ ਮਹੱਤਵਪੂਰਨ ਨਹੀਂ ਸਨ। ਮੇਰੇ ਲਈ ਤਾਂ ਇਹਨਾਂ ਦੇ ਵਿਚਾਰ ਤੇ ਵਿਚਾਰਧਾਰਾ ਵੱਧ ਜ਼ਰੂਰੀ ਸੀ। ਵਿਚਾਰਧਾਰਾ ਦੇ ਪੱਖ ਤੋਂ ਇਨ੍ਹਾਂ ਦਾ ਪੱਧਰ ਅੱਜ ਦੇ ਵਿਗਿਆਨਕ ਯੁੱਗ ਦੇ ਮੇਚ ਦਾ ਨਹੀਂ ਹੈ। ਕੁਝ ਨੁਕਤੇ ਜੋ ਮੈਂ ਨੋਟ ਕੀਤੇ ਹਨ ਉਹ ਨਿਮਨਲਿਖਤ ਹਨ :-

**1. ਵਿਅਕਤੀਗਤ ਅਨੁਭਵ ਤੇ ਅਧਾਰਤ ਹੈ :-** ਬ੍ਰਹਮਕੁਮਾਰੀ ਆਸ਼ਰਮ ਵਾਲਿਆਂ ਦੀ ਸਾਰੀ ਵਿਚਾਰਧਾਰਾ ਸਾਡੇ ਰਿਸ਼ੀਆਂ, ਮੁਨੀਆਂ ਦੁਆਰਾ ਪਿਛਲੀਆਂ ਸਦੀਆਂ ਵਿੱਚ ਮਹਿਸੂਸ ਕੀਤੇ ਗਏ ਅਨੁਭਵਾਂ ’ਤੇ ਅਧਾਰਤ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਇਹ ਰਿਸ਼ੀ, ਮੁਨੀ ਆਪਣੀ ਜ਼ਿੰਦਗੀ ਦਾ ਲੰਬਾ ਸਮਾਂ ਭਗਤੀ ਵਿੱਚ ਬਤੀਤ ਕਰਦੇ ਸਨ। ਭਗਤੀ ਜਾਂ ਸਮਾਧੀ ਵਿੱਚ ਜਦੋਂ ਕੋਈ ਬੰਦਾ ਲੰਬਾ ਸਮਾਂ ਬੈਠ ਜਾਂਦਾ ਹੈ ਤਾਂ ਉਹਨਾਂ ਵਿੱਚੋਂ ਕਈਆਂ ਨੂੰ “ਪ੍ਰਮਾਤਮਾ” ਜਾਂ “ਆਤਮਾ” ਦੇ ਦਰਸ਼ਨ ਹੋ ਜਾਣੇ ਸੁਭਾਵਕ ਹੀ ਹੁੰਦੇ ਹਨ। ਵਿਗਿਆਨ ਇਹ ਗੱਲ ਮੰਨ ਕੇ ਤੁਰਦੀ ਹੈ ਕਿ ਜੇ ਕਿਸੇ ਚੀਜ਼ ਦੀ ਹੋਂਦ ਹੈ ਤਾਂ ਉਹ ਉਨ੍ਹਾਂ ਨੂੰ ਇੱਕੋ ਰੂਪ ਵਿੱਚ ਨਜ਼ਰ ਆਵੇਗੀ। ਮਸਲਨ ਜੇ ਸਮਾਧੀ ਲਾਉਣ ਵਾਲਾ ਵਿਅਕਤੀ ਸਿੱਖ ਧਰਮ ਦਾ ਸ਼ਰਧਾਲੂ ਹੈ ਤਾਂ ਉਸਨੂੰ ਪ੍ਰਮਾਤਮਾ ਸ਼੍ਰੀ ਗੁਰੂ ਨਾਨਕ ਦੇਵ ਜਾਂ ਸ਼੍ਰੀ ਗੁਰੂ ਗੋਬਿੰਦ ਦੇ ਰੂਪ ਵਿੱਚ ਨਜ਼ਰ ਆਵੇਗਾ ਪਰ ਜੇ ਸ਼ਰਧਾਲੂ ਈਸਾਈ ਹੈ ਤਾਂ ਉਸਨੂੰ ਦਰਸ਼ਨ ਦੇਣ ਵਾਲਾ ਯਿਸੂ ਮਸ਼ੀਹ ਦੇ ਰੂਪ ਵਿੱਚ ਨਜ਼ਰ ਆਵੇਗਾ। ਜੇ ਸਮਾਧੀ ਵਿੱਚ ਮਗਨ ਵਿਅਕਤੀ ਮੁਸਲਿਮ ਧਰਮ ਦਾ ਪੈਰੋਕਾਰ ਹੈ ਤਾਂ ਉਸਨੂੰ ਸ਼੍ਰੀ ਹਜਰਤ ਮਹੁੰਮਦ ਜਾਂ ਅੱਲ੍ਹਾ ਵਿਖਾਈ ਦੇਵੇਗਾ, ਜੇ ਉਹ ਕਿਸੇ ਬਹੁ ਭੁਜਾਵੀ ਦੇਵੀ ਦਾ ਸ਼ਰਧਾਲੂ ਹੈ ਤਾਂ ਦਰਸ਼ਨ ਦੇਣ ਵਾਲੀ ਦੇਵੀ ਚਾਰ ਜਾਂ ਅੱਠ ਭੁਜਾਵਾਂ ਦੀ ਵੀ ਹੋ ਸਕਦੀ ਹੈ। ‘ਦਰਸ਼ਨ ਦੇਣ ਵਾਲੇ’ ਸਮਾਧੀ ਲਾਉਣ ਵਾਲੇ ਵਿਅਕਤੀ ਦੀ ਧਾਰਮਿਕ ਸੋਚ ’ਤੇ ਨਿਰਭਰ ਹੁੰਦੇ ਹਨ। ਇਸ ਲਈ ਇਹ ਬਦਲਦੇ ਹਨ ਇਸ ਲਈ ਇਹ ਗੱਲ ਵਿਗਿਆਨਕ ਵਰਤਾਰਾ ਕਸੌਟੀ ’ਤੇ ਪੂਰੀ ਨਹੀਂ ਉਤਰਦੀ ਕਿਉਂਕਿ ਇਹ ਤਬਦੀਲ ਹੁੰਦਾ ਹੈ। ਇਸ ਲਈ ਇਹ ਅਨੁਭਵ ਵਿਗਿਆਨਕ ਨਹੀਂ ਹਨ।

ਮੈਂ ਆਪਣੇ ਸਕੂਲੀ ਸਮੇਂ ਵਿੱਚ ਸੁੱਖੇ ਦੇ ਪਕੌੜੇ ਖਾ ਲਏ ਸਨ। ਕੁਝ ਸਮੇਂ ਬਾਅਦ ਹੀ ਮੈਨੂੰ ਅਨੁਭਵ ਹੋਣ ਲੱਗ ਪਿਆ ਕਿ ਮੈਂ ਹਵਾ ਵਿੱਚ ਮੰਜੇ ਸਮੇਤ ਹੀ ਉੱਡ ਰਿਹਾ ਹਾਂ। ਬਾਅਦ ਵਿੱਚ ਮੈਂ ਆਪਣੇ ਮਾਪਿਆਂ ਤੇ ਭੈਣ ਭਰਾਵਾਂ ਤੋਂ ਪਤਾ ਕੀਤਾ ਤਾਂ ਉਹ ਕਹਿਣ ਲੱਗੇ ਹਵਾ ਵਿੱਚ ਉੱਡਣਾ ਤਾਂ ਤੇਰਾ ਭਰਮ ਸੀ। ਸੋ ਕਿਸੇ ਰਿਸ਼ੀ ਮੁਨੀ ਨੂੰ ਸਮਾਧੀ ਦੌਰਾਨ ਅਜਿਹੇ ਅਨੁਭਵ ਹੋ ਹੀ ਸਕਦੇ ਹਨ, ਪਰ ਉਹ ਹਕੀਕਤ ਨਹੀਂ ਹੁੰਦੇ।

ਮੈਂ ਆਪਣੀ ਜ਼ਿੰਦਗੀ ਦੇ ਪਿਛਲੇ ਤੀਹ ਵਰ੍ਹਿਆਂ ਵਿੱਚ ਹਜ਼ਾਰਾਂ ਹੀ ਵਿਅਕਤੀਆਂ ਵਿੱਚੋਂ “ਭੂਤ ਪ੍ਰੇਤ” ਕੱਢੇ ਹਨ। ਕੀ ਉਹ ਵਿਅਕਤੀ ਝੂਠ ਬੋਲ ਰਹੇ ਸਨ ਕਿ ਸਾਡੇ ਵਿੱਚ ਸਾਡੀ ਮਰੀ ਹੋਈ ‘ਤਾਈ’ ‘ਚਾਚੀ’ ਦੀ ਭੂਤ ਦਖਲ ਹੋ ਗਈ ਹੈ, ਜਾਂ ਮੈਂ ਉਹਨਾਂ ਵਿੱਚੋਂ ਸੱਚੀ ਮੁੱਚੀ “ਭੂਤ” ਹੀ ਕੱਢੇ ਸਨ। ਅਸਲ ਵਿੱਚ ਭੂਤਾਂ ਪ੍ਰੇਤਾਂ ਤੋਂ ਸਤਾਏ ਵਿਅਕਤੀ ਝੂਠ ਨਹੀਂ ਬੋਲਦੇ ਸਨ। ਸਾਡੇ ਆਲੇ ਦੁਆਲੇ ’ਤੇ ਸਮੱਸਿਆਵਾਂ ਨੇ ਉਹਨਾਂ ਵਿੱਚ ਭੂਤਾਂ ਪ੍ਰੇਤਾਂ ਦਾ ਝੂਠਾ ਵਿਸ਼ਵਾਸ ਭਰ ਦਿੱਤਾ ਸੀ। ਅਸੀਂ ਆਪਣੇ ਯਤਨਾਂ ਨਾਲ ਜਾਂ ਦਲੀਲਾਂ ਨਾਲ ਉਹਨਾਂ ਵਿੱਚੋਂ ਇਹ ਵਿਸ਼ਵਾਸ ਖ਼ਤਮ ਕਰ ਦਿੱਤੇ ਉਹ ਠੀਕ ਹੋ ਗਏ। ਸੋ ਅਜਿਹੇ ਵਿਅਕਤੀਆਂ ਦੇ ਅਨੁਭਵ ਜ਼ਰੂਰ ਸਾਡੇ ਸਾਹਮਣੇ ਹਨ ਜੋ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਵਿਅਕਤੀਗਤ ਅਨੁਭਵ ਬਹੁਤੀਆਂ ਹਾਲਤਾਂ ਵਿੱਚ ਝੂਠੇ ਹੀ ਹੁੰਦੇ ਹਨ। ਸਾਡੀ ਸੰਸਥਾ ਕੋਲ ਤਿੰਨ ਸੌ ਤੋਂ ਵੱਧ ਵਿਅਕਤੀ ਅਜਿਹੇ ਵੀ ਆਏ ਹਨ ਜਿਹਨਾਂ ਨੂੰ ਵਿਖਾਈ ਦੇਣ ਵਾਲੇ “ਭੂਤ-ਪ੍ਰੇਤ” ਜੀਵਤ ਵਿਅਕਤੀਆਂ ਦੇ ਸਨ।

ਮੈਂ ਆਪਣੀ ਜ਼ਿੰਦਗੀ ਵਿੱਚ ਅਖ਼ਬਾਰਾਂ ਵਿੱਚ ਛਪੀਆਂ “ਪੁਨਰਜਨਮ” ਦੀਆਂ 30 ਕੁ ਘਟਨਾਵਾਂ ਦੀ ਜਾਂਚ ਪੜਤਾਲ ਕੀਤੀ ਹੈ। ਪੁਨਰਜਨਮ ਹੋਣ ਦਾ ਦਾਅਵਾ ਕਰਨ ਵਾਲੇ ਬਹੁਤੇ ਛੋਟੀ ਉਮਰ ਦੇ ਬਾਲਕ ਹੁੰਦੇ ਹਨ। ਇਹ ਵੀ ਹਕੀਕਤ ਹੈ ਕਿ ਬਾਲਕ ਛੋਟੀ ਉਮਰ ਵਿੱਚ ਝੂਠ ਬੋਲਣ ਦੇ ਘੱਟ ਹੀ ਆਦੀ ਹੁੰਦੇ ਹਨ। ਇਸ ਲਈ ਉਨ੍ਹਾਂ ਨੂੰ ਇਹ ਭਰਮ ਜ਼ਰੂਰ ਪੈਦਾ ਹੋ ਜਾਂਦੇ ਸਨ ਕਿ ਉਹ ਪਿਛਲੇ ਜਨਮ ਵਿੱਚ ‘ਮਰੇ ਹੋਏ ਵਿਅਕਤੀ’ ਸਨ। ਪਰ ਸਾਡੀ ਜਾਂਚ ਦੇ ਨਤੀਜੇ ਇਹ ਦਰਸਾਉਂਦੇ ਸਨ ਕਿ ਉਹਨਾਂ ਦੇ ਪੁਨਰਜਨਮ ਦੇ ਦਾਅਵੇ ਝੂਠੇ ਹੀ ਸਨ। ਇਸ ਲਈ ਉਨ੍ਹਾਂ ਨੂੰ ਪੁਨਰ ਜਨਮ ਦੇ ਭਰਮ ਜ਼ਰੂਰ ਖੜ੍ਹੇ ਹੁੰਦੇ ਸਨ ਪਰ ਇਹ ਹਕੀਕੀ

ਨਹੀਂ ਸਨ।

ਮੇਰੇ ਕੋਲ ਇੱਕ ਅਜਿਹੇ ਲੜਕੇ ਨੂੰ ਵੀ ਲਿਆਂਦਾ ਗਿਆ ਜੋ ਵਾਰ-ਵਾਰ ਆਪਣੇ ਮੂੰਹ 'ਤੇ ਹੱਥ ਰੱਖਦਾ ਸੀ। ਜਦੋਂ ਮੈਂ ਉਸਨੂੰ ਪੁੱਛਿਆ ਕਿ ਉਹ ਅਜਿਹਾ ਕਿਉਂ ਕਰਦਾ ਹੈ ਤਾਂ ਉਸਦਾ ਜੁਆਬ ਸੀ ਕਿ ਮੈਥੋਂ ਸਾਡੀ "ਧਾਰਮਿਕ ਪੁਸਤਕ" ਨੂੰ ਗਾਲ ਨਿਕਲਦੀ ਹੈ। ਉਸਨੂੰ ਰੋਕਣ ਲਈ ਮੈਂ ਆਪਣੇ ਮੂੰਹ 'ਤੇ ਹੱਥ ਰੱਖਦਾ ਹਾਂ। ਇਸ ਤਰ੍ਹਾਂ ਹੀ ਇੱਕ ਪੇਂਡੂ ਲੜਕੀ ਨੂੰ ਪਿੰਡ ਦੇ ਮੁੰਡੇ ਦਾ ਹੀ ਭਰਮ ਖੜਾ ਹੁੰਦਾ ਸੀ ਕਿ ਉਹ ਆਪਣਾ ਅਗੂੰਠਾ ਉਸਦੇ ਗੁਪਤ ਅੰਗ ਵਿੱਚ ਪਾਉਂਦਾ ਹੈ। ਇਹਨਾਂ ਦੋਹਾਂ ਕੇਸਾਂ ਵਿੱਚ ਮਾਨਸਿਕ ਰੋਗਾਂ ਦੇ ਮਾਹਰਾਂ ਕੋਲੋਂ ਦਿੱਤੀ ਗਈ ਦਵਾਈ ਨੇ ਉਨ੍ਹਾਂ ਦੇ ਇਹ ਅਨੁਭਵ ਸਦਾ ਲਈ ਖ਼ਤਮ ਕਰ ਦਿੱਤੇ।

ਬ੍ਰਹਮ ਕੁਮਾਰੀਆਂ ਪੁਨਰਜਨਮ ਤੇ ਮੌਤ ਬਾਅਦ ਜ਼ਿੰਦਗੀ ਵਿੱਚ ਵੀ ਵਿਸ਼ਵਾਸ ਰੱਖਦੀਆਂ ਹਨ। ਅਸੀਂ ਸੰਮੋਹਣ ਕ੍ਰਿਆ ਰਾਹੀਂ ਅਜਿਹੇ ਅਨੁਭਵ ਪੈਦਾ ਕਰਕੇ ਤੇ ਖ਼ਤਮ ਕਰਕੇ ਵੀ ਵੇਖੇ ਹਨ।

**2. ਪਹਿਲਾ ਸਤਯੁੱਗ ਹੁੰਦਾ ਸੀ ਹੁਣ ਕੱਲਯੁੱਗ ਹੈ :-** ਬ੍ਰਹਮ ਕੁਮਾਰੀਆਂ ਇਸ ਗੱਲ ਵਿੱਚ ਵੀ ਯਕੀਨ ਕਰਦੀਆਂ ਹਨ ਕਿ ਪਿਛਲਾ ਯੁੱਗ ਚੰਗਾ ਸੀ। ਹੁਣ ਦਾ ਯੁੱਗ ਮਾੜਾ ਹੈ। ਉਹ ਇਸ ਸਬੰਧੀ ਅਸਲੀਅਤ ਨੂੰ ਭੁੱਲ ਜਾਂਦੀਆਂ ਹਨ। ਅਸਲ ਵਿੱਚ ਸਤਯੁੱਗ ਜਾਂ ਕੱਲਯੁੱਗ ਸਮੇਂ-ਸਮੇਂ ਦੀਆਂ ਸਰਕਾਰਾਂ 'ਤੇ ਨਿਰਭਰ ਕਰਦੇ ਹਨ। ਜੇ ਕਿਸੇ ਦੇਸ਼ ਦੀ ਸਰਕਾਰ ਚੰਗੀ ਹੈ ਉੱਥੇ ਅੱਜ ਵੀ ਸੱਤਯੁੱਗ ਹੈ ਜਿੱਥੇ ਅੱਜ ਵੀ ਲੜਾਈਆਂ ਚੱਲ ਰਹੀਆਂ ਹਨ ਉੱਥੇ ਅੱਜ ਵੀ ਕੱਲਯੁੱਗ ਹੈ। ਜੇ ਭਾਰਤ ਦੀ ਹੀ ਗੱਲ ਕਰੀਏ ਤੇ ਪਿਛਲੇ ਇਤਿਹਾਸ ਦੇ ਵਰਕੇ ਫਰੋਲੀਏ ਤਾਂ ਪਤਾ ਚਲੱਦਾ ਹੈ ਕਿ ਵੱਡੇ-ਵੱਡੇ ਅਕਾਲ ਧਰਤੀ 'ਤੇ ਪੈਂਦੇ ਸਨ ਜਿਸ ਨਾਲ ਕਰੋੜਾਂ ਲੋਕ ਅਨਾਜ ਦੇ ਦਾਣੇ ਨੂੰ ਤਰਸਦੇ ਭੁੱਖ ਨਾਲ ਮਰ ਜਾਂਦੇ ਸਨ। ਲੋਕ ਆਪਣੇ ਬੱਚਿਆਂ ਨੂੰ ਭੁੱਖ ਨਾਲ ਤੜਪਦੇ ਅਤੇ ਆਪਣੀਆਂ ਅੱਖਾਂ ਮੂਹਰੇ ਉਹਨਾਂ ਦੀ ਜਾਨ ਨਿਕਲਦੀ ਵੇਖਦੇ। ਇਸਦੇ ਨਾਲ ਹੀ ਕਰੋੜਾਂ ਲੋਕ ਪਲੇਗ, ਕਾਲੇ ਬੁਖਾਰ ਵਰਗੀਆਂ ਮਾਰੂ ਬੀਮਾਰੀਆਂ ਨਾਲ ਚੱਲ ਵੱਸਦੇ। ਪਿੰਡਾਂ ਦੇ ਪਿੰਡ ਖਾਲੀ ਹੋ ਜਾਂਦੇ। ਇੱਕ ਦੀ ਲਾਸ਼ ਸੰਸਕਾਰ ਲਈ ਲੈ ਕੇ ਜਾਂਦੇ ਘਰ ਆਉਂਦਿਆਂ ਨੂੰ ਦੂਜੇ ਦੀ ਮੌਤ ਹੋ ਚੁੱਕੀ ਹੁੰਦੀ। ਹਰ ਪਿੰਡ ਹਰ ਘਰ ਵਿੱਚ ਸੋਗ ਵਿਸਿਆ ਹੁੰਦਾ ਕੀ ਅਜਿਹੇ ਯੁੱਗਾਂ ਨੂੰ ਸੱਤਯੁੱਗ ਕਹਾਂਗੇ।

ਜੇ ਅਗਾਂਹ ਗੱਲ ਕਰੀਏ ਆਮ ਲੋਕਾਂ ਕੋਲ ਤਾਂ ਰਹਿਣ ਲਈ ਕੁੱਲੀਆਂ ਜਾਂ ਢਾਰੇ ਹੀ ਹੁੰਦੇ ਸਨ। ਉਹਨਾਂ ਕੋਲ ਹੁੰਦਾ ਹੀ ਕੁਝ ਨਹੀਂ ਸੀ ਇਸ ਲਈ ਡਾਕੇ ਵੀ ਕਾਹਦੇ ਪੈਣੇ ਹੁੰਦੇ। ਪਰ ਜੋ ਉਸ ਸਮੇਂ ਦੇ ਅਮੀਰ ਹੁੰਦੇ ਸਨ ਉਹਨਾਂ ਦੀ ਜ਼ਿੰਦਗੀ ਵੀ ਸੁਖਾਲੀ ਨਹੀਂ ਸੀ ਹੁੰਦੀ। ਉਹ ਹਵੇਲੀਆਂ ਤਾਂ ਬਣਾਉਂਦੇ ਪਰ ਉਹਨਾਂ ਵਿੱਚ ਕਿਸੇ ਕਿਸਮ ਦੀ ਵਾਰੀ ਜਾਂ ਰੋਸ਼ਨਦਾਨ ਨਾ ਰੱਖਦੇ। ਤਾਂ ਜੋ ਘਰ ਵਿੱਚ ਰਾਤ ਬਰਾਤੇ ਡਾਕੂ ਨਾ ਆ ਸਕਣ। ਫਿਰ ਵੀ ਰਾਤਾਂ ਡਰ-ਡਰ ਕੇ ਗੁਜਾਰਦੇ ਉਹਨਾਂ ਦੀਆਂ ਅੱਖਾਂ ਦਿਨ ਦਾ ਚਾਨਣ ਵੇਖਣ ਨੂੰ ਤਰਸ ਜਾਂਦੀਆਂ ਜਿਹਨਾਂ ਲੋਕਾਂ ਨੇ ਰਜਵਾੜਿਆਂ ਦੇ ਰਾਜ ਤੇ ਜਿਮੀਂਦਾਰਾਂ ਦੀਆਂ ਵਧੀਕੀਆ ਬ੍ਰਦਾਸ਼ਤ ਕੀਤੀਆਂ ਹਨ ਉਹ ਹੀ ਦੱਸ ਸਕਦੇ ਹਨ ਕਿਵੇਂ ਦਿਨ ਦਿਹਾੜੇ ਉਹਨਾਂ ਦੀਆਂ ਇਸਤਰੀਆਂ ਨੂੰ ਹਵੇਲੀਆਂ ਵਿੱਚ ਉਨ੍ਹਾਂ ਦੇ ਲੱਠਮਾਰ ਖਿਚ ਕੇ ਲੈ ਜਾਂਦੇ ਸਨ ਤੇ ਮਰਦਾਂ ਦੇ ਵਿਦਰੋਹ ਕਰਨ 'ਤੇ ਉਹਨਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਸੀ। ਅਜਿਹੇ ਯੁੱਗਾਂ ਨੂੰ ਸੱਤਯੁੱਗ ਤਾਂ ਨਹੀਂ ਕਿਹਾ ਜਾ ਸਕਦਾ। ਇਤਿਹਾਸ ਦੇ ਵਰਕੇ ਫਰੋਲਣ 'ਤੇ ਪਤਾ ਲੱਗਦਾ ਹੈ ਕਿ ਜਿਉਂ ਜਿਉਂ ਅਸੀਂ ਇਤਿਹਾਸ ਦੀਆਂ ਪਿਛਲੀਆਂ ਪਰਤਾਂ ਵੱਲ ਅੱਗੇ ਵੱਧਦੇ ਹਾਂ ਤਾਂ ਬੀਮਾਰੀਆਂ, ਜ਼ਿਆਦਤੀਆਂ, ਆਫਤਾਂ ਦੀ ਮਾਤਰਾ ਵੀ ਵੱਧ ਹੁੰਦੀ ਸੀ।

ਭਾਰਤ ਦੀ ਧਰਤੀ 'ਤੇ ਪ੍ਰਾਚੀਨ ਤੋਂ ਪ੍ਰਾਚੀਨ ਸੱਭਿਅਤਾ ਦੇ ਚਿੰਨ੍ਹ ਜੋ ਮਿਲੇ ਹਨ ਉਹ ਅੱਠ ਕੁ ਹਜ਼ਾਰ ਵਰ੍ਹੇ ਪਹਿਲਾਂ ਦੇ ਕੋਇਟੇ ਦੇ ਕੋਲੋ ਪਾਕਿਸਤਾਨ ਦੇ ਮੇਹਰਗੜ੍ਹ ਤੋਂ ਪ੍ਰਾਪਤ ਹੋਏ ਹਨ। ਸਿੰਧ ਘਾਟੀ ਦੀ ਸੱਭਿਅਤਾ ਇਸਤੋਂ ਹਜ਼ਾਰ ਕੁ ਵਰ੍ਹੇ, ਪਿੱਛੋਂ ਦੀ ਹੈ। ਫਿਰ ਸੱਤਯੁੱਗ ਕਿਹੜੇ ਸਮੇਂ ਵਿੱਚ ਹੋਵੇਗਾ। ਹੋ ਸਕਦਾ ਹੋਵੇ ਪਰ ਕਿਸੇ ਰਿਆਸਤ ਦਾ ਰਾਜਾ ਚੰਗਾ ਹੁੰਦਾ ਹੋਵੇ ਉਥੋਂ ਦੀ ਪਰਜਾ ਸੁਖੀ ਜ਼ਰੂਰ ਹੁੰਦੀ ਹੋਵੇਗੀ। ਉਹਨਾਂ ਦੀਆਂ ਮਨੁੱਖੀ ਕਦਰਾਂ ਕੀਮਤਾਂ ਅੱਜ ਦੇ ਮਨੁੱਖ ਨਾਲੋਂ ਸ਼ਾਇਦ ਚੰਗੀਆਂ ਹੁੰਦੀਆਂ ਹੋਣ, ਪਰ ਕੁੱਲ ਮਿਲਾਕੇ ਜ਼ਿਆਦਾ ਲੋਕਾਈ ਧਰਤੀ 'ਤੇ ਅੱਜ ਨਾਲੋਂ ਵੱਧ ਦੁੱਖੀ ਰਹੀ ਹੈ। ਉਸ ਸਮੇਂ ਦੇ ਰਾਜੇ ਮਹਾਰਾਜੇ ਕਿਹੜਾ ਅੱਜ ਜਿੰਨੇ ਸੁੱਖੀ ਹੋਣਗੇ। ਸ਼ਿਕਾਰ ਕਰਨਾ ਆਪਣੇ ਰਾਜ ਵਿੱਚ ਇੱਕ ਖੂੰਜੇ ਤੋਂ ਦੂਜੇ ਤੱਕ ਪਹੁੰਚਣਾ ਉਹਨਾਂ ਲਈ ਅੱਜ ਨਾਲੋਂ ਸੁਖਾਲਾ ਕਦੇ ਵੀ ਨਹੀਂ ਹੋਇਆ ਹੋਣਾ।

ਸੋ ਸੱਤਯੁੱਗ ਤੇ ਕੱਲਯੁੱਗ ਸਰਕਾਰਾਂ 'ਤੇ ਨਿਰਭਰ ਹੈ। ਬ੍ਰਹਮਕੁਮਾਰੀਆਂ ਦਾ ਧਿਆਨ ਮੌਜੂਦਾ ਰਾਜਸੀ ਪ੍ਰਬੰਧ ਨੂੰ ਮਜ਼ਬੂਤ ਕਰਨ ਵੱਲ ਹੀ ਹੈ। ਉਹ ਲੋਕਾਂ ਦੀਆਂ ਮੁਸ਼ਕਲਾਂ ਤੇ ਸਮੱਸਿਆਵਾਂ ਵੱਲੋਂ ਧਿਆਨ ਬਦਲ ਕੇ ਆਤਮਾ, ਪ੍ਰਮਾਤਮਾ ਵੱਲ ਨੂੰ ਲਾ ਰਹੇ ਹਨ ਜਿਹਨਾਂ ਦੀ ਨਾ ਕਦੇ ਹੋਂਦ ਸੀ ਤੇ ਨਾ ਹੀ ਹੋਵੇਗੀ।

**3. ਵਿਗਿਆਨ ਦੀ ਕਸੌਟੀ 'ਤੇ ਆਤਮਾ, ਪ੍ਰਮਾਤਮਾ :-** ਬ੍ਰਹਮਕੁਮਾਰੀਆਂ ਦੀ ਵਿਚਾਰਧਾਰਾ ਨੂੰ ਸਮਝਣ ਲਈ ਉਹਨਾਂ ਦੀਆਂ ਕੈਸਟਾਂ ਤੇ ਕਿਤਾਬਾਂ ਨੂੰ ਪੜ੍ਹਨਾ ਬਹੁਤ ਜ਼ਰੂਰੀ ਹੈ। ਉਹ ਆਤਮਾ ਨੂੰ ਸੂਖਮ ਬਿੰਦੂ ਆਕਾਰ ਹੀ ਸਮਝਦੇ ਹਨ ਤੇ ਤਾਰਿਆਂ ਤੋਂ ਪਰ੍ਹੇ ਉਹਨਾਂ ਦਾ ਨਿਵਾਸ ਸਥਾਨ ਹੈ। ਕੁੱਲ ਮਿਲਾ ਕੇ ਉਹਨਾਂ ਦੀ ਸਮਝ ਇਹ ਹੈ ਕਿ ਪ੍ਰਮਾਤਮਾ ਤੇ ਆਤਮਾ ਅਨੁਭਵ ਕਰਨ ਦੀਆਂ ਚੀਜ਼ਾਂ ਹਨ। ਇਹਨਾਂ ਨੂੰ ਸਮਝ ਉਹ ਹੀ ਵਿਅਕਤੀ ਸਕਦਾ ਹੈ ਜਿਸ ਕੋਲ ਇਨ੍ਹਾਂ ਨੂੰ ਸਮਝਣ ਦੀ ਬੁੱਧੀ ਹੋਵੇ। ਨਾਸਤਿਕ ਅਤੇ ਹੋਰ ਕਿਸਮ ਦੇ ਧਰਮਾਂ ਵਾਲੇ ਇਸਨੂੰ ਸਮਝ ਨਹੀਂ ਸਕਦੇ।

ਅਸਲ ਵਿੱਚ ਇਸ ਸਾਰੇ ਵਰਤਾਰੇ ਨੂੰ ਸਮਝਣ ਲਈ ਸਾਨੂੰ ਵਿਗਿਆਨ ਵੱਲ ਪਰਤਣਾ ਪਵੇਗਾ। ਵਿਗਿਆਨ ਅਨੁਸਾਰ ਪਦਾਰਥ ਦੀ ਪ੍ਰੀਭਾਸ਼ਾ ਹੁੰਦੀ ਹੈ ਉਹ ਵਸਤੂ ਜੋ ਥਾਂ ਘੇਰਦੀ ਹੈ, ਜਿਸਦਾ ਆਕਾਰ ਅਤੇ ਭਾਰ ਹੁੰਦਾ ਹੈ। ਸੋ ਹਰੇਕ ਕਿਸਮ ਦੀ ਚੇਤਨਾ ਵੀ ਪਦਾਰਥ ਵਿੱਚ ਹੀ ਰਹਿ ਸਕਦੀ ਹੈ। ਅਸਲ ਵਿੱਚ ਚੇਤਨਾ ਪਦਾਰਥ ਦੇ ਕੁਝ ਗੁਣਾਂ ਦਾ ਸੁਮੇਲ ਹੀ ਹੈ। ਮਨੁੱਖੀ ਦਿਮਾਗ ਦੇ ਮਾਹਰ ਦੱਸਦੇ ਹਨ ਕਿ ਦਿਮਾਗ ਵਿੱਚ ਰਸਾਇਣਕ ਕ੍ਰਿਆਵਾਂ ਤੇ ਬਿਜਲੀ ਕ੍ਰਿਆਵਾਂ ਰਾਹੀਂ ਹੀ ਗਿਆਨ ਜਮ੍ਹਾਂ ਹੁੰਦਾ ਹੈ ਤੇ ਸ਼ਰੀਰ ਦੀਆਂ ਭੌਤਿਕ ਕ੍ਰਿਆਵਾਂ ਦਾ ਨਿਰਅੰਤਰਿਣ ਹੁੰਦਾ ਹੈ, ਮਨੁੱਖੀ ਸ਼ਰੀਰ ਵੱਖ-ਵੱਖ ਸੈਲਾਂ ਦਾ ਸਮੂਹ ਹੈ। ਸੈਲਾਂ ਦੇ ਇਕੱਠ ਮਿਲਕੇ ਅੰਗ ਬਣਾਉਂਦੇ ਹਨ। ਅੰਗ ਪ੍ਰਣਾਲੀਆਂ, ਅੰਗਾਂ ਦੇ ਸਮੂਹ ਤੋਂ ਬਣਦੀਆਂ ਹਨ। ਲਹੂ ਗੇੜ, ਸਾਹ ਪ੍ਰਣਾਲੀ ਦਿਮਾਗੀ ਪ੍ਰਬੰਧ ਸਭ ਅੰਗ ਪ੍ਰਣਾਲੀਆਂ ਹਨ। ਜਦੋਂ ਕੋਈ ਮਹੱਤਵ ਪੂਰਨ ਅੰਗ ਪ੍ਰਣਾਲੀ ਆਪਣਾ ਕੰਮ ਬੰਦ ਕਰ ਦਿੰਦੀ ਹੈ ਤਾਂ ਸ਼ਰੀਰ ਦਾ ਕਾਰਜ ਵੀ ਘੱਟ ਹੋ ਜਾਂਦਾ ਹੈ ਜਾਂ ਰੁੱਕ ਜਾਂਦਾ ਹੈ।

ਮਨੁੱਖੀ ਸ਼ਰੀਰ ਰੇਡੀਓ ਜਾਂ ਟੈਲੀਵੀਯਨ ਜਾਂ ਕੰਪਿਊਟਰ ਦੀ ਤਰ੍ਹਾਂ ਕੰਮ ਕਰਦਾ ਹੈ। ਜਦੋਂ ਰੇਡੀਓ ਕੰਮ ਕਰਨਾ ਬੰਦ ਕਰ ਦਿੰਦਾ ਹੈ ਤਾਂ ਅਸੀਂ ਇਹ ਨਹੀਂ ਕਹਿੰਦੇ ਕਿ ਇਸ ਵਿੱਚੋਂ ਆਤਮਾ ਨਿਕਲ ਗਈ ਹੈ ਸਗੋਂ ਚੁੱਕ ਕੇ ਮਕੈਨਿਕ ਕੋਲ ਲੈ ਜਾਂਦੇ ਹਾਂ, ਮਕੈਨਿਕ ਉਸ ਵਿੱਚ ਆਤਮਾ ਨਹੀਂ ਪਾਉਂਦਾ ਸਗੋਂ ਉਸਦੀ ਪ੍ਰਣਾਲੀ ਵਿੱਚ ਨੁਕਸ਼ ਲੱਭ ਕੇ ਉਸਨੂੰ ਦਰੁਸਤ ਕਰਦਾ ਹੈ ਤੇ ਉਹ ਠੀਕ ਹੋ ਜਾਂਦਾ ਹੈ। ਮਨੁੱਖੀ ਸ਼ਰੀਰ ਵਿੱਚ ਪਏ ਨੁਕਸ਼ ਦੂਰ ਕਰਨ ਲਈ ਡਾਕਟਰਾਂ ਕੋਲ ਲੈ ਕੇ ਜਾਣਾ ਪੈਂਦਾ ਹੈ ਤੇ ਬਹੁਤੀਆਂ ਹਾਲਤਾਂ ਵਿੱਚ ਉਹ ਨੁਕਸ਼ ਦੂਰ ਕਰ ਦਿੰਦੇ ਹਨ। ਇਸ ਖੇਤਰ ਵਿੱਚ ਦਿਨੋਂ-ਦਿਨ ਨਵੀਆਂ ਉਪਲਬਧੀਆਂ ਤੇ ਖੋਜਾਂ ਹੋ ਰਹੀਆਂ ਹਨ। ਉਹ ਦਿਨ ਦੂਰ ਨਹੀਂ ਜਦੋਂ ਸ਼ਰੀਰ ਵਿੱਚੋਂ ਨਿਕਲ ਚੁੱਕੀ ਆਤਮਾ ਮੁੜ ਸ਼ਰੀਰ ਵਿੱਚ ਦਾਖਲ ਹੋ ਜਾਇਆ ਕਰੇਗੀ।

ਬ੍ਰਹਮ ਕੁਮਾਰੀ ਆਸ਼ਰਮ ਬਾਰੇ ਬਹੁਤ ਸਾਰੇ ਲੋਕ ਇਹ ਸਮਝਦੇ ਹਨ ਕਿ ਆਤਮਾ ਪ੍ਰਮਾਤਮਾ ਤਾਂ ਊਰਜਾ ਦੇ ਹੀ ਇੱਕ ਰੂਪ ਹਨ ਜਦੋਂ ਕਿ ਵਿਗਿਆਨ ਅਨੁਸਾਰ ਊਰਜਾ ਪਦਾਰਥ ਹੀ ਹੈ। ਇਸ ਲਈ ਆਤਮਾ ਪ੍ਰਮਾਤਮਾ ਬਾਰੇ ਉਨ੍ਹਾਂ ਦਾ ਇਹ ਕਹਿਣਾ ਕਿ ਅਨੁਭਵ ਹੈ। ਉਨ੍ਹਾਂ ਵਿਅਕਤੀਆਂ ਲਈ ਠੀਕ ਹੈ ਜਿਹੜੇ ਇਹ ਸਮਝਦੇ ਹਨ ਕਿ ਉਹਨਾਂ

ਨੂੰ ਆਪਣੇ ਵਿਚਾਰਾਂ ਵਿੱਚ ਮਘਨ ਹੋ ਕੇ ਪ੍ਰਮਾਤਮਾ ਨੂੰ ਆਪਣੇ ਦਿਲ ਵਿੱਚ ਵਸਾਉਣਾ ਚਾਹੀਦਾ ਹੈ। ਹਰ ਸਮੱਸਿਆ ਸਮੇਂ ਉਸਨੂੰ ਯਾਦ ਕਰਦੇ ਹੋਏ ਮੁਸਕਰਾਉਣਾ ਚਾਹੀਦਾ ਹੈ। ਪਰ ਇਹ ਮਨੁੱਖੀ ਤਰੱਕੀ ਤੇ ਮਨੁੱਖੀ ਸਮੱਸਿਆਵਾਂ ਦਾ ਕੋਈ ਹੱਲ ਨਹੀਂ ਹੈ।

4. **ਨਿੱਜੀ ਉਦਾਹਰਣਾਂ ਨਾਲੋਂ ਗਰੁੱਪਾਂ ਦੀਆਂ ਉਦਾਹਰਣਾਂ ਵੱਧ ਜ਼ਰੂਰੀ ਹੁੰਦੀਆਂ ਹਨ** :- ਬ੍ਰਹਮਕੁਮਾਰੀ ਆਸ਼ਰਮ ਦੇ ਬੁਲਾਰੇ ਤੇ ਕਿਤਾਬਾਂ ਨਿੱਜੀ ਉਦਾਹਰਣਾਂ ਨਾਲ ਭਰੀਆਂ ਹੋਈਆਂ ਹਨ। ਪਰ ਮੈਂ ਇਸ ਗੱਲ ਨਾਲ ਸਹਿਮਤ ਨਹੀਂ ਹਾਂ ਕਿ ਨਿੱਜੀ ਉਦਾਹਰਣਾਂ ਵਿਅਕਤੀਆਂ ਦੇ ਸਮੂਹ ਨੂੰ ਕੋਈ ਅਗਵਾਈ ਦੇ ਸਕਦੀਆਂ ਹਨ। ਇਸਦੀ ਉਦਾਹਰਣ ਤੁਹਾਨੂੰ ਅੰਗਰੇਜੀ ਦਵਾਈ ਦੀ ਖੋਜ ਤੇ ਪਰਖ ਦੇ ਢੰਗਾਂ ਵਿੱਚੋਂ ਮਿਲ ਸਕਦੀ ਹੈ। ਕਿਸੇ ਵੀ ਦਵਾਈ ਦੀ ਪਰਖ ਲਈ ਉਸਨੂੰ ਪਹਿਲਾਂ ਰਸਾਇਣਕ ਢੰਗ ਨਾਲ ਸਮਝਿਆ ਜਾਂਦਾ ਹੈ। ਜਿਵੇਂ ਕਿਸੇ ਬਿਮਾਰੀ ਲਈ ਜੁੰਮੇਵਾਰ ਰੋਗਾਣੂ ਦੀ ਪਹਿਚਾਣ ਕਰਕੇ ਉਸਦੀ ਬਣਤਰ ਨੂੰ ਸਮਝਿਆ ਜਾਂਦਾ ਹੈ ਫਿਰ ਉਸ ਰੋਗਾਣੂ ਨੂੰ ਮਾਰਨ ਵਾਲੇ ਰਸਾਇਣਕ ਪਦਾਰਥਾਂ ਦੀ ਪਹਿਚਾਣ ਕੀਤੀ ਜਾਂਦੀ ਹੈ। ਫਿਰ ਉਹਨਾਂ ਰਸਾਇਣਕ ਪਦਾਰਥਾਂ ਨੂੰ ਉਸ ਰੋਗਾਣੂ ਨਾਲ ਗ੍ਰਸਤ ਹੋਏ ਜੀਵਾਂ 'ਤੇ ਪਰਖਿਆ ਜਾਂਦਾ ਹੈ ਕਿਉਂਕਿ ਮਨੁੱਖ ਦਾ ਵਿਕਾਸ ਬਣਮਾਨਸ ਤੋਂ ਹੋਇਆ ਸੀ ਤੇ ਬਣਮਾਨਸ ਕੁਝ ਦੂਰੀ ਤੋਂ ਚੂਹਿਆਂ ਦੇ ਰਿਸ਼ਤੇਦਾਰ ਹਨ। ਇਸ ਲਈ ਪਹਿਲਾਂ ਪਰਖ ਚੂਹਿਆਂ 'ਤੇ ਫਿਰ ਬਾਂਦਰਾਂ 'ਤੇ ਉਸ ਤੋਂ ਅੱਗੇ ਬਣਮਾਨਸਾਂ ਤੇ ਮਨੁੱਖਾਂ 'ਤੇ ਕੀਤੀ ਜਾਂਦੀ ਹੈ। ਇਹ ਅਧਿਐਨ ਕਿਸੇ ਇੱਕ ਮਨੁੱਖ 'ਤੇ ਨਹੀਂ ਸਗੋਂ ਮਨੁੱਖਾਂ ਦੇ ਗਰੁੱਪਾਂ 'ਤੇ ਕੀਤਾ ਜਾਂਦਾ ਹੈ। ਫਿਰ ਉਸ ਦਵਾਈ ਨੂੰ ਬਾਜ਼ਾਰ ਵਿੱਚ ਭੇਜਿਆ ਜਾਂਦਾ ਹੈ। ਬ੍ਰਹਮ ਕੁਮਾਰੀ ਆਸ਼ਰਮ ਵਾਲੇ ਮੌਤ ਤੋਂ ਬਚ ਕੇ ਮੁੜ ਜਿਉਂਦੇ ਹੋਏ ਵਿਅਕਤੀ ਦੇ ਤਜਰਬਿਆਂ ਦੀਆਂ ਉਦਾਹਰਣਾਂ ਦਿੰਦੇ ਹਨ। ਕਹਿੰਦੇ ਹਨ ਕਿ ਅਮਰੀਕਾਂ ਦੇ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ ਉਸਨੇ ਆਪਣੇ ਵਿੱਚੋਂ ਆਤਮਾ ਨੂੰ ਨਿਕਲ ਕੇ ਜਾਂਦੇ ਹੋਏ ਵੇਖਿਆ। ਅਸਲ ਵਿੱਚ ਅਜਿਹਾ ਨਹੀਂ ਦੁਨੀਆਂ ਦੇ ਬਹੁਤ ਸਾਰੇ ਵਿਅਕਤੀਆਂ ਨੇ ਮੌਤ ਸਮੇਂ ਆਪਣੇ ਤਜਰਬਿਆਂ ਨੂੰ ਕਿਤਾਬਾਂ ਵਿੱਚ ਸਮੇਟਿਆਂ ਹੈ। ਹਰੇਕ ਵਿਅਕਤੀ ਨੇ ਮੌਤ ਬਾਅਦ ਆਪਦੇ ਦਿਮਾਗ ਵਿੱਚ ਚੱਲ ਰਹੇ ਵਿਚਾਰਾਂ ਨੂੰ ਪ੍ਰਗਟ ਕੀਤਾ ਹੈ। ਕਿਸੇ ਨੇ ਕਿਹਾ ਹੈ ਕਿ ਮੈਂ ਹਨੇਰਾ ਵੇਖਿਆ ਜੋ ਹਰ ਸਮੇਂ ਧੁੰਦਲਾ ਹੁੰਦਾ ਗਿਆ। ਕਿਸੇ ਨੇ ਕਿਹਾ ਹੈ ਕਿ ਮੈਨੂੰ ਕੁਝ ਪਤਾ ਹੀ ਨਹੀਂ ਲੱਗਿਆ ਕੋਈ ਆਤਮਾ ਦੇ ਨਿਕਲ ਜਾਣ ਦੀ ਗੱਲ ਕਰਦਾ ਹੈ। ਇਸ ਸਬੰਧੀ ਕੋਈ ਇੱਕ ਜਾਂ ਸਪੱਸ਼ਟ ਵਿਚਾਰ ਨਹੀਂ।

5. **ਟੈਲੀਪੈਥੀ** :- ਬ੍ਰਹਮ ਕੁਮਾਰੀ ਆਸ਼ਰਮ ਨਾਲ ਦੁਨੀਆਂ ਦੇ ਦਸ ਲੱਖ ਲੋਕ ਜੁੜੇ ਹੋਏ ਹਨ। ਇਹ ਸਾਰੇ ਟੈਲੀਪੈਥੀ ਵਿੱਚ ਯਕੀਨ ਕਰਦੇ ਹਨ ਟੈਲੀਪੈਥੀ ਅਜਿਹੀ ਝੂਠੀ ਵਿਦਿਆ ਹੈ ਜਿਸ ਦੇ ਵਿਸ਼ਵਾਸੀ ਇਸ ਗੱਲ ਵਿੱਚ ਯਕੀਨ ਕਰਦੇ ਹਨ ਕਿ ਕਿਸੇ ਦੇ ਮਨ ਅੰਦਰ ਚੱਲ ਰਹੇ ਵਿਚਾਰਾਂ ਨੂੰ ਕਿਸੇ ਦੂਰ ਬੈਠੇ ਵਿਅਕਤੀ ਦੁਆਰਾ ਪੜ੍ਹਿਆ ਜਾ ਸਕਦਾ ਹੈ। ਇੱਥੇ ਵੀ ਇਹਨਾਂ ਦੇ ਵਿਚਾਰ ਵਿਗਿਆਨ ਵਿਰੋਧੀ ਹਨ ਜੋ ਇਹ ਕਹਿੰਦੀ ਹੈ ਕਿ ਕਿਸੇ ਕਿਸਮ ਦੀ ਚੇਤਨਾ, ਗਿਆਨ ਜਾਂ ਜਾਣਕਾਰੀ ਕਿਸੇ ਪਦਾਰਥ ਵਿੱਚ ਹੀ ਵਜੂਦ ਰੱਖ ਸਕਦੀ ਹੈ। ਇਹਨਾਂ ਵਿਚਾਰਾਂ ਦੀ ਗਤੀ ਲਈ ਜਾਂ ਇੱਕ ਥਾਂ ਤੋਂ ਦੂਜੇ 'ਤੇ ਜਾਣ ਲਈ ਮਾਧਿਅਮ ਦੀ ਲੋੜ ਹੁੰਦੀ ਹੈ। ਬ੍ਰਹਮਕੁਮਾਰੀ ਕਦੇ ਵੀ ਇਹ ਦੱਸਣ ਦਾ ਯਤਨ ਨਹੀਂ ਕਰਦੇ ਕਿ ਕਿਸੇ ਵਿਅਕਤੀ ਦੇ ਵਿਚਾਰ ਕਿਸੇ ਦੂਸਰੇ ਵਿਅਕਤੀ ਤੱਕ ਕਿਵੇਂ ਪਹੁੰਚ ਜਾਂਦੇ ਹਨ। ਅਸਲ ਵਿੱਚ ਟੈਲੀਪੈਥੀ ਦੇ ਵਿਚਾਰ ਦੀ ਪੈਦਾਵਾਰ ਮਨੁੱਖੀ ਮਨ ਵਿੱਚ ਹਰ ਰੋਜ਼ ਪੈਦਾ ਹੋਣ ਵਾਲੀਆਂ ਸੈਂਕੜੇ ਕਲਪਨਾਵਾਂ ਵਿੱਚੋਂ ਹੁੰਦੀ ਹੈ। ਮਨੁੱਖੀ ਮਨ, ਮਨੁੱਖ ਦਾ ਕਦੇ ਵੀ ਨਾ ਸੌਣ ਵਾਲਾ ਅੰਸ਼ ਹੈ। ਇਸ ਵਿੱਚ ਹਰ ਵੇਲੇ ਰਸਾਇਣਕ ਤੇ ਇਲੈਕਟ੍ਰਾਨਿਕ ਕ੍ਰਿਆਵਾਂ ਰਾਹੀਂ ਵਿਚਾਰ ਪੈਦਾ ਹੁੰਦੇ ਰਹਿੰਦੇ ਹਨ। ਸੌਣ ਸਮੇਂ ਪੈਦਾ ਹੋਏ ਵਿਚਾਰ ਸਾਡੇ ਯਾਦ ਨਹੀਂ ਰਹਿੰਦੇ ਪਰ ਅਰਧ ਕੱਚੀ ਨੀਂਦ ਵਿੱਚ ਪੈਦਾ ਹੋਏ ਵਿਚਾਰ ਸਾਡੇ ਲਈ ਸੁਪਨੇ ਬਣ ਜਾਂਦੇ ਹਨ। ਜਾਗਣ ਸਮੇਂ ਹੋਈਆਂ ਕਲਪਨਾਵਾਂ ਵਿੱਚੋਂ ਬਹੁਤੀਆਂ ਅਸੀਂ ਭੁੱਲ ਜਾਂਦੇ ਹਾਂ ਕੁੱਝ ਸਾਡੇ ਯਾਦ ਰਹਿ ਜਾਂਦੀਆਂ ਹਨ। ਗਲਤ ਨਿਕਲੀਆਂ ਕਲਪਨਾਵਾਂ ਦਾ ਜਿਕਰ ਕੋਈ ਵਿਅਕਤੀ ਕਰਦਾ ਨਹੀਂ ਪਰ ਜੇ ਕੋਈ ਇੱਕ ਅੱਧੀ ਸੱਚ ਨਿਕਲ ਜਾਂਦੀ ਹੈ ਉਸਦਾ ਪ੍ਰਚਾਰ ਅਸੀਂ ਜ਼ੋਰ ਸ਼ੋਰ ਨਾਲ ਕਰਦੇ ਹਾਂ।

ਸੰਸਾਰ ਵਿੱਚ ਅੱਜ ਤੱਕ ਇੱਕ ਵੀ ਵਿਅਕਤੀ ਅਜਿਹਾ ਨਹੀਂ ਹੋਇਆ ਜਾਂ ਹੈ ਜਿਹੜਾ ਕਿਸੇ ਵਿਅਕਤੀ ਨਾਲ ਵਾਪਰਨ ਵਾਲੀ ਘਟਨਾ ਦੀ ਪਹਿਲਾ ਪੇਸ਼ੀਨਗੋਈ ਕਰ ਸਕਦਾ ਹੋਵੇ ਜਾਂ ਹੈ। ਅਜਿਹੇ ਦਾਅਵਾ ਕਰਨ ਵਾਲੇ ਵਿਅਕਤੀ ਦੁਨੀਆਂ ਵਿੱਚ ਬਹੁਤ ਹਨ ਪਰ ਪ੍ਰਯੋਗਿਕ ਪਰਖ ਸਮੇਂ ਇੱਕ ਵੀ ਵਿਅਕਤੀ ਅਜਿਹਾ ਨਹੀਂ ਹੈ ਜੋ ਸਫਲ ਹੋਇਆ ਹੋਵੇ। ਜੇ ਇੱਕ ਵੀ ਵਿਅਕਤੀ ਅਜਿਹਾ ਹੁੰਦਾ ਤਾਂ ਜਪਾਨ ਵਿੱਚ ਆਈ ਸੁਨਾਮੀ ਸਮੇਂ ਲੋਕਾਂ ਨੂੰ ਬਚਾਇਆ ਜਾ ਸਕਦਾ ਅੱਜ ਭਾਵੇਂ ਵਿਗਿਆਨਕ ਢੰਗਾਂ ਰਾਹੀਂ ਸੁਨਾਮੀ ਦੀ ਸਹੀ ਭਵਿੱਖਬਾਣੀ ਕੀਤੀ ਜਾ ਰਹੀ ਹੈ। ਪਰ ਟੈਲੀਪੈਥੀ ਰਾਹੀਂ ਅਜਿਹਾ ਸੰਭਵ ਨਹੀਂ ਹੈ। ਇੰਦਰਾ ਗਾਂਧੀ ਦੇ ਅਧੀਨ ਹਜ਼ਾਰਾਂ ਅਫਸਰਾਂ ਵਿੱਚੋਂ ਇੱਕ ਵੀ ਇਸ ਝੂਠੀ ਪੈਥੀ ਦਾ ਮਾਹਰ ਹੁੰਦਾ, ਤਾਂ ਇੰਦਰਾ ਗਾਂਧੀ ਨੂੰ ਆਪਣੇ ਗਾਰਡਾਂ ਹੱਥੋਂ ਗੋਲੀ ਨਾਲ ਮਰਨਾ ਨਾ ਪੈਂਦਾ।

6. **ਦੁਨੀਆਂ ਦੇ ਖਾਤਮੇ ਦਾ ਵਿਚਾਰ** :- ਬ੍ਰਹਮਕੁਮਾਰੀਆਂ ਦੀਆਂ ਕਿਤਾਬਾਂ ਵਿੱਚ ਕਈ ਥਾਂਵਾਂ 'ਤੇ ਇਹ ਦਰਜ਼ ਕੀਤਾ ਹੁੰਦਾ ਹੈ ਕਿ ਦੁਨੀਆਂ ਛੇਤੀ ਖ਼ਤਮ ਹੋ ਜਾਵੇਗੀ ਉਹਨਾਂ ਅਨੁਸਾਰ ਇਹ ਕੱਲਯੁੱਗ ਦਾ ਸਮਾਂ ਹੈ ਤੇ ਛੇਤੀ ਹੀ ਇਹ ਖ਼ਤਮ ਹੋ ਕੇ ਸੱਤਯੁੱਗ ਆਉਣਾ ਸ਼ੁਰੂ ਹੋ ਜਾਵੇਗਾ ਅਤੇ ਸਾਰੀ ਦੁਨੀਆਂ ਬ੍ਰਹਮ ਕੁਮਾਰੀ ਵਿਚਾਰਧਾਰਾ ਵੱਲ ਪ੍ਰੇਰਤ ਹੋ ਜਾਵੇਗੀ ਅਸਲ ਵਿੱਚ ਇਹ ਗੱਲ ਵੀ ਕਾਲਪਨਿਕ ਹੈ। ਅਜਿਹਾ ਨਹੀਂ ਹੋਵੇਗਾ ਕਿਉਂਕਿ ਅੱਜ ਦੁਨੀਆਂ ਵਿੱਚ ਅਮੀਰਾਂ ਤੇ ਗਰੀਬਾਂ ਵਿੱਚ ਆਰਥਿਕ ਰੂਪ ਵਿੱਚ ਵੱਡੇ ਪਾੜੇ ਹਨ। ਜਿੰਨਾ ਚਿਰ ਇਹ ਅੰਤਰ ਘੱਟ ਨਹੀਂ ਹੁੰਦੇ ਉਨ੍ਹਾਂ ਚਿਰ ਦੁਨੀਆਂ ਵਿੱਚ ਸੁੱਖ ਸ਼ਾਂਤੀ ਨਹੀਂ ਹੋ ਸਕਦੀ ਇਸ ਅੰਤਰ ਨੂੰ ਘਟਾਉਣ ਵਿੱਚ ਬ੍ਰਹਮ ਕੁਮਾਰੀ ਆਸ਼ਰਮ ਵਾਲੇ ਕਿਸੇ ਕਿਸਮ ਦਾ ਕੋਈ ਰੋਲ ਅਦਾ ਨਹੀਂ ਕਰ ਰਹੇ ਹਨ।

7. **ਮੋਹ ਦੇ ਰਿਸ਼ਤਿਆ ਨੂੰ ਘਟਾਉਣਾ** :- ਬ੍ਰਹਮ ਕੁਮਾਰੀ ਵਿਚਾਰਧਾਰਾ ਮੋਹ ਦੀਆਂ ਤੰਦਾਂ ਨੂੰ ਤੋੜ ਕੇ ਜਾਂ ਘੱਟ ਕਰਕੇ ਆਪਣਾ ਧਿਆਨ ਆਪਣੇ ਵੱਲ ਕੇਂਦਰਤ ਕਰਨ ਤੇ ਹੀ ਜ਼ੋਰ ਦਿੰਦੀ ਹੈ। ਉਹ ਮਨੁੱਖ ਦੀਆਂ ਕਾਮੁਕ ਲੋੜਾਂ ਨੂੰ ਨਜ਼ਰ ਅੰਦਾਜ ਕਰਦੇ ਹਨ। ਮਨੁੱਖੀ ਰਿਸ਼ਤਿਆਂ ਦੇ ਆਪਸੀ ਮੋਹ ਬਾਰੇ ਉਹਨਾਂ ਦੀ ਇਹ ਸੋਚ ਸੁਆਰਥੀ ਜਾਪਦੀ ਹੈ। ਲੱਗਭਗ ਉਨ੍ਹਾਂ ਦੇ ਪੰਜਾਹ ਹਜ਼ਾਰ ਮੈਂਬਰ ਸਿਰਫ ਤੇ ਸਿਰਫ ਭਗਤੀ ਵਿੱਚ ਹੀ ਰੁੱਝੇ ਹੋਏ ਹਨ। ਸਮਾਜ ਨਾਲ ਉਹਨਾਂ ਦਾ ਲੈਣ ਦੇਣ ਆਪਣੀ ਵਿਚਾਰਧਾਰਾਂ ਨੂੰ ਫੈਲਾਉਣ ਵਾਸਤੇ ਹੀ ਹੈ। ਉਹ ਇਹ ਸੋਚਦੇ ਹਨ ਕਿ ਖੁਦ ਨੂੰ ਪ੍ਰਮਾਤਮਾਂ ਤੇ ਆਤਮਾ ਦੇ ਲੜ ਲਾਕੇ ਦੁਨੀਆਂ ਵਿੱਚ ਮਹਾਂ ਪ੍ਰੀਵਰਤਨ ਹੋ ਜਾਵੇਗਾ। ਉਹ ਦੁਨਿਆਵੀ ਦੁੱਖਾਂ ਜਾਂ ਸੁੱਖਾਂ ਨਾਲ ਬਹੁਤਾ ਵਾਸਤਾ ਨਹੀਂ ਰੱਖਦੇ ਪਰ ਆਪਣੇ ਅੰਦਰ ਆਤਮਾ ਦੀ ਮੌਜੂਦਗੀ ਉਹਨਾਂ ਦੀ ਮੁਸਕਰਾਹਟ ਕਾਇਮ ਰੱਖਦੀ ਹੈ। ਇਸੇ ਲਈ ਉਹ ਦੁਨੀਆਂ ਵਿੱਚ ਵਾਪਰਨ ਵਾਲੇ ਦੁੱਖਾਂ-ਸੁੱਖਾਂ ਤੋਂ ਉਹ ਆਪਣੇ ਆਪ ਨੂੰ ਨਿਰਲੇਪ ਰੱਖਦੇ ਹਨ। ਆਪਣੇ ਆਸ਼ਰਮ ਵਿੱਚ ਨਾ ਉਹ ਅਖ਼ਬਾਰਾਂ ਰੱਖਦੇ ਹਨ ਤੇ ਨਾ ਹੀ ਵਧੀਆ ਸਾਹਿਤ ਨਾਲ ਉਹਨਾਂ ਦਾ ਕੋਈ ਵਾਸਤਾ ਹੁੰਦਾ ਹੈ। ਉਹ ਕਹਿੰਦੇ ਹਨ ਅਖ਼ਬਾਰਾਂ ਤੇ ਟੈਲੀਵੀਯਨ ਪ੍ਰੋਗਰਾਮਾਂ ਵਿੱਚ ਸਿਰਫ ਤੇ ਸਿਰਫ ਕਤਲਾਂ, ਦੁਰਘਟਨਾਵਾਂ ਤੇ ਲੁੱਟਾਂ ਖੋਹਾਂ ਦੀਆਂ ਖਬਰਾਂ ਹੁੰਦੀਆਂ ਹਨ ਜਿਹਨਾਂ ਨੂੰ ਪੜ੍ਹਕੇ ਮਨ ਉਦਾਸ ਹੁੰਦਾ ਹੈ, ਇਸ ਤਰ੍ਹਾਂ ਉਹ ਮਨੁੱਖੀ ਮਨ ਨੂੰ ਕੰਟਰੋਲ ਕਰਨ ਲਈ ਉਸ ਨੂੰ ਆਪਣੇ ਹੀ ਸਾਹਿਤ ਦੁਆਲੇ ਹੀ ਕੇਂਦਰਤ ਕਰਦੇ ਹਨ ਅੰਤ ਵਿੱਚ ਮੇਰੀ ਸਮਝ ਅਨੁਸਾਰ ਬੇਰੁਜ਼ਗਾਰੀ, ਗਰੀਬੀ, ਤੇ ਭੁੱਖਮਾਰੀ ਸਬੰਧੀ ਸਮੱਸਿਆਵਾਂ ਕਾਰਨ ਲੋਕ ਰੋਹ ਪੈਦਾ ਹੋ ਰਿਹਾ ਹੈ। ਇਹ ਵਿਚਾਰਧਾਰਾ ਮੌਜੂਦਾ ਤਾਣੇ-ਬਾਣੇ ਨੂੰ ਉਸ ਲੋਕ ਰੋਹ ਤੋਂ ਬਚਾਉਣ ਦਾ ਇੱਕ ਸਾਧਨ ਮਾਤਰ ਹੀ ਹੈ।

ਮੋ. 98887 87440

# ਦਹੇਜ ਦਾ ਬੰਧਨ ਉਵੇਂ ਦਾ ਉਵੇਂ ਹੀ ਹੈ

ਸਾਡੇ ਸਮਾਜ ਵਿੱਚ ਦਹੇਜ ਲੈਣ ਦੇਣ ਦਾ ਰਿਵਾਜ ਅੱਜ ਵੀ ਫੈਲਿਆ ਹੋਇਆ ਹੈ ਅਤੇ ਤੇਜ਼ੀ ਨਾਲ ਵੱਧ ਰਿਹਾ ਹੈ। ਲੜਕੀਆਂ ਵਿੱਚ ਆਪਣੇ ਕੈਰੀਅਰ (ਕਿੱਤਾ ਕਾਰੋਬਾਰ) ਨੂੰ ਲੈ ਕੇ ਇੱਕ ਜਾਗਰੂਕਤਾ ਆ ਗਈ ਹੈ। ਉਹ ਇਸ ਗੱਲ ਤੋਂ ਜਾਣੂ ਹਨ ਕਿ ਉਹਨਾਂ ਨੂੰ ਵੀ ਸਿੱਖਿਆ ਪ੍ਰਾਪਤ ਕਰਨ ਅਤੇ ਸਮਾਜ ਨੂੰ ਆਪਣਾ ਯੋਗਦਾਨ ਦੇਣ ਦਾ ਹੱਕ ਹੈ। ਇਹੀ ਕਾਰਨ ਹੈ ਕਿ ਇਸਤਰੀਆਂ ਨਾ ਸਿਰਫ ਉੱਚ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ, ਸਗੋਂ ਉੱਚ ਅਹੁੱਦਿਆਂ ਉੱਤੇ ਵੀ ਮੌਜੂਦ ਹਨ। ਨਿਰੰਤਰ ਤਰੱਕੀ ਅਤੇ ਅਜ਼ਾਦੀ ਦੇ ਰਸਤੇ ਜੇਕਰ ਇੱਕ ਪਾਸੇ ਉਹਨਾਂ ਦੇ ਲਈ ਖੁੱਲ੍ਹ ਰਹੇ ਹਨ, ਤਾਂ ਦੂਜੇ ਪਾਸੇ ਦਹੇਜ ਦਾ ਰਿਵਾਜ਼ ਵੀ ਓਨੀ ਹੀ ਤੇਜ਼ੀ ਨਾਲ ਫੈਲਦਾ ਜਾ ਰਿਹਾ ਹੈ।

ਕਿਉਂ ਕਾਇਮ ਹੈ ਇਹ ਰਿਵਾਜ਼ : ਪਹਿਲਾਂ ਕਿਉਂਕਿ ਲੜਕੀਆਂ ਨਾ ਤਾਂ ਉੱਚ ਸਿੱਖਿਅਤ ਹੁੰਦੀਆਂ ਸਨ, ਨਾ ਹੀ ਆਤਮਨਿਰਭਰ। ਇਸ ਲਈ ਉਹਨਾਂ ਦੀ ਪਰਿਵਾਰਕ ਜ਼ਿੰਦਗੀ/ਕਬੀਲਦਾਰੀ ਵਸਾਉਣ ਲਈ ਅਤੇ ਉਹਨਾਂ ਨੂੰ ਸੁਰੱਖਿਅਤ ਕਰਨ ਦੇ ਇਰਾਦੇ ਨਾਲ ਮਾਤਾ ਪਿਤਾ ਦਹੇਜ ਦੇਣ ਨੂੰ ਮਜ਼ਬੂਰ ਹੁੰਦੇ ਸਨ, ਪਰ ਅੱਜ ਹਰ ਵਰਗ ਦੀ ਲੜਕੀ ਸਿੱਖਿਅਤ ਹੋ ਰਹੀ ਹੈ ਅਤੇ ਕਮਾਉਣ ਵੀ ਲੱਗੀ ਹੈ, ਤਾਂ ਵੀ ਦਹੇਜ ਰਿਵਾਜ਼ ਵਿੱਚ ਹੈ। ਲੜਕੀ ਭਾਵੇਂ ਕਿੰਨੀ ਵੀ ਪੜ੍ਹੀ ਲਿਖੀ, ਅਜ਼ਾਦ ਵਿਚਾਰਾਂ ਦੀ ਹੋਵੇ ਅਤੇ ਚੰਗੀ ਤਨਖਾਹ ਪ੍ਰਾਪਤ ਕਰਨ ਵਾਲੀ ਕਿਉਂ ਨਾ ਹੋਵੇ, ਮੁੰਡੇ ਵਾਲੇ ਖੁੱਲ੍ਹ ਕੇ ਦਹੇਜ ਦੀ ਮੰਗ ਕਰਦੇ ਹਨ ਅਤੇ ਉਸ ਮੰਗ ਨੂੰ ਪੂਰਾ ਕਰਨ ਵਿੱਚ ਲੜਕੀ ਦੇ ਮਾਤਾ ਪਿਤਾ ਵੀ ਕੋਈ ਕਸਰ ਨਹੀਂ ਛੱਡਦੇ ਹਨ।

ਸਮਾਜ ਸ਼ਾਸਤਰੀ ਪ੍ਰੋਫੈਸਰ ਤੁਲਸੀ ਪਟੇਲ ਜੀ ਦੇ ਅਨੁਸਾਰ, ਲੜਕੀਆਂ ਦੇ ਸਿੱਖਿਅਤ ਹੋਣ ਦੇ ਬਾਵਜੂਦ ਦਹੇਜ ਲੈਣ ਦੇਣ ਦੀ ਹਾਲਤ ਹਾਲੇ ਵੀ ਉਵੇਂ ਦੀ ਉਵੇਂ ਬਣੀ ਹੋਈ ਹੈ। ਇਸ ਦਾ ਮੁੱਖ ਕਾਰਨ ਹੈ ਦਹੇਜ ਦੀ ਵਰਤੋਂ ਇੱਕ

(ਕੋਈ ਗੱਲ/ਵਸਤੂ ਜੋ ਪ੍ਰਤਿਸ਼ਠਾ/ਇੱਜ਼ਤ ਦਾ ਪ੍ਰਤੀਕ ਹੋਵੇ) ਦੇ ਰੂਪ ਵਿੱਚ ਕਰਨਾ। ਤੁਹਾਡੀ ਹੈਸੀਅਤ ਕੀ ਹੈ, ਇਹ ਗੱਲ ਅੱਜ ਵੀ ਇਸ ਗੱਲ ਤੋਂ ਆਂਕੀ ਜਾਂਦੀ ਹੈ ਕਿ ਤੁਸਾਂ ਆਪਣੀ ਲੜਕੀ ਦੇ ਵਿਆਹ ਵਿੱਚ ਕਿੰਨਾ ਖਰਚ ਕੀਤਾ ਜਾਂ ਕਿੰਨਾ ਦਹੇਜ ਦਿੱਤਾ ਹੈ। ਸਿੱਖਿਅਤ ਅਤੇ ਅਜ਼ਾਦ ਲੜਕੀ ਵੀ ਅਜਿਹੀ ਲੜਕੀ ਵੀ ਅਜਿਹੀ ਹਾਲਤ ਵਿੱਚ ਕੋਈ ਵਿਰੋਧ ਨਹੀਂ ਕਰ ਪਾਂਦੀ ਹੈ, ਕਿਉਂਕਿ ਉਸਨੇ ਆਪਣੇ ਮਾਤਾ ਪਿਤਾ ਦੀ ਇੱਜ਼ਤ ਦਾ ਮਾਨ ਰੱਖਣਾ ਹੁੰਦਾ ਹੈ।

ਦੂਜੀ ਗੱਲ, ਆਪਣੇ ਪੁੱਤਰ ਦੀ ਸਿੱਖਿਆ ਅਤੇ ਪਾਲਨਪੋਸ਼ਣ ਵਿੱਚ ਹੋਏ ਖਰਚ ਨੂੰ ਮੁੰਡੇ ਵਾਲੇ ਦਹੇਜ ਦੇ ਰੂਪ ਵਿੱਚ ਵਸੂਲਦੇ ਹਨ। ਲੜਕਾ ਕਿੰਨੇ ਉੱਚੇ ਅਹੁੱਦੇ ਉੱਤੇ ਹੈ, ਉਸ ਦੇ ਅਨੁਸਾਰ ਹੀ ਦਹੇਜ ਦੀ ਰਕਮ ਅਤੇ ਵਿਆਹ ਵਿੱਚ ਦਿੱਤੇ ਜਾਣ ਵਾਲੇ ਸਮਾਨ ਨੂੰ ਤੈਅ ਕੀਤਾ ਜਾਂਦਾ ਹੈ। ਲੜਕੇ ਦੇ ਅਹੁੱਦੇ ਦੇ ਨਾਲ ਦਹੇਜ ਵੀ ਵੱਧਦਾ ਜਾਂਦਾ ਹੈ। ਲੜਕੀ ਸੋਚਦੀ ਹੈ ਕਿ ਉਸ ਨੂੰ ਅਜਿਹਾ ਹੋਣਹਾਰ ਅਤੇ ਉੱਚੀ ਤਨਖਾਹ ਪ੍ਰਾਪਤ ਕਰਨ ਵਾਲਾ ਪਤੀ ਮਿਲ ਰਿਹਾ ਹੈ, ਤਾਂ ਦਹੇਜ ਦੇਣਾ ਵੀ ਪੈ ਰਿਹਾ ਹੈ ਤਾਂ ਕੋਈ ਗੱਲ ਨਹੀਂ ਹੈ ਅੱਜ ਵਿਆਹ ਦੋ ਦਿਲਾਂ ਦਾ ਮਿਲਨ ਨਾ ਹੋ ਕੇ ਇੱਕ ਤਰ੍ਹਾਂ ਦਾ ਵਪਾਰਕ ਲੈਣ ਦੇਣ ਬਣ ਗਿਆ ਹੈ।

ਲੜਕੀ ਦੀ ਸਿੱਖਿਆ, ਉਸ ਨੂੰ ਮਿਲੀ ਫੈਸਲਾ ਲੈਣ ਦੀ ਅਜ਼ਾਦੀ ਤਦ ਆਧਾਰਹੀਨ ਹੋ ਜਾਂਦੀ, ਜਦ ਗੱਲ ਯੋਗ ਵਰ ਲੱਭਣ ਦੀ ਆਉਂਦੀ ਹੈ। ਉਸ ਨੂੰ ਮਿਲੀ ਅਜ਼ਾਦੀ ਵੀ ਇਸ ਲਈ ਇਸ ਪ੍ਰਥਾ ਨੂੰ ਖ਼ਤਮ ਕਰਨ ਵਿੱਚ ਅਸਫ਼ਲ ਰਹੀ ਹੈ।

ਲੜਕੀਆਂ ਨਹੀਂ ਜੁਟਾ ਪਾ ਰਹੀਆਂ ਹਿੰਮਤ :- ਘਰ ਦੀ ਦਹਿਲੀਜ ਨੂੰ ਲੰਘ ਕੇ ਅਤੇ ਸਭਨਾਂ ਪ੍ਰਕਾਰ ਦੀਆਂ ਬੇੜੀਆਂ ਨੂੰ ਤੋੜ ਕੇ ਬਾਹਰ ਆਉਣ ਅਤੇ ਖੁੱਲ੍ਹ ਕੇ ਸਾਹ ਲੈਣ ਦੀ ਹਿੰਮਤ ਜੁਟਾਉਣ ਦੇ ਬਾਵਜੂਦ ਲੜਕੀਆਂ ਦਹੇਜ ਦੇ ਮਾਮਲੇ ਵਿੱਚ ਅੱਜ ਵੀ ਪਰੰਪਰਾਵਾਂ ਵਿੱਚ ਨੂੜੀਆਂ ਹੋਈਆਂ ਹਨ। ਦਹੇਜ ਪ੍ਰਥਾ ਨੂੰ ਖਤਮ ਕਰਨ ਦੀ ਹਿੰਮਤ ਆਖਰ ਉਹ ਕਿਉਂ ਨਹੀਂ ਜੁਟਾ ਪਾ ਰਹੀਆਂ ਹਨ? ਫੋਰਟਿਸ ਹਸਪਤਾਲ ਦੀ ਸੀਨੀਅਰ ਕਲੀਨਿਕਲ ਸਾਈਕੋਲੌਜਿਸਟ ਡਾ: ਵੰਦਨਾ ਪ੍ਰਕਾਸ਼ ਜੀ ਦਾ ਕਹਿਣਾ ਹੈ, "ਇਸ ਨਾਲ ਕੀ ਫਰਕ ਪੈਂਦਾ ਹੈ ਕਿ ਲੜਕੀਆਂ ਨੂੰ ਅੱਜ ਆਪਣਾ ਕੈਰੀਅਰ ਬਣਾਉਣ ਜਾਂ ਉੱਚ ਸਿੱਖਿਆ ਪਾਣ ਜਾਂ ਕਿਧਰੇ ਵੀ ਆਉਣ ਜਾਣ ਦੀ ਅਜ਼ਾਦੀ ਮਿਲੀ ਹੈ, ਕਿਉਂਕਿ ਅਸਲੀ ਫਰਕ ਜਿੱਥੇ ਆਉਣਾ ਚਾਹੀਦਾ ਹੈ, ਉਹ ਉਵੇਂ ਦਾ ਉਵੇਂ ਹੈ। ਉਨ੍ਹਾਂ ਦੇ ਪਾਲਨਪੋਸ਼ਣ ਵਿੱਚ ਬਹੁਤ ਜ਼ਿਆਦਾ ਬਦਲਾਅ ਨਹੀਂ ਆਇਆ ਹੈ। ਉਹਨਾਂ ਦੀ ਸੋਚ ਅੱਜ ਵੀ ਇਹੀ ਹੈ ਕਿ ਉਹ ਭਾਵੇਂ ਕਿੰਨੀ ਹੀ ਆਤਮਨਿਰਭਰ ਅਤੇ ਅਜ਼ਾਦ ਕਿਉਂ ਨਾ ਹੋ ਜਾਣ, ਦਹੇਜ ਤਾਂ ਉਹਨਾਂ ਦੇ ਵਿਆਹ ਵਿੱਚ ਮੰਗਿਆ ਹੀ ਜਾਵੇਗਾ ਅਤੇ ਉਸ ਨੂੰ ਦੇਣਾ ਪ੍ਰਬੰਧ ਦਾ ਇੱਕ ਹਿੱਸਾ ਹੈ। ਉਹ ਮੰਨਦੀਆਂ ਹਨ ਕਿ ਦਹੇਜ ਦੇਣਾ ਪ੍ਰਵਾਨਗੀਯੋਗ ਪੱਖ ਹੈ, ਜਿਸਨੂੰ ਨਕਾਰਿਆ ਨਹੀਜਾ ਜਾ ਸਕਦਾ ਹੈ।"

"ਦੂਜੀ ਗੱਲ, ਅੱਜ ਬੇਸ਼ਕ ਉਹ ਉੱਚ ਸ਼ਿਖਰ ਉੱਤੇ ਪਹੁੰਚ ਗਈਆਂ ਹਨ, ਪਰ ਸਾਡਾ ਸਮਾਜ ਉਹਨਾਂ ਨੂੰ ਆਦਮੀਆਂ ਦੇ ਬਰਾਬਰ ਦਰਜਾ ਹਾਲੇ ਵੀ ਨਹੀਂ ਦੇਂਦਾ ਹੈ। ਇਸੀ ਮਾਨਸਿਕਤਾ ਦੇ ਕਾਰਨ ਲੜਕੀਆਂ ਆਪਣੇ ਵਿਆਹ ਵਿੱਚ ਵੱਧ ਤੋਂ ਵੱਧ ਦਹੇਜ਼ ਦੇਣ ਦੀ ਇੱਛਾ ਰੱਖਦੀਆਂ ਹਨ।"

ਦਹੇਜ ਹੁਣ ਲੜਕੀਆਂ ਦੀ ਵੀ ਇੱਛਾ : ਸਾਡੀ ਅਜੋਕੀ ਜੀਵਨਸ਼ੈਲੀ ਦੀਆਂ ਮੰਗਾਂ ਲਗਾਤਾਰ ਜਿੰਨੀ ਤੇਜ਼ੀ ਨਾਲ ਵੱਧ ਰਹੀਆਂ ਹਨ, ਉਸ ਵਿੱਚ ਪਤੀ ਪਤਨੀ ਦੋਹਾਂ ਦੀ ਤਨਖਾਹ ਨਾਲ ਘੱਟ ਗੁਜ਼ਾਰਾ ਹੁੰਦਾ ਹੈ। ਅਜਿਹੇ ਵਿੱਚ (ਜੀਵਨ ਸ਼ੈਲੀ, ਰਹਿਣੀ-ਬਹਿਣੀ) ਬਣਈ ਰੱਖਣ ਅਤੇ ਸਭ ਕੁੱਝ ਜਲਦੀ ਪ੍ਰਾਪਤ ਕਰਨ ਦੀ ਇੱਛਾ ਵਿੱਚ ਲੜਕੀਆਂ ਮਾਤਾ ਪਿਤਾ ਨੂੰ ਜ਼ਿਆਦਾ ਤੋਂ ਜ਼ਿਆਦਾ ਦਹੇਜ ਦੇਣ ਦੇ ਲਈ ਉਕਸਾਉਂਦੀਆਂ ਹਨ।

ਰਾਇਮਾ ਦੀ ਕੁੱਝ ਹੀ ਦਿਨਾਂ ਵਿੱਚ ਸ਼ਾਦੀ ਹੋਣ ਵਾਲੀ ਹੈ। ਉਹ ਇੱਕ ਪ੍ਰਾਈਵੇਟ ਕੰਪਨੀ ਵਿੱਚ ਨੌਕਰੀ ਕਰਦੀ ਹੈ ਅਤੇ ਅਜੋਕੀ ਸੋਚ ਦੇ ਪੱਖ ਵਿੱਚ ਹੈ। ਉਹ ਸਾਦੇ ਤਰੀਕੇ ਵਿੱਚ ਰਹਿਣ ਵਿੱਚ ਵਿਸ਼ਵਾਸ ਕਰਦੀ ਹੈ ਪਰ ਜਦ ਗੱਲ ਦਹੇਜ ਦੀ ਆਈ ਤਾਂ ਉਸ ਦਾ ਕਹਿਣਾ ਸੀ, "ਮੇਰੇ ਭਰਾ ਵਾਂਗ ਪਾਪਾ ਦੀ ਜਾਇਦਾਦ ਉੱਤੇ ਮੇਰਾ ਵੀ ਹੱਕ ਹੈ। ਪਰੰਤੂ ਬਾਦ ਵਿੱਚ ਪਾਪਾ ਨੇ ਆਪਣੀ ਵਸੀਅਤ ਵਿੱਚ ਮੇਰੇ ਨਾ ਕੁੱਝ ਨਹੀਂ ਲਿਖਿਆ ਤਾਂ ਮੈਂ ਕੀ ਕਰਾਂਗੀ? ਇਸ ਲਈ ਮੈਂ ਆਪਣੇ ਵਿਆਹ ਵਿੱਚ ਹਰ ਚੀਜ਼ ਅਤੇ ਕੈਸ਼ ਲੈ ਰਹੀ ਹਾਂ। ਘਰ ਵਸਾਉਣ ਦੇ ਲਈ ਜਿਹੜੀਆਂ-ਜਿਹੜੀਆਂ ਚੀਜਾਂ ਦੀ ਮੈਨੂੰ ਲੋੜ ਪਵੇਗੀ, ਉਹੀ ਤਾਂ ਮੰਗ ਰਹੀ ਹਾਂ। ਮੈਨੂੰ ਇਸ ਵਿੱਚ ਕੋਈ ਬੁਰਾਈ ਨਹੀਂ ਲੱਗਦੀ ਹੈ। ਪਾਪਾ ਜੀ ਜਦ Affoed (ਸਮਰੱਥ ਹੋਣਾ, ਖਰੀਦ ਸਕਣਾ) ਕਰ ਸਕਦੇ ਹਨ ਤਾਂ ਕਿਉਂ ਨਾ ਲਵਾਂ?"

ਤਨਖਾਹ ਵੀ ਪ੍ਰਤੱਖ ਰੂਪ ਵਿੱਚ ਦਹੇਜ ਹੀ : ਪਹਿਲਾਂ ਜਿੱਥੇ ਰੰਗਰੂਪ ਉਨ੍ਹਾਂ ਦੇ ਲਈ ਮਾਇਨੇ ਰੱਖਿਆ ਕਰਦਾ ਸੀ, ਉਥੇ ਅੱਜ ਲੜਕੀ ਦਾ ਤਨਖਾਹ ਪੈਕੇਜ ਵਿਆਹ ਕਰਨ ਦਾ ਮਹੱਤਵਪੂਰਨ ਅਧਾਰ ਬਣ ਗਿਆ ਹੈ। ਸਾਰੀ ਜ਼ਿੰਦਗੀ ਲੜਕੀ ਜੋ ਕਮਾ ਕੇ ਦੇਵੇਗੀ ਉਹ ਕੀ ਕਿਸੇ ਦਹੇਜ ਤੋਂ ਘੱਟ ਹੋਵੇਗਾ?

ਪ੍ਰੋਫੈਸਰ ਤੁਲਸੀ ਪਟੇਲ ਜੀ ਕਹਿੰਦੀ ਹੈ, "ਹਰ ਮਹੀਨੇ ਇੱਕ ਨਿਸ਼ਚਿਤ ਆਮਦਨ ਘਰ ਆਉਂਦੀ ਰਹੇ, ਤਾਂ ਪ੍ਰੱਤਖ ਰੂਪ ਤੋਂ ਉਹ ਦਹੇਜ ਹੀ ਹੈ। ਅੱਜ ਦੇ ਲੜਕੇ ਆਪ ਸਾਰੀਆਂ ਜ਼ੁੰਮੇਵਾਰੀਆਂ ਚੁੱਕਣ ਤੋਂ ਕਤਰਾਂਦੇ ਹਨ ਇਸ ਲਈ ਅਕਸਰ ਅਜਿਹੀ ਲੜਕੀ ਨਾਲ ਵਿਆਹ ਕਰਨਾ ਪਸੰਦ ਕਰਦੇ ਹਨ, ਜੋ ਅਮੀਰ ਪਰਿਵਾਰ ਦੀ ਹੋਵੇ ਅਤੇ ਕਮਾਂਦੀ ਵੀ ਹੋਵੇ। ਇਸ ਤਰ੍ਹਾਂ ਉਨ੍ਹਾਂ ਨੂੰ ਸਾਰੀ ਉਮਰ ਕਿਸੇ ਨਾ ਕਿਸੇ ਰੂਪ ਵਿੱਚ ਦਹੇਜ ਅਤੇ ਪਤਨੀ ਦੀ ਕਮਾਈ ਮਿਲਦੀ ਰਹਿੰਦੀ ਹੈ।"

ਸਵਾਲ ਇਹ ਉੱਠਦਾ ਹੈ ਕਿ ਆਖਰ ਦਹੇਜ ਦਾ ਇਹ ਸ਼ਿਕੰਜਾ ਕੱਦੋਂ ਜਾ ਕੇ ਢਿੱਲਾ ਹੋਵੇਗਾ? ਜਾਂ ਸਮਾਜ ਅਤੇ ਖਾਸ ਕਰਕੇ ਲੜਕੀਆਂ ਦੇ ਨਿਰੰਤਰ ਵਿਕਾਸ ਕਰਦੇ ਰਹਿਣ ਦੇ ਬਾਵਜੂਦ ਇਹ ਪ੍ਰਥਾ ਕਦੋਂ ਤੱਕ ਕਾਇਮ ਰਹੇਗੀ? ਡਾਕਟਰ ਵੰਦਨਾ ਪ੍ਰਕਾਸ਼ ਜੀ ਕਹਿੰਦੀ ਹੈ ਕਿ ਇਹ ਸਮੱਸਿਆ ਤੱਦ ਤੱਕ ਕਾਇਮ ਰਹੇਗੀ, ਜਦ ਤੱਕ ਨੌਜਵਾਨ ਪੀੜ੍ਹੀ ਇਸ ਨੂੰ ਪੂਰੀ ਤਰ੍ਹਾਂ ਤੋਂ ਨਕਾਰੇਗੀ ਨਹੀਂ। ਪੁਰਾਣੀ ਪੀੜ੍ਹੀ ਦਾ ਬਦਲਣਾ ਅਸੰਭਵ ਹੈ, ਪਰ ਨਵੀਂ ਪੀੜ੍ਹੀ ਜਦ ਤੱਕ ਇਸਨੂੰ ਬਿਨਾ ਮਿਹਨਤ ਕੀਤੇ ਮੋਟੀ ਰਕਮ ਪ੍ਰਾਪਤ ਕਰਨ ਦਾ ਜ਼ਰੀਆ ਮੰਨਣਾ ਨਹੀਂ ਛੱਡੇਗੀ, ਤਦ ਤੱਕ ਇਸ ਦਾ ਬੰਧਨ ਢਿੱਲਾ ਨਹੀਂ ਹੋ ਸਕਦਾ ਹੈ।

**ਸੁਮਨ ਬਾਜਪੇਈ ਅਨੁਵਾਦਕ : ਪਵਨ ਰੱਤੋ**